



ਵਰਿਆਮ

ਸਤਿਗੁਰੂ ਜਗਜੀਤ ਸਿੰਘ

ਵਿਸ਼ੇਸ਼ ਅੰਕ

੩੮ਵਾਂ ਸਾਲ ਨਵੰਬਰ ੨੦੧੨


੫੦/-




ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਦਿਵਸ ਦੀਆਂ
ਖੁਸ਼ੀਆਂ ਅਤੇ ਵਧਾਈਆਂ
SJS OVERSEAS
Delhi-Dubai-China
ਸ. ਸੇਵਾ ਸਿੰਘ ਜੀ
ਤੰਬੂਆਂਵਾਲੇ
E-mail :- bpschawla@gmail.com
+91-98710-20061
E-mail :- gursew@yahoo.com
+91-98110-98701



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ

ਵਰਿਆਮ

ਨਵੰਬਰ -੨੦੧੨

ਜਿਲਦ-੩੮

ਅੰਕ- ੧

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧

Office Address :
Monthly WARIAM
Ladowali Road.
Opp. Central Town,
Jalandhar-144001

ਫੋਨ-:੦੧੮੧- ੨੨੨੨੫੪੩ Ph. :0181-2222543 (O)
ਘਰ : ੦੧੮੧-੨੪੫੬੨੮੯ 0181-2456289 (R)

ਵਰਿਆਮ ਦੇ ਦਰ

ਇਹ ਅੰਕ	੫੦-੦੦
ਸਲਾਨਾ ਚੰਦਾ	੨੫੦-੦੦
ਪੰਜ ਸਾਲ ਲਈ	੧੦੦੦-੦੦
ਜੀਵਨ ਮੈਂਬਰ	੨੫੦੦-੦੦
ਵਿਦੇਸ਼ ਲਈ ਹਵਾਈ ਡਾਕ ਰਾਹੀਂ	੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ)

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਰਚਨਾਵਾਂ ਭੇਜਣ ਲਈ ਈ-ਮੇਲ ਦਾ ਪਤਾ :
whitecrossprinters2012@gmail.com
whitecrossprinters@rediffmail.com



ਸਤਿਗੁਰੂ ਜਗਜੀਤ ਸਿੰਘ ਜੀ ਦਾ

ਮਹਾਂ ਪਰਉਪਕਾਰ

ਸੰਪਾਦਕੀ

—ਜਗਦੀਸ਼ ਸਿੰਘ ਵਰਿਆਮ

ਪਿਛਲੇ ਦਿਨੀਂ ਮੇਰੀ ਸਪੁੱਤਰੀ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਦੇ ਦਰਸ਼ਨਾਂ ਨੂੰ ਗਈ। ਉਥੇ ਉਸ ਨੇ ਦੱਸਿਆ ਕਿ ਬਤੀ ਸਾਲ ਪਹਿਲਾਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਉਹਨਾਂ ਦਾ ਅਨੰਦ ਕਾਰਜ (ਵਿਆਹ) ਹੋਇਆ ਸੀ। ਅੱਜ ਉਹਨਾਂ ਦੀ ਆਪਣੀ ਸਪੁੱਤਰੀ ਦਾ ਅਨੰਦ ਕਾਰਜ ਹੋਇਆ ਹੈ। ਮੇਰੇ ਅਵਚੇਤਨ ਵਿਚ ਇਹ ਗੱਲ ਅੜੀ ਰਹੀ। ਜਲੰਧਰ ਦੇ ਇਕ ਸਮਾਗਮ ਵਿਚ ਇਸ ਪ੍ਰਸੰਗ ਨੂੰ ਮੈਂ ਥੋਹੜਾ ਵਧਾ ਕੇ ਦੱਸਿਆ। ਮੈਂ ਕਿਹਾ ਕਿ ਸਤਿਗੁਰੂ ਜੀ ੧੦ ਸਤੰਬਰ ੧੯੫੯ ਨੂੰ ਗੁਰੂ ਆਸਣ ਤੇ ਸਸ਼ੋਭਿਤ ਹੋਏ। (ਦਰਅਸਲ ਇਸ ਦਿਨ ਸਤਿਗੁਰੂ ਪ੍ਰਤਾਪ ਸਿੰਘ ਜੀ ਨਮਿਤ ਪਾਠਾਂ ਦੇ ਭੋਗ ਪਾਏ ਗਏ ਅਤੇ ਬਹੁਤ ਵੱਡਾ ਮੇਲਾ ਹੋਇਆ ਸੀ ਅਤੇ ਜਨਤਕ ਤੌਰ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਸਤਾਰਬੰਦੀ ਹੋਈ ਸੀ। ਗੁਰੂ ਆਸਣ ਉਤੇ ਤਾਂ ਉਹ ਉਸੇ ਦਿਨ ਸਸ਼ੋਭਿਤ ਹੋ ਗਏ ਸਨ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਹ ਦਾ ਓਹਲਾ ਕੀਤਾ ਸੀ) ਖੈਰ! ਸਤਿਗੁਰੂ ਜਗਜੀਤ ਸਿੰਘ ਜੀ ਦੀ ਛੱਤਰ ਛਾਇਆ ਹੇਠ ਅਗਲੇ ਹੀ ਦਿਨ ਅਨੰਦ ਕਾਰਜਾਂ ਦਾ ਪਹਿਲਾ ਸਮਾਗਮ ਹੋਇਆ ਅਤੇ ਇਸ ਸਮਾਗਮ ਵਿਚ ਹੀ ਮੇਰਾ ਵੀ ਅਨੰਦ ਕਾਰਜ ਹੋਇਆ। ਕੋਈ ੨੩ ਸਾਲ ਬਾਦ ਮੇਰੀ ਸਪੁੱਤਰੀ ਦਾ ਹੋਇਆ ਤੇ ਹੁਣ ਮੇਰੀ ਦੋਹਤਰੀ ਦਾ ਹੋਇਆ ਹੈ। ਗੱਲ ਮੈਂ ਸਮਾਜਕ ਰੀਤਾਂ ਦੇ ਪਰੀਵਰਤਨ ਦੀ ਕੀਤੀ ਕਿ ਸਤਿਗੁਰੂ ਜੀ ਨੇ ਕਿਡਾ ਵੱਡਾ ਸਮਾਜਕ ਇਨਕਲਾਬ/ਪ੍ਰਵਰਤਨ ਇਸ ਖੇਤਰ ਵਿਚ ਲਿਆਂਦਾ। ਅੱਜ ਸਿੱਖ ਮੈਰਿਜ ਐਕਟ ਦਾ ਜ਼ਿਕਰ ਕਿਸੇ ਨਾ ਕਿਸੇ ਰੂਪ ਵਿਚ ਅਖਬਾਰਾਂ ਵਿਚ ਆਉਂਦਾ ਹੈ ਪਰ ਸਿੱਖ ਵਿਆਹ ਰੀਤਾਂ ਦਾ ਅਮਲੀ ਰੂਪ ਵਿਚ ਦੂਜੇ ਵਿਆਹਾਂ ਨਾਲੋਂ ਫਰਕ ਨਹੀਂ ਹੁੰਦਾ। ਸਿਰਫ ਪੰਡਿਤਾਂ ਮੌਲਾਨਿਆਂ ਦੀ ਥਾਂ ਸਿੱਖ ਗ੍ਰੰਥੀ ਹੁੰਦੇ ਹਨ ਬਾਕੀ ਵਿਆਹ ਦੇ ਆਡੰਬਰ ਬਰਾਤ ਲੈਣ ਦੇਣ ਦਾਜ ਦਹੇਜ਼ ਅਤੇ ਆਨੇ ਬਹਾਨੇ ਬਣਾਈਆਂ ਸ਼ਗਨ ਰੀਤਾਂ ਰਸਮਾਂ ਅਤੇ ਲੈਣ ਦੇਣ ਦਾ ਲੰਬਾ ਸਿਲਸਿਲਾ ਚਲਦਾ ਹੀ ਹੈ ਜਿਸਦਾ ਭਾਰ ਸਮਾਜ ਵਿਚ ਹੇਠਲੇ ਤਬਕੇ ਭਾਵ ਘੱਟ ਆਮਦਨੀ ਭਾਈਚਾਰੇ ਤੇ ਲਕ ਤੋੜਵਾਂ ਪੈ ਰਿਹਾ ਹੈ...ਪਰ ਮੇਰੇ ਇਸ ਕਥਨ ਦਾ ਪ੍ਰਤੀਕਰਮ ਇਹ ਹੋਇਆ ਹੈ ਕਿ ਕਿੰਨੇ ਹੀ ਲੋਕਾਂ ਰਿਸ਼ਤੇਦਾਰਾਂ ਸਿੰਘਾਂ ਅਤੇ ਬੀਬੀਆਂ ਨੇ ਕਿਹਾ ਕਿ ਸਾਡਾ ਵੀ ਆਨੰਦ ਕਾਰਜ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੀ ਹੋਇਆ ਸੀ। ਤੁਸਾਂ ਜ਼ਿਕਰ ਆਪਣਾ ਹੀ ਕੀਤਾ ਹੈ। ਇਹ ਗੱਲ ਭਾਵੇਂ ਹਲਕੇ ਫੁਲਕੇ ਅੰਦਾਜ਼ ਵਿਚ ਕਹੀ ਗਈ ਪਰ ਮੇਰੇ ਅੰਦਰ ਇਸ ਪਰਸੰਗ ਦੀ ਸੰਗਲੀ ਬਹੁਤ ਦੂਰ ਤਕ ਜੁੜ ਗਈ।

ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਇਹ ਅਨੰਦ ਮਰਿਆਦਾ ਦੀ ਰੀਤ ਦਾ ਆਰੰਭ ੨-੩ ਜੂਨ ਸੰਨ ੧੮੬੩ ਵਿਚ ਨਿਹਾਲ ਸਿੰਘ ਵਾਲਾ ਦੇ ਲਾਗਲੇ ਪਿੰਡ ਖੋਟੇ ਤੋਂ ਕੀਤਾ ਤਾਂ ਇਸਦੀ ਘੋਰ ਵਿਰੋਧਤਾ ਪੁਰਾਤਨ ਪੰਥੀਆਂ ਵਲੋਂ ਕੀਤੀ ਗਈ। ਇਤਿਹਾਸਕ ਤੱਥ ਇਹ ਹੈ ਕਿ ਉਸ ਦਿਨ ੬ ਜੋੜਿਆਂ ਦੇ ਅਨੰਦ ਕਾਰਜ ਪਹਿਲੀ ਵਾਰ ਆਦਿ ਸ੍ਰੀ ਗ੍ਰੰਥ ਸਾਹਿਬ 'ਚ ਦਰਜ ਲਾਵਾਂ ਪੜ੍ਹ ਕੇ ਕੀਤੇ ਗਏ ਸਨ ਅਤੇ ਕੁਝ ਅੰਤਰਜਾਤੀ ਵੀ ਸਨ। ਪੁਲਿਸ ਮੁਦਾਖਲਤ ਨਾਲ ਮੇਲਾ ਬਰਖਾਸਤ ਕੀਤਾ ਗਿਆ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਪੁਲਿਸ ਸਰਵੇਖਣ ਹੇਠ ਥਾਨਿਓਂ ਥਾਨੀਂ ਸ੍ਰੀ ਭੈਣੀ ਸਾਹਿਬ ਪਹੁੰਚਾਇਆ ਗਿਆ ਅਤੇ ਬਹੁਤ ਦਿਨਾਂ ਤਕ ਲੁਧਿਆਣੇ ਕਚਹਿਰੀਆਂ ਵਿਚ ਇਹ ਮਾਮਲਾ ਰਿੜਕਦਾ ਰਿਹਾ। ਸਤਿਗੁਰਾਂ ਦੇ ਪ੍ਰਚਾਰ

ਤੇ ਪਾਬੰਦੀ ਵੀ ਲਾਈ ਗਈ।...

ਇਹ ਪਰਸੰਗ ਤਾਂ ਬਹੁਤ ਵਿਸਥਾਰ ਵਾਲਾ ਹੈ। ਪਰ ਵਿਆਹਾਂ ਸਬੰਧੀ ਸੁਧਾਰ ਲਈ ਜਤਨ ਵੀ ਇਕ ਵੱਡਾ ਸੰਘਰਸ਼ ਬਣਿਆ ਰਿਹਾ। ਕਦੇ ਬਰਾਤਾਂ ਤੇ ਪਾਬੰਦੀ ਕਦੀ ਚੌਲਾਂ ਤੇ ਕੁਰਸੀਆਂ ਮੇਜ਼ਾਂ ਅਤੇ ਅਜਿਹੇ ਹੋਰ ਸੁਧਾਰ ਸਮੇਂ ਸਮੇਂ ਵੱਡਾ ਚੈਲੰਜ ਬਣੇ ਰਹੇ। ਨਾਮਧਾਰੀ ਸਤਿਗੁਰੂ ਸਾਹਿਬਾਨ ਖਾਸ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਨੇ ਇਸ ਪਾਸੇ ਬਹੁਤ ਕੁਝ ਕੀਤਾ ਅਤੇ ਇਥੋਂ ਤੱਕ ਕਿ ਬਰਾਤ ਸਿਸਟਮ ਬਿਲਕੁਲ ਬੰਦ ਕਰਕੇ, ਘਰੀਂ ਵਿਆਹ ਕਰਨੇ ਹੀ ਬੰਦ ਕਰ ਕੇ ਮੇਲਿਆਂ ਵਿਚ ਸਮੂਹਿਕ ਤੌਰ ਤੇ ਸ਼ਾਦੀਆਂ ਕਰਨ ਦਾ ਰਿਵਾਜ ਚਾਲੂ ਕੀਤਾ।

ਕਾਰਜ ਔਖਾ ਸੀ, ਸਮਾਜ ਦੇ ਸਰਦੇ ਪੁੱਜਦੇ ਅਤੇ ਸਿਰਕੱਢ ਧਨਾਢ ਵਿਅਕਤੀਆਂ ਵਲੋਂ ਆਨੇ ਬਹਾਨੇ ਅੜਿਕੇ ਡਾਹੇ ਜਾ ਰਹੇ ਸਨ। ਉਂਝ ਵੀ ਆਮ ਲੋਕਾਂ ਦੀ ਮਾਨਸਿਕਤਾ ਪੁਰਾਣੀਆਂ ਰੀਤੀਆਂ ਨਾਲੋਂ ਤੋੜਨੀ ਮੁਸ਼ਕਲ ਹੁੰਦੀ ਹੈ ਅਤੇ ਇਸ ਤੋਂ ਇਲਾਵਾ ਬੀਬੀਆਂ ਦਾ ਇਕ ਗੁਪਤ ਸ਼ਾਸਤਰ ਵੀ ਚਲਦਾ ਹੈ ਜੋ ਆਪਣੀ ਮਨਮਰਜ਼ੀ ਦੀਆਂ ਰੀਤਾਂ ਚਲਾਉਂਦਾ ਹੈ। ਲਲਕਾਰ ਤਾਂ ਬਹੁਤ ਵੱਡੀ ਸੀ ਪਰ ਪਰ ਗੁਰੂਘਰ ਦੀ ਪ੍ਰਾਪਤੀ ਅਤੇ ਸਮਰੱਥਾ ਹੈਰਾਨਕੁੰਨ ਰਹੀ ਕਿ ਵੱਡੀ ਗਿਣਤੀ ਵਿਚ ਲੋਕਾਂ ਨੇ ਵਿਆਹ ਮੇਲਿਆਂ ਵਿਚ ਅਨੰਦ ਰੀਤੀ ਨਾਲ ਬੀਬੀਆਂ ਦੇ ਨੰਗੇ ਮੂੰਹ ਫੇਰੇ ਕਰਨੇ ਪਰਵਾਨ ਕੀਤੇ ਅਤੇ ਅੱਜ ਤੱਕ ਜਾਰੀ ਹਨ।

ਇਹ ਕਾਮਯਾਬੀ ਤਾਂ ਗੁਰੂ ਘਰ ਦੀ ਬੇਮਿਸਾਲ ਸੀ ਪਰ ਲੋਕਾਂ ਨੇ ਅਨੰਦ ਕਾਰਜਾਂ ਤੋਂ ਬਾਦ ਘਰ ਜਾ ਕੇ 'ਵਿਆਹ' ਕਰਨੇ ਸ਼ੁਰੂ ਕਰ ਦਿੱਤੇ। ਕਿਸੇ ਨਾ ਕਿਸੇ ਬਹਾਨੇ ਘਰੀਂ ਮੁੜ ਇਕੱਠ ਕਰਨੇ ਸ਼ੁਰੂ ਕਰ ਦਿੱਤੇ। ਕਿਸੇ ਨੇ ਅਖੰਡ ਪਾਠ ਦਾ ਬਹਾਨਾ ਬਣਾ ਲਿਆ ਕਿਸੇ ਨੇ ਧਾਰਮਕ ਦੀਵਾਨ ਦਾ ਕਿਸੇ ਨੇ ਮਿਲਣੀ ਮੁਕਲਾਵੇ ਜਾਂ ਹੋਰ ਨਾਂਅ ਹੇਠ। ਇਹ ਠੀਕ ਹੈ ਕਿ ਅਜਿਹੇ ਅਵਸਰ, ਸ਼ਾਦੀ ਵਿਆਹ ਦੇ ਮੌਕੇ ਹਰ ਫਿਰਕੇ ਦੇ ਧਰਮ ਗੁਰੂ ਵਾਸਤੇ, ਪਰਚਾਰਕਾਂ ਰਾਗੀਆਂ ਢਾਡੀਆਂ ਜਥੇਦਾਰਾਂ ਅਤੇ ਹੋਰ ਬਹੁਤ ਸਾਰੇ ਲੋਕਾਂ ਵਾਸਤੇ, ਇਹ ਤਗੜੀ ਕਮਾਈ ਦਾ ਅਵਸਰ ਹੁੰਦੇ ਹਨ ਅਤੇ ਇਹਨਾਂ ਉਤੇ ਰੋਕ ਕੋਈ ਬਰਦਾਸ਼ਤ ਨਹੀਂ ਕਰਦਾ ਅਤੇ ਰੋਕਣ ਵਾਲਿਆਂ ਦੀ ਹਰਮਨਪਿਆਰਤਾ ਵਿਚ ਫਰਕ ਪੈਂਦਾ ਹੈ ਪਰ ਇਹਨਾਂ ਸਭ ਗੱਲਾਂ ਨੂੰ ਲਾਂਭੇ ਰੱਖ ਕੇ ਇਕੱਲੇ ਸਤਿਗੁਰੂ ਜਗਜੀਤ ਸਿੰਘ ਜੀ ਹਨ ਜਿਨ੍ਹਾਂ ਆਪਣੇ ਸਭ ਤੋਂ ਪਿਆਰਿਆਂ ਸੱਕਿਆਂ ਸੋਧਰਿਆਂ ਰਿਸ਼ਤੇਦਾਰਾਂ ਦੀ ਪਰਵਾਹ ਨਾ ਕਰਦੇ ਹੋਏ ਆਮ ਲੋਕਾਂ ਗਰੀਬਾਂ ਕਿਰਤੀਆਂ ਅਤੇ ਮਜ਼ਦੂਰਾਂ ਦੇ ਹਿਤਾਂ ਦੀ ਰਾਖੀ ਲਈ ਬਹੁਤ ਵੱਡੇ ਧਨਾਢ ਨੀਮ ਧਨਾਢ ਵਰਗ ਨਾਲ ਲੋਹਾ ਲਿਆ। ਇਹ ਸ਼ਾਇਦ ਹੋਰ ਕੋਈ ਸਮਾਜ ਸੁਧਾਰਕ ਨੇਤਾ ਜਾਂ ਗੁਰੂ ਪੀਰ ਨਹੀਂ ਕਰ ਸਕਿਆ।

ਇਸ ਪਰਸੰਗ ਵਿਚ ਜਲੰਧਰ ਵਿਚ ਹੋਏ ਇਕ ਬਹੁਤ ਵੱਡੇ ਧਾਰਮਕ ਸਮਾਗਮ ਦਾ ਜ਼ਿਕਰ ਕਰਨਾ ਬੇਲੋੜਾ ਨਹੀਂ। ਜਲੰਧਰ ਦੇ ਪ੍ਰਤਾਪ ਬਾਗ ਵਿਚ ਇਕ ਬਹੁਤ ਵੱਡੀ ਅੰਤਰਾਸ਼ਟਰੀ ਸੰਸਥਾ ਦਾ ਧਰਮ ਸੰਮੇਲਨ ਸੀ। ਬੰਗਾਲ ਤੋਂ ਮੰਨੇ ਪਰਮੰਨੇ ਧਰਮ ਗੁਰੂ ਅਤੇ ਸਾਰੀ ਸੰਪਰਦਾ ਦੇ ਪੈਰੋਕਾਰ ਤਿੰਨ ਦਿਨ ਲਗਾਤਾਰ ਬਹੁਤ ਸ਼ਰਧਾ ਅਤੇ ਮਸਤੀ ਵਿਚ ਕੀਰਤਨ ਕਰ ਰਹੇ ਸਨ। ਇਕ ਸਮਾਗਮ ਵਿਚ ਉਸ ਵਕਤ ਰਾਜ ਸਭਾ ਦੇ ਮੈਂਬਰ ਲਾਲਾ ਜਗਤ ਨਰਾਇਣ ਹਿੰਦ ਸਮਾਚਾਰ ਵਾਲੇ ਮੁੱਖ ਮਹਿਮਾਨ ਸਨ। ਲਾਲਾ ਜੀ ਨੇ ਆਪਣੇ ਭਾਸ਼ਨ ਵਿਚ ਕਿਹਾ ਕਿ ਸਾਨੂੰ ਦਾਜ ਦਹੇਜ ਰਹਿਤ ਸ਼ਾਦੀਆਂ ਕਰਨੀਆਂ ਚਾਹੀਦੀਆਂ ਹਨ। ਉਹਨਾਂ ਵੰਗਾਰ ਪਾਈ ਕਿ ਹੱਥ ਖੜੇ ਕਰ ਕੇ ਦੱਸੋ ਕਿ ਕੌਣ ਕੌਣ ਅੱਜ ਤੋਂ ਇਹ ਪਰਣ ਲੈਂਦਾ ਹੈ। ਸਾਰੇ ਪਾਸੇ ਵੇਖਿਆ ਕੋਈ ਹੱਥ ਖੜਾ ਨਾ ਹੋਇਆ। ਆਖਰ ਇਕ ਬੰਦੇ ਨੇ ਹੱਥ ਖੜਾ ਕੀਤਾ। ਲਾਲਾ ਜੀ ਨੇ ਕਿਹਾ ਕਿ ਚਲੋ ਇਕ ਬੰਦਾ ਹੀ ਸਹੀ ਉਸਨੇ ਹੱਥ ਖੜਾ ਕੀਤਾ ਹੈ ਪਰ ਉਸ ਬੰਦੇ ਨੇ ਉਲਟਾ ਇਹ ਸਵਾਲ ਕਰ ਦਿੱਤਾ ਕਿ ਜੇ ਦਾਜ ਦਹੇਜ਼ ਬੰਦ ਕਰ ਦਿੱਤਾ ਤਾਂ ਸਾਡੀਆਂ ਤਾਂ ਦੁਕਾਨਾਂ ਬੰਦ ਹੋ ਜਾਣਗੀਆਂ। ਲਾਲਾ ਜੀ ਕਿਹਾ ਬਹਿ ਜਾ ਤੂੰ ਤਾਂ ਦਾਜ ਦੇ ਹੱਕ ਵਿਚ ਹੈ। ਕੋਈ ਹੋਰ ਲੀਡਰ ਜਾਂ ਗੁਰੂ ਇਸ ਮਸਲੇ ਤੇ ਨਾ ਬੋਲਿਆ। ਮਾਯੂਸ ਲਾਲਾ ਜੀ ਬਾਅਦ ਵਿਚ ਪਬਲਿਕ ਵਿਚ ਖੜੇ ਸਨ। ਮੈਨੂੰ ਵੇਖ ਕੇ ਕਹਿਣ ਲੱਗੇ ਇਹ ਤੁਸੀਂ ਹੀ ਹੋ ਜੋ ਕਰ ਸਕਦੇ ਹੋ ਹੋਰ ਕੋਈ ਨਹੀਂ।

ਸ੍ਰੀ ਭੈਣੀ ਸਾਹਿਬ ਦੇ ਇਕ ਵੱਡੇ ਮੇਲੇ ਤੇ ਨਾਮਧਾਰੀ ਦਰਬਾਰ ਦੀ ਇਕ ਮੀਟਿੰਗ ਵਿਚ ਇਸ ਗੱਲ ਤੇ ਵਿਚਾਰ ਫਸੀ ਹੋਈ ਸੀ ਕਿ ਅਨੰਦ ਕਾਰਜ ਤੋਂ ਬਾਅਦ ਲੜਕੀ ਵਾਲਿਆਂ ਦੇ ਘਰ ਕਿੰਨੇ ਕੁ ਬੰਦੇ ਜਾਣ। ਸਤਿਗੁਰੂ ਜੀ ਵਲੋਂ ਇਹ ਆਦੇਸ਼ ਸੀ ਕਿ ਤੁਸੀਂ ਫੈਸਲਾ ਕਰ ਕੇ ਮੈਨੂੰ ਦੱਸੋ ਕਿ ਕਿੰਨੇ ਬੰਦੇ ਜਾਣ। ਗਿਆਰਾਂ ਜਾਂ ਇਕੀ ਜਾਂ ਜਿੰਨੇ ਵੀ ਪਰ ਸ਼ਰਤ ਇਹ ਹੈ ਕਿ ਜੋ ਤੁਸੀਂ ਪਾਸ ਕਰੋ ਮੈਨੂੰ ਵੀ ਮਨਜ਼ੂਰ ਹੈ ਪਰ ਉਸ ਤੋਂ ਇਕ ਵੀ ਬੰਦਾ ਵੱਧ ਨਾ ਹੋਵੇ।.. ਬਹਿਸ ਚਲ ਰਹੀ ਸੀ ਕਿ ਇਕ ਬਾਗੜੀ ਚੌਧਰੀ ਉਥੇ ਹਾਜ਼ਰ ਸੀ। ਉਸ ਕਿਹਾ ਮੇਰਾ ਬੋਲਣ ਦਾ ਤਾਂ ਕੋਈ ਹੱਕ ਨਹੀਂ ਪਰ ਮੈਂ ਬੜੇ ਚਿਰ ਤੋਂ ਸੁਣ ਰਿਹਾ ਹਾਂ ਤੁਹਾਡੀਆਂ ਗੱਲਾਂ ਜ਼ਰਾ ਮੇਰੀ ਵੀ ਬੇਨਤੀ ਸੁਣ ਲਵੋ। ਉਸ ਕਿਹਾ ਸਾਡੇ ਸਮਾਜ ਵਿਚ ਮੁੰਡਿਆਂ ਦੇ ਮੁਲ ਪੈਂਦੇ ਹਨ ਲਖਾਂ ਰੁਪਏ 'ਚ। ਰਿਸ਼ਤੇ ਕਰਨੇ ਮੁਸ਼ਕਲ ਹਨ ਘਰੋਂ ਘਰੀਂ ਹਾਲ ਇਹ ਹੋਇਆ ਪਿਆ ਹੈ ਕਿ ਰਿਸ਼ਤੇ ਵਿਆਹ ਸ਼ਾਦੀਆਂ 'ਚ ਅਸੀਂ ਬਰਬਾਦ ਕੰਗਾਲ ਹੋਏ ਪਏ ਹਾਂ ਪਰ ਬਾਹਰੀ ਸ਼ਾਨ ਕਾਇਮ ਰੱਖਣ ਲਈ ਅਸੀਂ ਮਜਬੂਰ ਹਾਂ ਪਰ ਅੰਦਰੋਂ ਘੁਣ ਲੱਗਾ ਹੈ ਅਸੀਂ ਦੁਖੀ ਹਾਂ। ਸਾਡੀ ਬਾਂਹ ਫੜਣ ਵਾਲਾ ਕੋਈ ਨਹੀਂ। ਤੁਹਾਡੇ ਬਜ਼ੁਰਗਾਂ ਨੇ ਐਸੇ ਅਸੂਲ ਬਣਾਏ ਹਨ ਕਿ ਤੁਸੀਂ ਸਭ ਬੀਮਾਰੀਆਂ ਤੋਂ ਆਜ਼ਾਦ ਹੋ। ਰੱਬ ਦਾ ਵਾਸਤਾ ਜੇ ਇਹ ਸੁਖ ਬਣਾਈ ਰੱਖੋ ਜੋ ਤੁਹਾਡੇ ਮਾਲਿਕ ਆਖਦੇ ਹਨ ਉਹ ਹੀ ਗੱਲ ਮੰਨੋ। ਨਵੀਂ ਗੱਲ ਨਾ ਕਰੋ ਜੋ ਨਾ ਤੁਸੀਂ ਕਰ ਸਕੋ ਸਗੋਂ ਪਾਪ ਕਰ ਬੈਠੋ। ਮੀਟਿੰਗ ਵਿਚ ਹੋਰ ਨਾ ਕੁਝ ਹੋਣਾ ਸੀ ਨਾ ਹੋਇਆ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਇਹ ਉਪਕਾਰ ਨਹੀਂ ਸਗੋਂ ਮਹਾਂਉਪਕਾਰ ਹੈ ਜੋ ਹਮਾਤੜ ਗਰੀਬ ਸਿੱਖਾਂ ਤੇ ਉਹਨਾਂ ਕੀਤਾ ਹੈ ਕਿ ਕਈ ਕਈ ਘਰਾਂ ਵਿਚ ਕਿੰਨੀਆਂ ਬਚੀਆਂ ਹੋਣ ਦੇ ਬਾਵਜੂਦ ਉਹਨਾਂ ਦੇ ਵਿਆਹ ਦੀ ਕੋਈ ਸਮੱਸਿਆ ਨਹੀਂ ਆਈ। ਸਤਿਗੁਰਾਂ ਦੀ ਹਜ਼ੂਰੀ ਵਿਚ ਅਨੰਦ ਕਾਰਜ ਹੋਣ ਦੀਆਂ ਉਗਾਹੀਆਂ ਤਾਂ ਬਹੁਤ ਭਰਦੇ ਹਨ ਪਰ ਇਸ ਤੋਂ ਵੀ ਵੱਧ ਸੰਖਿਆ ਹੈ ਜਿਨ੍ਹਾਂ ਦੇ ਰਿਸ਼ਤੇ ਗੁਰੂ ਸਾਹਿਬ ਨੇ ਖੁਦ ਤੈਅ ਕਰਵਾਏ ਅਤੇ ਉਹ ਸੁਖੀ ਜ਼ਿੰਦਗੀ ਭੋਗ ਰਹੀਆਂ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰੋਪਕਾਰਾਂ ਨੂੰ ਯਾਦ ਕਰਕੇ ਸ਼ਰਧਾ ਅਤੇ ਵਿਸਮਾਦ ਵਿਚ ਬਹੁਤ ਲੋਕ ਆਉਂਦੇ ਹਨ ਪਰ ਇਸਦੇ ਬਾਵਜੂਦ ਵੀ ਨਾਲ ਨਾਲ ਉਹ ਅਨੰਦ ਕਾਰਜ ਤੋਂ ਪਹਿਲਾਂ ਜਾਂ ਬਾਅਦ ਵਿਚ ਜਾਣਦੇ ਅਣਜਾਣਦੇ ਅਵੱਗਿਆ ਕਰ ਜਾਂਦੇ ਹਨ। ਘਰ ਤੋਂ ਬਾਹਰ ਸ਼ਹਿਰ ਤੋਂ ਬਾਹਰ ਹੋਰ ਜਗਹ ਤੇ ਹੋਟਲ ਜਾਂ ਪੈਲਸ ਵਿਚ ਸ਼ਗਨ ਠਾਕੇ ਜਾਂ ਰਿੰਗ ਸੈਰੇਮਨੀ ਦੇ ਬਹਾਨੇ ਇਹ ਅਵੱਗਿਆ ਹੁੰਦੀ ਹੈ ਜੋ ਬਹੁਤ ਸਮਰੱਥ ਲੋਕਾਂ ਵਲੋਂ ਹੁੰਦੀ ਹੈ। ਸਮਰੱਥ ਗੁਰੂ ਦੇ ਰੂਬਰੂ ਇਸ ਤੋਂ ਬੱਚਣਾ ਚਾਹੀਦਾ ਹੈ। ਉਸ ਬਾਗੜੀ ਚੌਧਰੀ ਦੀ ਵਾਰਨਿੰਗ ਯਾਦ ਰੱਖਣੀ ਚਾਹੀਦੀ ਹੈ।

ਇਹ ਅੰਕ

ਵਰਿਆਮ ਦਾ ਇਹ ਵਿਸ਼ੇਸ਼ ਅੰਕ ਇਸ ਪਰਸੰਗ ਦਾ ਪੰਜਵਾਂ ਅੰਕ ਹੈ। ਹਰ ਵਾਰ ਨਵੀਂ ਸਮੱਗਰੀ ਛਾਪੀ ਜਾਂਦੀ ਹੈ ਪਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਇਤਿਹਾਸ ਦੇ ਸਾਰੇ ਪਹਿਲੂ ਕਦੇ ਵੀ ਕਲਾਵੇ ਵਿਚ ਨਹੀਂ ਆਏ। ਬਸ ਐਵੇਂ ਕੁਝ ਕੁਝ ਝਲਕ ਮਾਤਰ ਹੀ ਅਸੀਂ ਪ੍ਰਾਪਤ ਕਰ ਸਕਦੇ ਹਾਂ। ਏਡੇ ਵੱਡੇ ਕਾਰਜ ਨੂੰ ਕਰਦਿਆਂ ਸਮੇਟਦਿਆਂ ਅਵਸ਼ ਹੀ ਪ੍ਰਤੱਖ ਅਤੇ ਅਪ੍ਰਤੱਖ ਗਲਤੀਆਂ ਊਣਤਾਈਆਂ ਰਹਿ ਗਈਆਂ ਹਨ। ਸਾਡੇ ਵਲੋਂ ਵੱਧ ਤੋਂ ਵੱਧ ਐਡਜਸਟ ਕਰਨ ਦੇ ਜਤਨਾਂ ਦੇ ਬਾਵਜੂਦ ਬਹੁਤ ਸਾਰੀਆਂ ਵਡਮੁੱਲੀਆਂ ਲਿਖਤ ਵੀ ਛਪਣੋ ਰਹਿ ਗਈਆਂ ਹਨ। ਕਈਆਂ ਦਾ ਅਸਥਾਨ ਵੀ ਅੱਗੇ ਪਿਛੇ ਹੋ ਗਿਆ ਹੈ। ਬਹੁਤ ਸਾਰੀਆਂ ਅਵੱਗਿਆਵਾਂ ਦੇ ਰੂਬਰੂ ਸਾਡੀ ਬੇਨਤੀ ਹੈ ਕਿ ਬਸ ਬਖਸ਼ ਹੀ ਦਿਓ ਜੀ। ਪਾਠਕਾਂ ਲੇਖਕਾਂ ਦੇ ਵੱਡਮੁਲੇ ਸਹਿਯੋਗ ਲਈ ਤਾਂ ਧੰਨਵਾਦ ਹੀ ਹੈ। ਵਾਈਟ ਕ੍ਰਾਸ ਪ੍ਰਿੰਟਰਜ਼ ਪ੍ਰੈਸ ਵਾਲਿਆਂ ਸਾਡੀ ਆਸ ਤੋਂ ਵਧ ਸਹਿਯੋਗ ਅਤੇ ਸਮਰਥਨ ਦਿੱਤਾ ਹੈ ਬਹੁਤ ਬਹੁਤ ਧੰਨਵਾਦ। ਜਿਨ੍ਹਾਂ ਨੇ ਮਹਾਨ ਸਹਿਯੋਗ ਦਿੱਤਾ ਹੈ ਉਹਨਾਂ ਦੇ ਨਾਂਅ ਸਾਡੇ ਹਿਰਦੇ ਵਿਚ ਅੰਕਿਤ ਹਨ। ਭੁਲ ਚੁੱਕ ਦੀ ਖਿਮਾ ਬਖਸ਼ਦੇ ਹੋਏ ਇਹ ਅੰਕ ਦਾ ਢੋਆ ਪਰਵਾਨ ਕਰਨਾ ਅਤੇ ਅਜਿਹੇ ਉਦਮਾਂ ਨੂੰ ਜਾਰੀ ਰੱਖਣ ਦੀ ਸਮਰੱਥਾ ਬਖਸ਼ਣਾ ਜੀ।

—ਜਗਦੀਸ਼ ਸਿੰਘ ਵਰਿਆਮ

ਵਾਹੁ! ਵਾਹੁ! ਵਾਹੁ! ਵਾਹੁ!

ਗੁਰੂ ਜਗਜੀਤ ਹੈ



ਪ੍ਰੋ. ਕ੍ਰਿਪਾਲ ਸਿੰਘ ਕਸੇਲ



ਦੀਨ ਦੁਖੀ ਦਾ ਸਹਾਏ,
ਦਾਤ ਨਾਮ ਵਰਤਾਏ,
ਸ਼ਹਿਨਸ਼ਾਹਾਂ ਵਾਲੀ ਰੀਤ ਹੈ।
ਨੇਮ-ਪ੍ਰੇਮ ਵਿਚ ਪੂਰਾ,
ਗੁਰੂ ਕਰਨੀ ਦਾ ਸੂਰਾ,
ਸੰਤ ਖ਼ਾਲਸੇ ਦਾ ਮੀਤ ਹੈ।
ਬਹੁਗੁਣਾਂ ਦਾ ਭੰਡਾਰ,
ਸਹਿਜ ਸ਼ਾਂਤੀ ਅਵਤਾਰ,
ਮਿੱਠਾ ਮਧੁਰ ਸੰਗੀਤ ਹੈ।
ਵਾਹੁ ! ਵਾਹੁ ! ਵਾਹੁ ! ਵਾਹੁ !
ਗੁਰੂ ਜਗਜੀਤ ਹੈ।

ਨਾਮਧਾਰੀ ਫੁੱਲਵਾੜੀ,
ਗੁਰੂ ਰਾਮ ਨੇ ਸਵਾਰੀ,
ਸੰਤ ਖ਼ਾਲਸਾ ਪੁਨੀਤ ਹੈ।
ਗੁਰੂ ਹਰੀ, ਹਰੀ ਰਖੀ,
ਵਡ ਪ੍ਰਤਾਪ ਵਾਲੀ ਸਿਖੀ,
ਵਧੀ ਫ਼ਲੀ ਨਿਤਾਨੀਤ ਹੈ।
ਆਈ ਨਵੀਂ ਹਰਿਆਲੀ,
ਨਵੀਂ ਮਹਿਕ ਨਵੀਂ ਲਾਲੀ,
ਵਾਲੀ ਸਤਿਗੁਰੂ ਮੀਤ ਹੈ।
ਵਾਹੁ ! ਵਾਹੁ ! ਵਾਹੁ ! ਵਾਹੁ !
ਗੁਰੂ ਜਗਜੀਤ ਹੈ।

ਗੁਰੂ ਨਾਨਕ ਮਹਾਨ,
ਖ਼ਾਤਰ ਜਗਤ ਕਲਿਆਣ,
ਤੋਰੀ ਸਿਖੀ ਵਾਲੀ ਰੀਤ ਹੈ।
ਸਤਿ ਨਾਮ ਨੂੰ ਜਪਾਇਆ
ਗੁਰੂ-ਜੋਤ ਨੂੰ ਜਗਾਇਆ
ਸਤਿ-ਸੰਗਤ ਪੁਨੀਤ ਹੈ।

ਹੋਇਆ ਸੋਦਰੀ ਸੰਗੀਤ,
ਕਥਾ-ਕੀਰਤਨ ਦੀ ਰੀਤ,
ਸਾਜ-ਵਜਣ ਨਿਤਾਨੀਤ ਹੈ।
ਵਾਹੁ ! ਵਾਹੁ ! ਵਾਹੁ ! ਵਾਹੁ !
ਗੁਰੂ ਜਗਜੀਤ ਹੈ।

ਰਾਈਆਂ ਨਗਰ ਸੁਗ੍ਰਾਮ,
ਜਿਥੇ ਪ੍ਰਗਟੇ ਗੁਰੂ ਰਾਮ,
ਕੀਤੀ ਸਿਖੀ ਸੁਰਜੀਤ ਹੈ।
ਸੰਤ ਖ਼ਾਲਸਾ ਪ੍ਰਕਾਸ਼,
ਮਹਾਂ-ਮਲੇਸ਼ ਵਾਲਾ ਨਾਸ਼,
ਚਲੀ ਗੁਰੂ ਵਾਲੀ ਰੀਤ ਹੈ।
ਸਜਿਆ ਪੰਥ ਨਾਮਧਾਰੀ,
ਜਾਗ ਪਈ ਕੌਮ ਸਾਰੀ,
ਕਢੋ ਫ਼ਰੰਗੀ ਬਦਨੀਤ ਹੈ।
ਵਾਹੁ ! ਵਾਹੁ ! ਵਾਹੁ ! ਵਾਹੁ !
ਗੁਰੂ ਜਗਜੀਤ ਹੈ।

ਮੌਲੀ ਬਸੰਤ ਬਹਾਰ,
ਮਿਲਿਆ ਨਾਮ ਦਾ ਅਧਾਰ,
ਕੂਕੇ ਕੋਇਲ ਵਾਲਾ ਗੀਤ ਹੈ।
ਚਰਨ-ਕੰਵਲਾਂ ਦੀ ਟੇਕ,
ਆਏ ਭੌਰੇ ਸੀ ਅਨੇਕ,
ਗੁਰੂ-ਘਰ ਦੀ ਪ੍ਰੀਤ ਹੈ।
ਕਹਿੰਦੇ ਹੋਊ ਪ੍ਰਭਾਤ,
ਮੁਕੂ ਗ਼ਮਾਂ ਵਾਲੀ ਰਾਤ,
ਰਾਮ-ਰਾਜ ਲੋਕ-ਗੀਤ ਹੈ।
ਵਾਹੁ ! ਵਾਹੁ ! ਵਾਹੁ ! ਵਾਹੁ !
ਗੁਰੂ ਜਗਜੀਤ ਹੈ।



ਮਾ. ਅਮਰੀਕ ਸਿੰਘ

ਅਲਖ ਜਗਾਵਾਂਗੇ

ਗੁਰ ਜਗਜੀਤ ਦੇ ਦਰ ਤੇ ਅਲਖ ਜਗਾਵਾਂਗੇ,
ਔਗੁਣ ਆਪਣੇ ਸਾਰੇ ਅੱਜ ਬਖ਼ਸ਼ਾਵਾਂਗੇ।
ਉਸ ਦਰ ਤੇ ਦੱਸ ਕਿਹੜੀ ਗੱਲ ਦਾ ਘਾਟਾ ਏ,
ਬਖ਼ਸ਼ਸ਼ ਕਰ ਕੇ ਭਰਦਾ ਸਭ ਦਾ ਬਾਟਾ ਏ,
ਮਨ ਚਿੰਦਿਆਂ ਫਲ ਹਰ ਇਕ ਓਥੋਂ ਪਾਵਾਂਗੇ।
ਸਰਨ ਪਿਆਂ ਦੀਆਂ ਬਦਲ ਦਵੇ ਤਕਦੀਰਾਂ ਨੂੰ,
ਤੋੜ ਦਵੇ ਹਰ ਤੰਗੀ ਦੀਆਂ ਜ਼ੰਜੀਰਾਂ ਨੂੰ,
ਅਸੀਂ ਵੀ ਸਾਰੇ ਮਸਲੇ ਹੱਲ ਕਰਾਵਾਂਗੇ।
ਭੈੜੇ ਤੋਂ ਵੀ ਭੈੜੇ ਨੂੰ ਉਹ ਭੁੱਲਦਾ ਨਹੀਂ,
ਕੌਣ ਹੈ ਜਿਸਦਾ ਪਾਸਾ ਆਪ ਉਹ ਥੁੱਲਦਾ ਨਹੀਂ,
ਚਲ ਕੇ ਓਥੇ ਉਸਦਾ ਸ਼ੁਕਰ ਮਨਾਵਾਂਗੇ।
ਧਰਤੀ ਤੇ ਇਕ ਸਵਰਗ ਓਸ ਦਾ ਦੁਆਰਾ ਏ,
ਰੁੜ੍ਹੇ ਜਾਂਦਿਆਂ ਤਾਈਂ ਮਿਲੇ ਕਿਨਾਰਾ ਏ,
ਮੁਕਤੀ ਦਾ ਦਰ ਅਸੀਂ ਵੀ ਅੱਜ ਖੜਕਾਵਾਂਗੇ।
ਛੱਡ ਭਰੋਸੇ ਝੂਠੇ ਉਸ ਦਰ ਜਾਣਾ ਏਂ,
ਹੋਰ ਕਿਤੇ ਹੁਣ ਜਾ ਨਾ ਟੱਪਲਾ ਖਾਣਾ ਏ,
ਰਾਮ ਸਰੋਵਰ ਵਿਚ ਤਾਰੀਆਂ ਲਾਵਾਂਗੇ।
ਸੁਣਿਆ ਓਥੇ ਹੜ੍ਹ ਰਹਿਮਤ ਦਾ ਚੌੜਿਆ ਏ,
ਇਸ ਹੜ ਅੱਗੇ ਦੁਖ ਨਾ ਕੋਈ ਅੜਿਆ ਏ,
ਅੱਜ ਅਮਰੀਕ ਨੂੰ ਆਪਣੇ ਸੰਗ ਰਲਾਵਾਂਗੇ।

ਸਮੁੰਦਰੋਂ ਡੂੰਘਾ

ਗੁਰ ਜਗਜੀਤ ਸਮੁੰਦਰੋਂ ਡੂੰਘਾ ਤਹਿ ਤੱਕ ਨਹੀਂ ਮੈਂ ਜਾ ਸਕਦਾ।
ਉਹ ਖੁੱਲ੍ਹਾ ਆਕਾਸ਼ ਹੈ ਜਿਸਦਾ ਅੰਤ ਨਹੀਂ ਮੈਂ ਪਾ ਸਕਦਾ।
ਉੱਚਾ ਬਹੁਤ ਹਿਮਾਲੀਆ ਨਾਲੋਂ ਬੜਾ ਹੀ ਔਖਾ ਸਰ ਕਰਨਾਂ,
ਜੋ ਇਸਨੂੰ ਸਰ ਕਰਨਾਂ ਚਾਹੇ, ਪ੍ਰੀਤ ਪੌੜੀਆਂ ਲਾ ਸਕਦਾ।
ਸੂਰਜ ਤੋਂ ਵੀ ਤੇਜਵੰਤ ਹੈ, ਚੰਨ ਤੋਂ ਕਿਤੇ ਠੰਢੇਰਾ ਏ,
ਇਕ ਵੇਰਾਂ ਜੇ ਹੋਵਨ ਦਰਸ਼ਨ ਨਹੀਂ ਭੁਲਾਇਆ ਜਾ ਸਕਦਾ।
ਕਿਸ ਦੇ ਨਾਲ ਦਿਆਂ ਮੈਂ ਤੁਲਨਾ ਹਰ ਤੁਲਨਾਂ ਹੀ ਛੋਟੀ ਏ,
ਉਹ ਸ਼ਬਦਾਂ ਦੇ ਨਾਲ ਕਦੇ ਵੀ ਨਹੀਂ ਸਲਾਹਿਆ ਜਾ ਸਕਦਾ।
ਲਵੇ ਆਸਰਾ ਉਸਦਾ ਜਿਹੜਾ, ਹੋਰ ਆਸਰਾ ਕੀਹ ਕਰਨਾ,
ਡੋਲਦਾ ਮਨ ਅਮਰੀਕ ਜਿਹਾਂ ਦਾ ਨਹੀਂ ਡੁਲਾਇਆ ਜਾ ਸਕਦਾ।
ਅਮਨ ਸ਼ਾਂਤੀ ਸਹਿਚਾਰਾਂ ਦਾ ਉਹ ਸਭ ਨੂੰ ਸੰਦੇਸ਼ ਦਵੇ,
ਉਸ ਤੋਂ ਉੱਚਾ ਅਮਨ ਫਰੇਰਾ ਨਹੀਂ ਝੁਲਾਇਆ ਜਾ ਸਕਦਾ।



ਰਾਜ ਹਲੀਮੀ ਕਰਦੇ ਨੇ

ਗੁਰ ਜਗਜੀਤ ਹਰੇਕ ਦੇ ਮਨ ਤੇ ਰਾਜ ਹਲੀਮੀ ਕਰਦੇ ਨੇ
ਪਿਆਰ ਦੁਲਾਰ ਕੇ ਸਭ ਜੀਵਾਂ ਤੇ ਬਖਸ਼ਸ਼ ਦਾ ਹੱਥ ਧਰਦੇ ਨੇ।

ਉੱਚਿਆਂ ਤੋਂ ਵੀ ਉੱਚੇ ਨੇ ਪਰ ਨੀਵਿਆਂ ਨਾਲ ਨਿਭਾਂਦੇ ਨੇ,
ਸੋਹਣਿਆਂ ਤੋਂ ਅੱਤਿ ਸੋਹਣੇ ਨੇ ਪਰ ਕੋਝੇ ਵੀ ਗਲ ਲਾਂਦੇ ਨੇ,
ਦੁੱਖ ਦਲਿੱਦਰ ਲੜ ਲੱਗਿਆਂ ਦੇ ਹਰ ਪਲ ਹਰ ਛਿਨ ਜਰਦੇ ਨੇ।

ਉਹ ਦੀਪਕ ਨੇ ਚਾਨਣ ਜਿਸਦਾ ਹਰ ਕੋਨੇ ਵਿਚ ਪੁੱਜਦਾ ਏ,
ਦੂਰ ਹਨੇਰੇ ਕਰਨ ਬਿਨਾਂ ਬੱਸ ਹੋਰ ਨਾ ਕੁਝ ਵੀ ਸੁੱਝਦਾ ਏ,
ਦੁਸ਼ਟ ਦਮਨ ਅਖਵਾਂਦੇ ਨੇ ਉਹ ਸੰਕਟ ਸਾਰੇ ਹਰਦੇ ਨੇ।

ਰੇਤ ਦੇ ਟਿੱਬਿਆਂ ਤਾਈਂ ਵੀ ਝੱਟ ਸੁੰਦਰ ਬਾਗ ਬਨਾਇਆ ਏ,
ਉਹ ਵੇਖੇ ਨੇ ਜਿੰਨ੍ਹਾਂ ਦੀ ਬੱਸ ਪਲ ਵਿਚ ਪਲਟੀ ਕਾਇਆ ਏ,
ਚਸ਼ਮਾਂ ਨੇ ਜਿਸ ਵਿਚੋਂ ਹਰ ਦਮ ਸੁਖ ਸਦੀਵੀ ਝਰਦੇ ਨੇ।

ਹੋਣ ਹਜ਼ਾਰਾਂ ਕਲਮਾਂ ਭਾਵੇਂ ਸਾਗਰ ਬਣਨ ਸਿਆਹੀ ਦੇ,
ਫੇਰ ਵੀ ਕੌਤਕ ਲਿਖੇ ਨਾ ਜਾਣੇ ਭੈਣੀ ਵਾਲੇ ਮਾਹੀ ਦੇ,
ਝਲਕ ਦੀਦਾਰ ਦੀ ਇਕ ਵੀ ਪਾਇਆਂ ਦਰਦ ਦਿਲਾਂ ਦੇ ਖਰਦੇ ਨੇ।

ਕੌਣ ਹੈ ਜਿਸ ਨੇ ਇਸ ਦਰ ਆ ਕੇ ਸੁਖ ਸਮਰਿੱਧੀਆਂ ਪਾਈਆਂ ਨਹੀਂ,
ਕੌਣ ਹੈ ਜਿਸ ਨੇ ਏਥੇ ਆ ਕੇ ਗ਼ਮੀਆਂ ਦੂਰ ਭਜਾਈਆਂ ਨਹੀਂ,
ਹਲਤ ਪਲਤ ਤਾਂ ਸੌਰ ਹੀ ਜਾਂਦੈ, ਭਵਜਲ ਵੀ ਸਭ ਤਰਦੇ ਨੇ।

ਐ ਅਮਰੀਕ ਫ਼ਿਕਰ ਨਾਂ ਕਰ ਤੂੰ ਐਬ ਤੇਰੇ ਵੀ ਬਖਸ਼ਣਗੇ,
ਨੇਕ-ਨੀਯਤ ਕਰ ਗਿਓਂ ਜੇ ਓਥੇ ਬਿਨ ਬਾਦਲ ਉਹ ਬਰਸਣਗੇ,
ਸਰਨ ਪਿਆਂ ਦੇ ਹਰ ਹਾਲਤ ਵਿਚ ਸਦਾ ਈ ਢਕਦੇ ਪਰਦੇ ਨੇ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਦੇ ਪ੍ਰਕਾਸ਼ ਪੁਰਬ ਦੀਆਂ

ਹਾਰਦਿਕ ਵਧਾਈਆਂ



ਨਾਮਧਾਰੀ ਸਿੱਖ ਸੰਗਤ ਸਾਊਥਾਲ, ਯੂ. ਕੇ.



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਦਿਵਸ ਦੀਆਂ

ਲੱਖ-ਲੱਖ ਵਧਾਈਆਂ



ਸ੍ਰੀ ਸਤਿਗੁਰੂ ਜੀ, ਕਲਸੀ ਪਰਿਵਾਰ ਦੇ ਗ੍ਰਹਿ, ਮੋਸ਼ੀ ਤਨਜ਼ਾਨੀਆ ਵਿਖੇ।



ਖੱਬੀਉਂ ਕੰਵਲਪਾਲ ਸਿੰਘ ਤੇ ਬੀਬਾ ਕਰਤਾਰ ਕੌਰ, ਬਿੱਟੂ ਕਲਸੀ, ਕਮਲ ਕੌਰ ਸਪੁੱਤਰੀ ਕੰਵਲਪਾਲ ਸਿੰਘ, ਬਲਬੀਰ ਕੌਰ, ਦਲਜੀਤ ਸਿੰਘ ਕਲਸੀ।

ਦਲਜੀਤ ਸਿੰਘ ਕਲਸੀ ਪਰਿਵਾਰ ਮੋਸ਼ੀ ਤਨਜ਼ਾਨੀਆ

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਦੇ ਪਾਵਨ ਪ੍ਰਕਾਸ਼ ਉਤਸਵ ਦੀਆਂ

ਹਾਰਦਿਕ ਵਧਾਈਆਂ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ਠਾਕੁਰ ਉਦੇ ਸਿੰਘ ਜੀ
ਪੈਟਰਨ, ਸ੍ਰੀ ਗੁਰੂ ਹਰੀ ਸਿੰਘ
ਮਹਾਂਵਿਦਿਆਲਾ ਸੁਸਾਇਟੀ



ਸਰਦਾਰ ਜਗਤਾਰ ਸਿੰਘ ਜੀ
ਚੇਅਰਮੈਨ, ਸ੍ਰੀ ਗੁਰੂ ਹਰੀ ਸਿੰਘ
ਮਹਾਂਵਿਦਿਆਲਾ ਸੁਸਾਇਟੀ

ਵੱਲੋਂ

ਪ੍ਰਬੰਧਕ ਕਮੇਟੀ, ਸਟਾਫ਼ ਅਤੇ ਵਿਦਿਆਰਥੀ

ਸ੍ਰੀ ਗੁਰੂ ਹਰੀ ਸਿੰਘ ਕਾਲਜ

ਸ੍ਰੀ ਜੀਵਨ ਨਗਰ, ਜ਼ਿਲ੍ਹਾ ਸਿਰਸਾ ਫੋਨ: 01698 – 272224, 271825

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਦੇ ਪਾਵਨ ਪ੍ਰਕਾਸ਼ ਉਤਸਵ ਦੀਆਂ

ਹਾਰਦਿਕ ਵਧਾਈਆਂ



ਠਾਕੁਰ ਉਦੇ ਸਿੰਘ ਜੀ
ਪੇਟਰਨ, ਸ੍ਰੀ ਗੁਰੂ ਹਰੀ ਸਿੰਘ
ਮਹਾਂਵਿਦਿਆਲਾ ਸੁਸਾਇਟੀ



ਸਰਦਾਰ ਜਗਤਾਰ ਸਿੰਘ ਜੀ
ਚੇਅਰਮੈਨ, ਸ੍ਰੀ ਗੁਰੂ ਹਰੀ ਸਿੰਘ
ਮਹਾਂਵਿਦਿਆਲਾ ਸੁਸਾਇਟੀ

ਵੱਲੋਂ

ਪ੍ਰਬੰਧਕ ਕਮੇਟੀ, ਸਟਾਫ਼ ਅਤੇ ਵਿਦਿਆਰਥੀ

ਸ੍ਰੀ ਗੁਰੂ ਹਰੀ ਸਿੰਘ ਸੀਨੀਅਰ ਸਕੈਂਡਰੀ ਸਕੂਲ
ਸ੍ਰੀ ਸਤਿਗੁਰੂ ਪਰਤਾਪ ਸਿੰਘ ਇੰਟਰਨੈਸ਼ਨਲ ਸਕੂਲ

ਸ੍ਰੀ ਜੀਵਨ ਨਗਰ, ਜ਼ਿਲ੍ਹਾ ਸਿਰਸਾ ਫੋਨ: 01698 – 272231, 271971

ਨਿਰਮਲੇ, ਨਾਮਧਾਰੀ, ਉਦਾਸੀ, ਰਾਧਾ ਸਵਾਮੀ,
ਗੁਰੂ ਨਾਨਕ ਨਾਮ ਲੇਵਾ ਪਰਿਵਾਰ



ਤਰਲੋਚਨ ਸਿੰਘ

ਪਿਛਲੇ ਹਫ਼ਤੇ ਰਾਧਾ ਸੁਵਾਮੀ ਮੁਖੀ ਬਾਬਾ ਗੁਰਿੰਦਰ ਸਿੰਘ ਜੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਮੱਥਾ ਟੇਕਣ ਗਏ ਸੀ। ਇਸ ਬਾਰੇ ਟੀ.ਵੀ ਤੇ ਅਖ਼ਬਾਰਾਂ ਵਿਚ ਬੇਲੋੜੇ ਚਰਚਾ ਆਰੰਭ ਹੋਈ। ਮੈਂ ਆਪਣੇ ਵਿਚਾਰ ਬੜੀ ਵਾਰ ਲਿਖੇ ਹਨ ਕਿ ਗੁਰੂ ਨਾਨਕ ਨਾਮਲੇਵਾ ਸਾਰੇ ਸੰਸਾਰ ਵਿਚ ਫੈਲੇ ਹੋਏ ਹਨ। ਸਾਡੇ ਨਿਜ਼ਾਮ ਵਿਚ ਹਰ ਇਕ ਨੂੰ ਧਾਰਮਕ ਆਜ਼ਾਦੀ ਹੈ। ਇਸ ਅਸੂਲ ਨੂੰ ਸਭ ਤੋਂ ਵਧ ਸਿੱਖ ਧਰਮ ਨੇ ਅਪਣਾਇਆ ਹੈ। ਗੁਰੂ ਤੇਗ ਬਹਾਦੁਰ ਜੀ ਨੇ ਇਸ ਖਾਤਰ ਸ਼ਹੀਦੀ ਦਿੱਤੀ ਸੀ। ਗੁਰੂ ਨਾਨਕ ਦੇਵ ਜੀ ਇਕੋ ਰੱਬ ਦੇ ਮੰਨਣ ਵਾਲੇ ਸਨ ਜੋ ਸਾਰੇ ਵਿਸ਼ਵ ਵਿਚ ਗਏ। ਉਹਨਾਂ ਕੇਵਲ ਇਕ ਪ੍ਰਮਾਤਮਾ ਦੀ ਹੋਂਦ ਦਾ ਸੁਨੇਹਾ ਦਿੱਤਾ ਸੀ। ਉਹਨਾਂ ਦੇ ਪੈਰੋਕਾਰ ਉਸ ਵਕਤ ਤੋਂ ਹੀ ਅਨੇਕਾਂ ਬਣ ਗਏ ਸਨ। ਤਿੱਬਤ ਵਿਚ ਕਈ ਮੰਦਿਰਾਂ ਵਿਚ ਉਹਨਾਂ ਨੂੰ ਲਾਮਾ ਮੰਨ ਕੇ ਅੱਜ ਵੀ ਯਾਦ ਕਰਦੇ ਹਨ। ਬਾਬਾ ਸਿਰੀਚੰਦ ਉਹਨਾਂ ਦੇ ਸਪੁੱਤਰ ਸਨ। ਉਹਨਾਂ ਉਦਾਸੀ ਮਤ ਚਲਾਇਆ ਜੋ ਅੱਜ ਵੀ ਕਾਇਮ ਹੈ। ਮੈਂ ਉਹਨਾਂ ਦੇ ਇਕੱਠਾਂ ਵਿਚ ਵੇਖਿਆ ਹੈ ਉਹ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਇਸ਼ਟ ਮੰਨਦੇ ਹਨ। ਹਰ ਥਾਂ ਗੁਰੂ ਨਾਨਕ ਜੀ ਦੀ ਫੋਟੋ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਨਿਰਮਲੇ ਸਿੰਘ ਆਪ ਬਣਾਏ। ਬਨਾਰਸ ਤੋਂ ਉਹਨਾਂ ਨੂੰ ਵਿਦਿਆ ਦਵਾਈ। ਅੱਜ ਉਹਨਾਂ ਦੇ ਅਸਥਾਨ ਗੁਰੂ ਗ੍ਰੰਥ ਦਾ ਉਪਦੇਸ਼ ਦੇ ਰਹੇ ਹਨ। ਕੇਵਲ ਬਾਣੀ ਦਾ ਉਚਾਰਨ ਕਰਦੇ ਹਨ। ਉਹਨਾਂ ਦੇ ਆਗੂਆਂ ਦਾ ਲਿਬਾਸ ਭਗਵਾ ਕੱਪੜਾ ਹੈ। ਉਹ ਹਿੰਦੂਆਂ ਦੇ ਕੁੰਭ ਮੇਲਿਆਂ ਵਿਚ ਆਪਣਾ ਅਖਾੜਾ ਲਾਉਂਦੇ ਹਨ। ਸਾਡੇ ਕਈ ਵੀਰ ਉਹਨਾਂ ਵਿਰੁੱਧ ਪ੍ਰਚਾਰ ਕਰਦੇ ਹਨ। ਨਿਰਮਲੇ ਸੰਤਾਂ ਨੇ ਤੇ ਉਦਾਸੀ ਮਹੰਤਾਂ ਨੇ ਗੁਰੂ ਮਹਾਰਾਜ ਦੇ ਸਾਰੇ ਅਸਥਾਨ ਅੰਮ੍ਰਿਤਸਰ, ਅਨੰਦਪੁਰ, ਪਟਨਾ, ਹਜ਼ੂਰ ਸਾਹਿਬ ਦੀ ਸੇਵਾ ਲਗਾਤਾਰ ਜਾਰੀ ਰੱਖੀ ਸੀ। ਸਾਡੇ ਵਰਗੇ ਸਿੱਖ ਤਾਂ ਬੜੇ ਚਿਰ ਪਿਛੋਂ ਇਹ ਸੇਵਾ ਸੰਭਾਲ ਕਰ ਸਕੇ ਸਨ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਟੀਕਾ ਨਿਰਮਲੇ ਸੰਤ ਨੇ ਕੀਤਾ ਸੀ।



ਨਾਮਧਾਰੀ ਸੰਗਤ ਦੀ ਵੱਖਰੀ ਪਰੰਪਰਾ ਹੈ-ਉਹ ਗੁਰੂ ਗ੍ਰੰਥ ਜੀ ਮਹਾਰਾਜ ਦੀ ਬਾਣੀ ਨੂੰ ਸਹੀ ਰੂਪ ਵਿਚ ਗਾਇਨ ਕਰਦੇ ਹਨ। ਹਰ ਰਾਗ ਨੂੰ ਸਮਝਦੇ ਹਨ। ਉਹਨਾਂ ਨੇ ਕੀਰਤਨ ਨੂੰ ਗੁਰੂ ਆਸ਼ੇ ਅਨੁਸਾਰ ਗਾਇਆ ਹੈ। ਅੱਜ ਤਕ ਹਰ ਨਾਮਧਾਰੀ ਅਸਥਾਨ ਤੇ ਨਿਰੋਲ ਕੀਰਤਨ ਹੁੰਦਾ ਹੈ। ਉਹ ਗੁਰਬਾਣੀ ਦੇ ਪ੍ਰਚਾਰ ਦੇ ਨਾਲ ਨਾਲ ਹਰ ਸ਼ਰਧਾਲੂ ਨੂੰ ਸਾਦਾ ਭੋਜਨ, ਵੈਸ਼ਨੂੰ ਰਹਿਣਾ, ਨਸ਼ਿਆਂ ਤੋਂ ਰਹਿਤ, ਸਾਦਾ ਜੀਵਨ ਦਾ ਪ੍ਰਚਾਰ ਕਰਦੇ ਹਨ। ਉਹਨਾਂ ਦਾ ਪਹਿਰਾਵਾ ਦੂਰ ਤੋਂ ਪਛਾਣ ਹੈ। ਕਦੇ ਉਹਨਾਂ ਨਾਲ ਸਿੱਖਾਂ ਦਾ ਕੋਈ ਮਤਭੇਦ ਨਹੀਂ ਹੋਇਆ। ਇਤਿਹਾਸ ਵਿਚ ਇਹਨਾਂ ਦੀ ਕੁਰਬਾਨੀ ਦਾ ਵਰਨਣ ਹੈ। ਅੰਗਰੇਜ਼ ਸਰਕਾਰ ਵਿਰੁੱਧ ਇਹ ਸ਼ਹੀਦੀਆਂ ਪਾ ਗਏ। ਸ. ਪ੍ਰਕਾਸ਼ ਸਿੰਘ ਬਾਦਲ ਨੇ ਇਹਨਾਂ ਨੂੰ ਰਾਮਬਾਗ ਅੰਮ੍ਰਿਤਸਰ ਦੇ ਨੇੜੇ ਤੇ ਮਲੇਰਕੋਟਲਾ ਵਿਚ ਸ਼ਹੀਦੀ ਇਤਿਹਾਸਕ



ਅਸਥਾਨ ਦਿੱਤੇ ਹਨ। ਬਾਬਾ ਪ੍ਰਤਾਪ ਸਿੰਘ ਜੀ ਜਦ ਮੁੱਖੀ ਸਨ ਤਾਂ ਮਾਸਟਰ ਤਾਰਾ ਸਿੰਘ ਤੇ ਸਾਰੀ ਸਿੱਖ ਲੀਡਰਸ਼ਿਪ ਭੈਣੀ ਸਾਹਿਬ ਜਾਂਦੀ ਸੀ। ਬਾਬਾ ਜਗਜੀਤ ਸਿੰਘ ਜੋ ਹੁਣ ਮੁਖੀ ਹਨ ਇਹਨਾਂ ਦੀ ਦਸਤਾਰਬੰਦੀ ਸਿੱਖ ਕੌਮ ਦੇ ਮੁਖੀਆਂ ਨੇ ਕੀਤੀ ਸੀ। ਦੇਸ ਵਿਦੇਸ਼ ਵਿਚ ਇਹ ਗੁਰੂ ਨਾਨਕ ਦੀ ਬਾਣੀ ਦਾ ਪ੍ਰਚਾਰ ਕਰਦੇ ਹਨ। ਪਰ ਕਈ ਸਿੱਖ ਇਹਨਾਂ ਬਾਰੇ ਵੀ ਉਂਗਲਾਂ ਉਠਾਉਂਦੇ ਹਨ।

ਰਾਧਾ ਸਵਾਮੀ ਸਤਿਸੰਗ ਕਰਦੇ ਹਨ। ਮੈਂ ਬੜੀ ਵਾਰ ਆਪ ਉਥੇ ਗਿਆ ਹਾਂ। ਗੁਰਬਾਣੀ ਦੇ ਇਕ ਸ਼ਬਦ ਦੀ ਬਾਬਾ ਜੀ ਕਥਾ ਕਰਦੇ ਹਨ। ਸ਼ੁਧ ਪੰਜਾਬੀ ਵਿਚ ਓਹ ਸ਼ਬਦ ਦੇ ਅਰਥ ਦੱਸਦੇ ਹਨ। ਗੁਰੂ ਸਾਹਿਬਾਨ ਦਾ ਵਰਨਣ ਉਹ ਪਹਿਲੀ ਪਾਤਸ਼ਾਹੀ, ਤੀਜੀ ਪਾਤਸ਼ਾਹੀ ਤੇ ਪੰਜਵੀਂ ਪਾਤਸ਼ਾਹੀ ਪੁਕਾਰ ਕੇ ਕਰਦੇ ਹਨ। ਕਦੇ ਵੀ ਉਹਨਾਂ ਦੇ ਵਿਚਾਰਾਂ ਵਿਚ ਗੁਰੂ ਘਰ ਪ੍ਰਤੀ ਕੋਈ ਐਸਾ ਲਫ਼ਜ਼ ਨਹੀਂ ਸੁਣਿਆ ਜਿਸ ਤੇ ਕੋਈ ਇਤਰਾਜ਼ ਕਰ ਸਕੇ। ਸਾਰੇ ਵਿਸ਼ਵ ਵਿਚ ਇਹਨਾਂ ਦੀ ਸੰਗਤ ਹੈ। ਲੱਖਾਂ ਦੇ ਇਕੱਠ ਹੁੰਦੇ ਹਨ। ਵਧੇਰੇ ਗੈਰ ਸਿੱਖ ਇਹਨਾਂ ਦੇ ਸਮਾਗਮਾਂ ਵਿਚ ਆਉਂਦੇ ਹਨ। ਉਹਨਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਉਹ ਸੁਣਾਂਦੇ ਹਨ। ਲੰਗਰ ਵੀ ਚਲਾਂਦੇ ਹਨ। ਸਭ ਤੋਂ ਵਧ ਉਹਨਾਂ ਦੀ ਸੇਵਾ ਸਮਾਜ ਨੂੰ ਨਸ਼ਿਆਂ ਵਿਰੁੱਧ ਪ੍ਰਚਾਰ ਉਹਨਾਂ ਦਾ ਹਰ ਇਕ ਤੇ ਅਸਰ ਪਾਂਦਾ ਹੈ। ਵੈਸ਼ਨੂੰ ਹੋਣ ਦਾ ਸੁਨੇਹਾ ਦਿੰਦੇ ਹਨ। ਅੱਜ ਪੰਜਾਬ ਨਸ਼ਿਆਂ ਵਿਚ ਡੁੱਬ ਰਿਹਾ ਹੈ। ਨੌਜਵਾਨ ਸਮੈਕ ਖਾਂਦੇ ਹਨ। ਜੇ ਕੁਝ ਬਚਾਅ ਹੈ ਤਾਂ ਉਸ ਵਿਚ ਰਾਧਾ ਸਵਾਮੀ ਪ੍ਰਚਾਰ ਦਾ ਵੱਡਾ ਹਿੱਸਾ ਹੈ। ਪਹਿਲੇ ਮੁਖੀ ਬਾਬਾ ਚਰਨ ਸਿੰਘ ਜੀ ਮੈਂ ਆਪ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਕੇ ਸੰਗਤ ਵਿਚ ਬੈਠੇ ਵੇਖੇ ਹਨ। ਬਾਬਾ ਗੁਰਿੰਦਰ ਸਿੰਘ ਜੀ ਦਿੱਲੀ ਗੁਰਦਵਾਰਾ ਰਕਾਬਗੰਜ ਵਿਚ ਸੰਗਤ ਵਿਚ ਬੈਠੇ ਕਈ ਵਾਰ ਵੇਖੇ ਹਨ। ਕਿਸੇ ਸਮਾਗਮ ਵਿਚ ਬਾਬਾ ਜੀ ਆਪ ਮੱਥਾ ਨਹੀਂ ਟਿਕਾਉਂਦੇ। ਸੰਗਤ ਆ ਕੇ, ਪੰਡਾਲ ਵਿਚ ਸਿੱਧੀ ਆਪਣੀ ਥਾਂ ਤੇ ਬੈਠ ਜਾਂਦੀ ਹੈ। ਕੋਈ ਮੱਥਾ ਟੇਕਣਾ ਜਾਂ ਚੜ੍ਹਾਵਾ ਨਹੀਂ ਹੈ।

ਇਹ ਚਾਰ ਵੱਖਰੀਆਂ ਸੰਪਰਦਾਵਾਂ ਹਨ। ਉਹਨਾਂ ਨੇ ਆਪਣੇ ਨਿਯਮ ਬਣਾਏ ਹੋਏ ਹਨ। ਪਰ ਗੁਰੂ ਨਾਨਕ ਦੇਵ ਜੀ ਸਭ ਦੇ ਲਈ ਪੂਜਨੀਕ ਹਨ। ਸਿੱਖਾਂ ਵਿਚ ਹੋਰ ਵੀ ਕਈ ਸੰਪਰਦਾਵਾਂ ਹਨ ਜਿਹਨਾਂ ਦੀ ਮਾਨਤਾ ਹੈ। ਬਾਬਾ ਨੰਦ ਸਿੰਘ ਜੀ ਦੇ ਸ਼ਰਧਾਲੂ ਗੁਰੂ ਨਾਨਕ ਦੇਵ ਜੀ ਦੇ ਭਗਤ ਹਨ ਪਰ ਉਹਨਾਂ ਨੇ ਕਈ ਵੱਖਰੇ



ਨਿਯਮ ਬਣਾਏ ਹਨ। ਗੁਰਦਵਾਰੇ ਨੂੰ ਠਾਠ ਸਾਹਿਬ ਕਹਿੰਦੇ ਹਨ। ਨਿਸ਼ਾਨ ਸਾਹਿਬ ਨਹੀਂ ਹੋ। ਅਸੀਂ ਉਹਨਾਂ ਬਾਰੇ ਕੋਈ ਸ਼ੰਕਾ ਨਹੀਂ ਕਰ ਸਕਦੇ ਹਾਂ। ਹਜ਼ੂਰ ਸਾਹਿਬ ਤਖ਼ਤ ਤੇ ਟਲ ਖੜਕਦੇ ਹਨ। ਆਰਤੀ ਹੁੰਦੀ ਹੈ। ਬੱਕਰਾ ਝਟਕਾਇਆ ਜਾਂਦਾ ਹੈ। ਹੈ ਨਾ ਫ਼ਰਕ। ਪਰ ਅਸੀਂ ਪੂਰਾ ਸਤਿਕਾਰ ਕਰਦੇ ਹਾਂ। ਸੇਵਾ ਪੰਥੀ। ਨਿਹੰਗ ਸਿੰਘਾਂ ਦੀਆਂ ਜਥੇਬੰਦੀਆਂ ਸਿੱਖਾਂ ਦੀਆਂ ਸ਼ਾਖਾਂ ਹਨ। ਹਰ ਇਕ ਸੰਪਰਦਾਵਾਂ ਨੂੰ ਸਤਿਕਾਰ ਕਰੋ। ਹਰ ਵਕਤ ਸ਼ੱਕ ਕਰਨ ਦੀ ਆਦਤ ਛੱਡੋ। ਸਿੱਖੀ ਦਾ ਵਿਸ਼ਾਲ ਘੇਰਾ ਹੈ। ਇਹ ਵਧੇ ਫੁੱਲੇ। ਇਸ ਵਿਚ ਵਿਘਨ ਪਾਉਣ ਦਾ ਧਿਆਨ ਛਡੋ। ਗੁਰੂ ਘਰ ਹਰ ਇਕ ਲਈ ਖੁਲ੍ਹਾ ਹੈ। ਇਥੇ ਤਾਂ ਮੁਸਲਮਾਨ ਤੇ ਹੋਰ ਧਰਮਾਂ ਵਾਲੇ ਵੀ ਆਉਂਦੇ ਹਨ। ਅਸੀਂ ਸਤਿਕਾਰ ਕਰਦੇ ਹਾਂ। ਰਾਧਾ ਸਵਾਮੀ। ਉਦਾਸੀ ਜਮ ਜਮ ਆਉਣ। ਮਹਾਰਾਜ ਜਗਜੀਤ ਸਿੰਘ ਹਜ਼ਾਰਾਂ ਨਾਮਧਾਰੀਆਂ ਨਾਲ ੧੯੯੯ ਵਿਚ ਅਨੰਦਪੁਰ ਸਾਹਿਬ ਯਾਤਰਾ ਲਈ ਗਏ ਸਨ। ਕਿਆ ਨਜ਼ਾਰਾ ਸੀ। ਸ. ਬਾਦਲ ਆਪ ਉਹਨਾਂ ਦੇ ਸਵਾਗਤ ਲਈ ਉਥੇ ਆਏ ਸਨ। ਗੁਰੂ ਗ੍ਰੰਥ ਦੀ ਬਾਣੀ ਸਭ ਮਨੁੱਖਤਾ ਲਈ ਹੈ। ਇਸਦਾ ਪ੍ਰਚਾਰ ਜੋ ਵੀ ਕਰੇ ਓਹ ਸਤਿਕਾਰਯੋਗ ਹੈ। ਅਸੀਂ ਆਪਣੀ ਤੰਗਦਿਲੀ ਨਾਲ ਸਿੱਖ ਕੌਮ ਦਾ ਕਈ ਵਾਰ ਨੁਕਸਾਨ ਕਰ ਚੁਕੇ ਹਾਂ। ਹੁਣ ਗੁਰੂ ਜੀ ਦੇ ਹੁਕਮ ਨੂੰ ਯਾਦ ਕਰੋ-

"ਸਭ ਕੋ ਮੀਤ ਹਮ ਆਪਨ ਕੀਨਾ
ਹਮ ਸਭਨਾ ਕੇ ਸਾਜਨ"

ਸਿੱਖ ਭਾਈਚਾਰਾ ਵਧਾਓ। ਉਹਨਾਂ ਸਾਰਿਆਂ ਨੂੰ ਗਲੇ ਲਗਵਾਓ। ਈਸਾਈ ਮਤ ਦੀਆਂ ਦਰਜਨ ਤੋਂ ਵਧ ਵਖਰੀਆਂ ਸੰਪਰਦਾਵਾਂ ਹਨ ਪਰ ਕੋਈ ਵਿਵਾਦ ਨਹੀਂ। ਹਿੰਦੂ ਧਰਮ ਦੇ ਅਣਗਿਣਤ ਅੰਗ ਹਨ। ਮੁਸਲਮਾਨ ਵੀ ਕਈ ਥਾਂ ਵੰਡੇ ਹੋਏ ਹਨ। ਸਿੱਖ ਸਮਾਜ ਵਧੇ ਫੁਲੇ, ਇਸ ਲਈ ਯਤਨਸ਼ੀਲ ਹੋਵੇ। ਸਿੱਖ ਵਿਦਵਾਨ ਕਈ ਵਾਰ ਇਹੋ ਜਿਹੇ ਸਮੇਂ ਚੁਪ ਕਰ ਜਾਂਦੇ ਹਨ। ਕੌਮ ਨੂੰ ਵੰਡਣ ਨਾ ਦੇਵੋ! ਵਿਸ਼ਵ ਭਰ ਵਿਚ ਸਿੱਖ ਪੁੱਜ ਗਏ ਹਨ। ਉਹਨਾਂ ਨੂੰ ਭੁਲੇਖਿਆਂ ਤੋਂ ਮੁਕਤ ਕਰਾਓ। ਮੇਰੇ ਕੋਲ ਕਈ ਮਿਸਾਲਾਂ ਹਨ ਕਿ ਉਪਰ ਲਿਖੇ ਸੰਤਾਂ ਦੇ ਮੰਨਣ ਵਾਲੇ ਸਿੱਖ ਧਰਮ ਦੀ ਕਿਤਨੀ ਸੇਵਾ ਕਰ ਰਹੇ ਹਨ। ਇਸ ਲਈ ਮੈਂ ਇਹ ਵਿਚਾਰ ਪੇਸ਼ ਕਰ ਰਿਹਾ ਹਾਂ। ਜੋ ਵੀ ਗੁਰੂ ਨਾਨਕ ਦੇਵ ਜੀ ਨੂੰ ਇਸ਼ਟ ਮੰਨਦਾ ਹੈ ਗੁਰੂ ਗ੍ਰੰਥ ਬਾਣੀ ਦਾ ਉਪਾਸ਼ਕ ਹੈ ਉਸਨੂੰ ਗਲੇ ਲਗਾਓ।

ਸਾਬਕਾ ਮੈਂਬਰ ਪਾਰਲੀਮੈਂਟ,
ਸਾਬਕਾ ਚੇਅਰਮੈਨ ਮਿਨੀਔਰਟੀ ਕਮਿਸ਼ਨ




ਸ੍ਰੀ ਸਤਿਗੁਰੂ ਜੀ ਦੇ ਪ੍ਰਕਾਸ਼ ਦਿਵਸ ਦੀਆਂ ਵਧਾਈਆਂ



ਅਸਾਡੀ ਤੁਹਾਡੀ ਮੁਲਾਕਾਤ ਹੋਈ

ਸੁਰਜੀਤ ਪਾਤਰ



ਅਸਾਡੀ ਤੁਹਾਡੀ ਮੁਲਾਕਾਤ ਹੋਈ
ਜਿਵੇਂ ਬਲ਼ਦੇ ਜੰਗਲ ਤੇ ਬਰਸਾਤ ਹੋਈ
ਸੀ ਚਾਰੇ ਦਿਸ਼ਾ ਰਾਤ ਹੀ ਰਾਤ ਹੋਈ
ਤੇਰਾ ਮੁਖੜਾ ਦਿਸਿਆ ਤਾਂ ਪਰਭਾਤ ਹੋਈ
ਤੂੰ ਤੱਕਿਆ ਤਾਂ ਰੁੱਖਾਂ ਨੂੰ ਫੁੱਲ ਪੈ ਗਏ ਸਨ
ਮੇਰੇ ਤੱਕਦੇ ਤੱਕਦੇ ਕਰਾਮਾਤ ਹੋਈ
ਮੈਂ ਲਫ਼ਜ਼ਾਂ ਚ ਉਸਦਾ ਹੀ ਅਨੁਵਾਦ ਕੀਤਾ
ਜੋ ਰੁੱਖਾਂ ਤੇ ਪੌਣਾਂ ਚ ਗੱਲਬਾਤ ਹੋਈ
ਉਹਦੇ ਨੈਣਾਂ ਵਿਚੋਂ ਮੇਰੇ ਹੰਝੂਸਿੰਮੇ
ਅਜਬ ਗੱਲ ਖ਼ਵਾਤੀਨੋ ਹਜ਼ਰਾਤ ਹੋਈ
ਉਹ ਓਨਾ ਕੁ ਖੁਰਿਆ ਪਿਘਲਿਆ ਤੇ ਰੁਲਿਆ
ਹੈ ਜਿੰਨੀ ਕੁ ਜਿਸ ਜਿਸ ਦੀ ਔਕਾਤ ਹੋਈ



ਪਲਕ ਤੇਰੀ ਮਿਜ਼ਰਾਬ ,ਦਿਲ ਸਾਜ਼ ਮੇਰਾ
ਸੀ ਅਨੁਰਾਗ ਦੀ ਇਉਂ ਸ਼ੁਰੂਆਤ ਹੋਈ
ਰਗਾਂ ਰਾਗ ਹੋਈਆਂ ,ਲਹੂ ਲਫ਼ਜ਼ ਹੋਇਆ
ਕਵੀ ਦੀ ਤੇ ਕਵਿਤਾ ਦੀ ਇਕ ਜ਼ਾਤ ਹੋਈ ॥

ਇਹ ਨੇ ਸਾਜ਼ ਸਾਜ਼ਨਵਾਜ਼ ਤੂੰ
ਤੇ ਫ਼ਿਜ਼ਾ ਨੂੰ ਧੁਨ ਦੀ ਉਡੀਕ ਹੈ
ਤੇਰੇ ਪੋਟਿਆਂ ਤੇ ਸੁਰਾਂ ਚ ਇਹ
ਕੇਹੇ ਫ਼ਾਸਿਲੇ , ਕੇਹੀ ਲੀਕ ਹੈ
ਇਹ ਜੋ ਕਹਿ ਰਹੀ ਹੈ ਰਬਾਬ ਸੁਣ
ਜੋ ਸੁਖ਼ਨ ਸੁਣਾਏ ਕਿਤਾਬ ਸੁਣ
ਤੂੰ ਇਹ ਸੁਣ ਤੇ ਫਿਰ ਮੇਰੇ ਕੁਫ਼ਰ ਨੂੰ
ਜੋ ਸਜ਼ਾ ਸੁਣਾਵੇਂ ਸੋ ਠੀਕ ਹੈ
ਮੈਂ ਹਾਂ ਆਪ ਮੁਜਰਿਮ ਤੇ ਆਪ ਹੀ
ਹਾਂ ਕਿਤਾਬ ਕਾਜ਼ੀ ਜੱਲਾਦ ਵੀ
ਜਿੱਥੇ ਚਾਰੇ ਪਾਸੇ ਨੇ ਆਈਨੇ
ਮੇਰੀ ਰੋਜ਼ ਓਥੇ ਤਰੀਕ ਹੈ
ਚੇਤੇ ਕਰ ਗੁਨਾਹਾਂ ਨੂੰ ਰੋ ਲਿਆ
ਮੁਖ ਹੰਝੂਆਂ ਨਾਲ ਹੀ ਧੋ ਲਿਆ
ਇਹ ਵੁਜ਼ੂ ਹੈ ਮੇਰੀ ਨਮਾਜ਼ ਦਾ
ਸਾਨੂੰ ਕਾਫ਼ਰਾਂ ਨੂੰ ਏਹੀ ਠੀਕ ਹੈ
ਕਿਤੇ ਨੂਰ ਨੂੰ , ਕਿਤੇ ਨਾਰ ਨੂੰ
ਕਿਤੇ ਬਾਦਸ਼ਾਹ ਦੀ ਕਟਾਰ ਨੂੰ

ਜਾਈਂ ਦੂਰ ਨਾ , ਮੇਰੇ ਪੂਰਨਾ
ਤੇਰੀ ਹਰ ਕਿਸੇ ਨੂੰ ਉਡੀਕ ਹੈ





ਤੇਰੀ ਲੋਏ
ਲਫ਼ਜ਼ ਪਰੋਏ
ਸਭ ਗ਼ਮ ਮਿਟ ਕੇ ਨਗ਼ਮਾ ਹੋਏ
ਹਰ ਰੁੱਖ ਸਾਜ਼ ਜਿਹਾ ਵਜਦਾ ਹੈ
ਪੱਤਾ ਪੱਤਾ ਸੁਰ ਲਗਦਾ ਹੈ
ਇਹ ਦਰਬਾਰ ਸਦਾ ਸਜਦਾ ਹੈ
ਰਿਸ਼ਮਾਂ ਕਿਰਣਾਂ ਬੁਣਨ ਚੰਦੋਏ
ਅੰਬਰ ਦੇ ਉਸ ਨੀਲੇ ਵਰਕੇ
ਅੱਖਰ ਜਗ ਪਏ , ਇਕ ਇਕ ਕਰ ਕੇ
ਦੇਖਿਆ ਅਸਾਂ ਉਨ੍ਹਾਂ ਨੂੰ ਪੜ੍ਹ ਕੇ
ਕੀ ਕੀ ਅਰਥ ਉਜਾਗਰ ਹੋਏ
ਜੁਗ ਬੀਤੇ ਤੇ ਲੰਘੀਆਂ ਸਦੀਆਂ
ਭੁੱਲੀਆਂ ਨਾ ਅਪਣਾ ਰਾਹ ਨਦੀਆਂ
ਹਰ ਪਲ ਸ਼ਹੁ ਸਾਗਰ ਵੱਲ ਵਧੀਆਂ
ਕਿੰਨੀ ਵੀ ਰਾਤ ਹਨ੍ਹੇਰੀ ਹੋਏ
ਭੇਦ ਰਿਹਾ ਨਾ ਜਾਤ ਨਸਲ ਦਾ
ਪਾਇਆ ਭੇਤ ਜੋ ਅੰਤ ਅਸਲ ਦਾ
ਨੂਰ ਹੀ ਬੀਜ ਹੈ ਆਦਿ ਫ਼ਸਲ ਦਾ
ਰੰਗ ਰੰਗ ਦੇ ਫੁਲ ਉਗ ਖਲੋਏ
ਤੇਰੀ ਲੋਏ
ਲਫ਼ਜ਼ ਪਰੋਏ
ਮਿਟ ਸਾਰੇ ਗ਼ਮ ਸਰਗਮ ਹੋਏ ॥

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ
ਪ੍ਰਕਾਸ਼ ਦਿਵਸ ਦੀਆਂ ਵਧਾਈਆਂ



ਸ. ਹਰਭਜਨ ਸਿੰਘ ਸਤਿਗੁਰੂ ਜੀ ਨੂੰ ਆਪਣੇ ਇੱਕ ਪ੍ਰਜੈਕਟ ਬਾਰੇ ਜਾਣਕਾਰੀ ਦਿੰਦੇ ਹੋਏ।

M/S Pal Estate Devellopers
Builders & Contractors
Plot No. 34-40, N-2, CIDCO,
Aurangabad- 431 003.
Phone No. 0240-3292049

M/S Vasant Construction
(Builders And Developers)
79, Peacock Palace, North Avenue
10th Road, Kalyani Nagar, Pune
Phone No. 020-65247479

M/S HARBHAJAN SARBJEET & ASSOCIATES
(Builders And Developers)
16-17, N-4, Sector-A, CIDCO,
Aurangabad- 431003
Phone No. 02402482016



ਸੋਮਾ ਪਿਆਰਾਂ ਦਾ

ਇਹ ਹੈ ਸੋਮਾ ਪਿਆਰਾਂ ਦਾ

ਖਿਮਾ, ਸ਼ੀਲਤਾ, ਸਚ, ਸੁਚ, ਸੰਜਮ,
ਘੇਰਾ ਇਦ੍ਹੇ ਦੀਦਾਰਾਂ ਦਾ

ਤਪਤ ਬੁਝੇ ਤਨ ਮਨ ਤੇ ਧਨ ਦੀ
ਪਾ ਝਲਕਾ ਇਕ ਵਾਰਾਂ ਦਾ

ਦੁਖ ਭੁਲਦੇ, ਸੁਖ ਸਹਿਜ ਉਪਜਦੇ
ਰਸ ਮਿਲਦਾ ਝਣਕਾਰਾਂ ਦਾ

ਸੂਖਮ, ਕੋਮਲ, ਸਦਾ ਸੁਗੰਧਤ
ਮਹਿਰਮ ਦਿਲ ਦੀਆਂ ਤਾਰਾਂ ਦਾ

ਮਾਨੁੱਖਤਾ ਦੇ ਬੂਟੇ ਉਤੇ
ਮਹਿਕਿਆ ਪੁਸ਼ਪ ਬਹਾਰਾਂ ਦਾ।



ਪ੍ਰੀਤਮ ਸਿੰਘ ਕਵੀ

ਰੁਬਾਈਆਂ

ਤੂੰ ਸਮਰੱਥ, ਅਕੱਥ, ਅਗੋਚਰ, ਤੂੰ ਨਿਰ-ਅੰਜਨ ਪਿਆਰੇ
ਸਾਡੇ ਲਈ ਸ-ਗੁਣ ਹੋ ਆਇਓਂ, ਦੇਵਣ ਨੂਰ ਨਜ਼ਾਰੇ
ਦੁਖ ਸੁਖ ਸਾਡੇ ਵਾਂਗ ਭੁਗਤਦਾ, ਆਪ ਕੰਵਲ ਸਮ ਰਹਿਨੈਂ :
ਸ਼ਾਲਾ ! ਆਪਣੀ ਨਜ਼ਰੀਂ ਰੱਖੀਂ, ਇਹ ਅਨੰਦ ਸੁਖ ਸਾਰੇ। ੧।

ਊਚ ਨੀਚ ਵਿਚ ਤੇਰਾ ਵਾਸਾ, ਸਭ ਕੁਛ ਤਿਰਾ ਪਸਾਰਾ
ਸੁਖ ਸੁਆਦਾਂ ਲਈ ਸਿਮਟ ਆ ਗਿਓਂ, ਬਣ ਕੇ ਮੇਰਾ ਪਿਆਰਾ
ਰਸਨ ਦਾ ਸਿਮਰਨ ਕੀ ਮਾਅਨੇ, ਧੜਕਣ ਸਿਮਰਨ ਹੋਈ:
ਸ਼ਾਲਾ ! ਪਿਆਰ ਸਲਾਮਤ ਰੱਖੀਂ, ਹੈ ਜੋ ਜਗਤ-ਸਹਾਰਾ। ੨।

ਤੇਰਾ ਨਾਮ ਲਿਆਂ ਦੁੱਖ ਨੱਸਣ, ਸੁਖ ਵੱਸਣ ਚੌਫੇਰੇ
ਹਿਰਦੇ ਠੰਢ, ਦਾਹ ਮਿਟ ਜਾਂਦੀ, ਦੁਸ਼ਮਣ ਹੁੰਦੇ ਨੇੜੇ
ਦੁਨੀਆਂ ਪਿਆਰੀ ਪਿਆਰੀ ਲਗਦੀ, ਮੌਤ—ਮਿਠੀ ਗਲਵਕੜੀ :
ਕੇਡਾ ਚੰਗਾ ਹੋਇ ਜਿ ਵਸੇਂ ਨਿਸ ਦਿਨ ਅੰਦਰ ਮੇਰੇ। ੩।

ਤੂੰ ਦਾਤਾ ਬੇਅੰਤ ਹੈਂ, ਵੰਡੀ ਜਾਵੇਂ ਚੁਕ ਚੁਕ
ਛੱਤਾਂ ਪਾੜ ਕਈਆਂ ਨੂੰ ਦੇਵੇਂ, ਦਏਂ ਕਿਸੇ ਨੂੰ ਬੁਕ ਬੁਕ
ਕਿਸੇ ਨੂੰ ਪਾ ਵਖਾਲੇ ਬਖ਼ਸ਼ੇਂ, ਕਿਸੇ ਨੂੰ ਅੰਦਰ ਵੜ ਕੇ :
ਇਕਨਾਂ ਨੂੰ ਹੰਝੂ ਹੀ ਦੇਨੈਂ ਵੇਖਾਂ ਰੋਂਦੇ ਲੁਕ ਲੁਕ। ੫।

ਜਪ, ਤਪ, ਸੰਜਮ, ਮਾਲਾ ਸਿਮਰਨ, ਜੀ ਨਹੀਂ ਲਾਂਦੇ ਮੇਰਾ
ਮੈਨੂੰ ਤਾਂ ਚਾਹੀਦੈ ਪ੍ਰੀਤਮ ਦਰਸਨ ਪਰਸਨ ਤੇਰਾ
ਤੇਰੀ ਰੱਬਤਾ ਵੀ ਨਾ ਲੋੜਾਂ, ਚਾਹਵਾਂ ਮਾਨੁਖ ਤਨ ਨੂੰ :
ਅੱਠੇ ਪਹਿਰ ਕੋਲ ਰੱਖ ਮੈਨੂੰ, ਦੂਰ ਰਿਹਾਂ ਨਹੀਂ ਜੇਰਾ। ੬।

ਉਗਵਣ ਤੋਂ ਆਥਣ ਤੱਕ ਪਿਆਰੇ ਤੇਰਾ ਰੂਪ ਚਿਤਾਰਾਂ
ਜੋ ਕੁਝ, ਜਿਨ੍ਹੀ ਰੰਗੀਂ ਕਰਨੈਂ, ਵੇਖ ਵੇਖ ਬਲਿਹਾਰਾਂ
ਤੇਰੀ ਮੌਜ ਸਾਗਰੀ ਸੁਹਣੇ, ਜੇ ਲਖਤਾ ਦੇਂ ਅਪਣੀ :
ਬੰਦਾ ਰੂਪ ਤੇਰਾ ਬਣ ਜਾਵੇ, ਮਾਣੇ ਸਦਾ ਬਹਾਰਾਂ। ੭।

ਵੰਨ ਸੁਵੰਨੇ ਰੂਪ ਧਾਰਦਾ ਜੁਗ ਜੁਗਾਂਤਰੋਂ ਆਇਆ
ਦਇਆ ਧਰਮ ਦੀਆਂ ਕਿਰਨਾਂ ਸੁਟ ਸੁਟ, ਇਸ, ਜੱਗ ਨੂੰ ਰੁਸ਼ਨਾਇਆ
ਸਦਕੇ ਉਸ ਦੇ ਪਿਆਰ ਦੇ, ਸਾਨੂੰ ਲਾਵਾਰਸ ਨਹੀਂ ਕੀਤਾ :
ਦੇ ਜਗਜੀਤ ਸਤਿਗੁਰੂ ਪਿਆਰਾ, ਉਸ ਵਿਚ ਆਪ ਛੁਪਾਇਆ। ੯।

ਔਣ ਬਦਲੀਆਂ ਘਿਰ-ਘਿਰ ਮੁੜ-ਮੁੜ, ਚਾਹੁਣ ਅੱਗ ਵਰ੍ਹਾਈ
ਅਸਾਂ ਤੇਰੇ ਸਿਮਰਨ ਦੀ ਸਤਿਗੁਰ, ਅੰਦਰੋਂ ਓਟ ਤਕਾਈ
ਪੈਜ ਬਿਰਦ ਦੀ ਰੱਖਣਹਾਰੇ ਦਰ ਤੇਰੇ ਹਾਂ ਡਿੱਗੇ :
ਇਹ ਯਕੀਨ ਹੈ ਇਸ ਦਰ ਆਇਆਂ ਖਾਲੀ ਜਾਇ ਨ ਕਾਈ। ੧੨।

ਬਖਸ਼ ਤੇਰੀ ਦੇ ਚਸ਼ਮੇ ਕੰਢੇ, ਬਹਿ ਕੇ ਮੌਜਾਂ ਲਈਆਂ
ਤ੍ਰਿਸ਼ਨਾ-ਤ੍ਰਿਖਾ ਨਿਵਾਰਨ ਕੀਤੀ, ਹੁਣ ਤਰਕਾਲਾਂ ਪਈਆਂ
ਉਠ ਕੇ ਘਰ ਨੂੰ ਹਾਂ ਤੁਰ ਚੱਲੇ, ਯਾਦੀਂ ਰਖ ਬਖ਼ਸ਼ੀਸ਼ਾਂ :
ਲੇਖੇ ਦਾ ਝੰਜਟ ਨਹੀਂ ਕੋਈ, ਆਸ ਤ੍ਰਿਸ਼ਨ ਸੌ ਗਈਆਂ। ੧੩।

ਇਕ ਇਕ ਤਾਰ ਦਿਲ ਦੀ ਥਰਕੇ, ਇਕ ਇਕ ਸਵਾਸ ਪੁਕਾਰੇ
ਇਕ ਇਕ ਟੇਪੇ ਖੂਨ ਮੇਰੇ ਵਿਚ, ਲਖ ਲਖ ਤਿਰੇ ਨਜ਼ਾਰੇ
ਮਾਸ ਮਿਟੀ ਵਿਚ ਕਣ-ਕਣ ਤੇਰਾ, ਤੈਂ ਬਿਨ ਜੀਵਨ, ਮਰਨਾ :
ਤੈਂ ਜਾਂ ਤੇਰੀ ਯਾਦ ਬਿਨਾ, ਇਹ ਜੀਵਨ ਨਰਕ ਦੁਆਰ ਏ। ੧੪।

ਪਿਆਰੇ ਪਿਆਰੇ ਸਤਿਗੁਰ ਮੇਰੇ, ਕੀ ਵਰਤਾਇਆ ਭਾਣਾ
ਜਿਤਨਾ ਮੈਂ ਦਰਸ਼ਨ ਨੂੰ ਲੋਚਾਂ, ਉਤਨਾਂ ਦੂਰ ਟਿਕਾਣਾ
ਤੇਰੀ ਸਿਹਤ ਰਹੇ ਸਦ ਸੁਥਰੀ, ਹੇ ਜਗ ਦੇ ਸੁਖ ਦਾਤੇ :
ਤੇਰੇ ਨਾਲ ਬਹਾਰਾਂ ਸਾਨੂੰ, ਤੂੰ ਸਤਿਗੁਰ ਮਨ-ਭਾਣਾ। ੧੭।

ਇਕੋ ਤੂੰ, ਜੋ ਦੁਖ ਸੁਖ ਅੰਦਰ, ਯਾਦ ਮੇਰੀ ਵਿਚ ਆਵੇਂ
ਤੈਥੋਂ ਬਿਨਾ ਹੋਰ ਨਾ ਜਾਣਾ, ਤੂੰ ਹੀ ਪਾਰ ਲੰਘਾਵੇਂ
ਔਘਟ ਘਾਟੀ, ਬਿਖੜਾ ਪੈਂਡਾ, ਥਾਂ ਥਾਂ ਉਤੇ ਠੋਕਰ :
ਅਪਣੀ ਜਿਉਤੀ ਤੋਂ ਦੇ ਚਾਨਣ, ਬੇੜਾ ਬੰਨੇ ਲਾਵੇਂ। ੧੮।

ਸੁਖ ਵੀ ਲੰਘੇ, ਦੁਖ ਵੀ ਲੰਘਸਣ, ਤੂੰ ਜੇ ਅੰਦਰ ਵੱਸੇਂ
ਘਾਟਾ ਫਿਰ ਕਿਸ ਗੱਲ ਦਾ ਰਹਿਣਾ ਜੇ ਹਿਰਦੇ ਵਿਚ ਲੱਸੇਂ
ਤੂੰ ਮੇਰੀ ਆਸ, ਓਟ, ਤੂੰ ਉਹਲਾ, ਤੂੰ ਮੈਂ ਮਾਣ, ਪਿਆਰੇ :
ਅਪਣੇ ਪਿਆਰ ਵਿਚ ਰੱਖ ਜਿਉਂਦਾ, ਕਦੇ ਨ ਮੈਥੋਂ ਨੱਸੇਂ। ੧੯।

ਪਰਮ ਪਿਤਾ, ਪੂਰਨ ਕਿਰਪਾਲੂ, ਪ੍ਰੀਤਵਾਨ ਪ੍ਰਭ ਮੇਰੇ
ਹੋ ਨਿਰਾਸ਼ ਦੁਨੀਆਂ ਦੇ ਮੋਹ ਤੋਂ ਆਣ ਡਿਗਾ ਦਰ ਤੇਰੇ
ਸੱਜਣ ਸਾਕ ਨਿਕਟ ਸਨਬੰਧੀ ਆਪਣੇ ਆਪਣੇ ਗਉਂ ਦੇ:
ਇਕੋ ਤੂੰ, ਜੋ ਨਿਰਗੁਣ ਤੇ ਵੀ ਕਰਦੈਂ ਮਿਹਰ ਵਧੇਰੇ। ੨੦।

ਅੰਤ ਤੇਰਿਆਂ ਪਿਆਰਾਂ ਦਾ ਨਾ, ਨਾ ਸਾਡੇ ਅਪਰਾਧਾਂ ਦਾ
ਬੰਨਾਂ ਤੇਰੀਆਂ ਮਿਹਰਾਂ ਦਾ ਨਾ ਸਾਡੀਆਂ ਨਿਤ ਉਪਾਧਾਂ ਦਾ
ਮਾਣ ਕਿਹੜੀ ਕਰਨੀ ਦਾ ਕਰੀਏ ਪੁਤਲੀ ਵਾਂਗ ਨਿ-ਕਰਮਣ ਹਾਂ :
ਆਪਣਾ ਆਪਣਾ ਫ਼ਰਜ਼ ਪੁਗਾਈਏ ਦਸਿਆ ਏਹੋ ਸਾਧਾਂ ਦਾ। ੨੩।

ਮੈਂ ਨਾ ਮੰਗਾਂ, ਮੰਗ ਨਾ ਹੋਵੇ, ਡਰ ਲਗੇ — ਕੀ ਮੰਗਾਂ?
ਮੇਰੀ ਮੰਗ ਅਧੂਰੀ ਹੁੰਦੀ ਤਾਂ ਹੀ ਮੰਗਣੋਂ ਸੰਗਾਂ
ਅਣਮੰਗੇ ਤੂੰ ਸਭ ਕੁਝ ਦੇਵੇਂ, ਵਾਹ ਜੀ ਪ੍ਰੀਤਮ ਮੇਰੇ :
ਤੇਰੀ ਬਖਸ਼ ਸੁਰਜੀ ਵੇਖੀ, ਮੈਂ ਬਿਨ ਮੰਗੇ ਚੰਗਾਂ। ੨੯।

ਬੰਸੀ ਦੀ ਧੁਨ ਵਾਂਗਰਾਂ, ਸੁਹਣਿਆਂ ਤੇਰੇ ਬੋਲ
ਰਸ ਬਖੇਰਦੇ ਝਰੀ ਜਾਣ, ਮੇਰੇ ਕੰਨਾਂ ਕੋਲ
ਧੁਰ ਹਿਰਦੇ ਵਿਚ ਪਹੁੰਚਦੇ ਬਣ ਮਦ ਭਿੰਨਾ ਰਾਗ :
ਯਾਦ ਕਰਦਿਆਂ ਕੂਕ ਪਾਂ, ਮਿਲਸੈਂ ਕਦੋਂ ਅਡੋਲ। ੩੪।

ਢੱਠਾ ਆਣ ਦੁਆਰੇ ਤੇਰੇ, ਹੁਣ ਨਾ ਪੈਣ ਵਿਛੋੜੇ
ਪਛਤਾਵਾ ਉਹਨਾਂ ਦਾ ਲੱਗਾ, ਬੀਤ ਗਏ ਜੋ ਥੋੜੇ
ਅੰਦਰੋਂ ਪਲ ਨਾ ਦਈਂ ਜੁਦਾਈ, ਡਰਦੇ ਡਰਦੇ ਆਖਾਂ :
ਨਿਰਮਾਣਾਂ ਦਾ, ਕਹਿਣ, ਮਾਣ ਤੂੰ, ਯਾਦ ਰੱਖੀਂ ਹੱਥ ਜੋੜੇ। ੪੦।

ਨਾ ਧਨ ਧਾਮ, ਨਾ ਬਾਗ਼ ਬਗ਼ੀਚੇ, ਨਾ ਘੂਕੰਦੀਆਂ ਕਾਰਾਂ
ਮੇਰੇ ਜੀਵਨ ਦਾ ਧਰਵਾਸਾ, ਤੇਰੀ ਛੁਹ ਜੋ ਪਿਆਰਾਂ
ਲੱਖਾਂ ਗੇੜ ਜਿਉਣ ਦੇ ਲੰਘੇ, ਇਕੋ ਸਿੱਕ ਰਹੀ ਮੇਰੀ :
ਤੈਂ ਗਲ ਲੱਗਾਂ ਵੇਲ ਵਾਂਙ ਮੈਂ, ਹੋਵਣ ਸਫ਼ਲ ਬਹਾਰਾਂ। ੪੧।

ਰੂਪ, ਰੰਗ, ਰਸ, ਕੋਮਲਤਾ ਦਾ ਤੂੰ ਸਾਕਾਰ ਪਿਆਰੇ
ਡੂੰਘਾ ਹੋ ਹੋ ਜਿਉਂ ਜਿਉਂ ਤੱਕਾਂ, ਤਿਉਂ ਤਿਉਂ ਲਵਾਂ ਨਜ਼ਾਰੇ
ਸੰਤ ਭਗਤ ਤੈਨੂੰ ਹੀ ਸੇਉਂਦੇ, ਰਸੀਆਂ ਲਈ ਰਸ ਸੋਮਾਂ :
ਸਰਬ ਸ਼ਕਤੀਆਂ ਵਾਲੇ ਪ੍ਰੀਤਮ, ਬਹੁਤੇ ਸੁਖ ਦੇ ਸਾਰੇ। ੪੫।

ਸਰਬ-ਕਲਾ ਸਮਰੱਥ



ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ



ਧਰਮ ਧੁਜਾ, ਪ੍ਰੇਮ ਪੁਜਾਰੀ, ਸ਼ਾਂਤੀ ਦੇ ਸਮੁੰਦਰ, ਧੀਰਜ ਦਇਆਵਾਨ, ਕ੍ਰਿਪਾਲੂ, ਦਿਆਲੂ-ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ੨੨ ਨਵੰਬਰ ੧੯੨੦ ਈ. ੮ ਮੱਘਰ ਸੰਮਤ ੧੯੭੭ ਬਿ. ਸੋਮਵਾਰ ਹੋਇਆ। ਪਿਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਾਤਾ ਭੁਪਿੰਦਰ ਕੌਰ ਜੀ ਦੇ ਗ੍ਰਹਿ ਵਿਖੇ ਸਾਧ ਸੰਗਤ ਨੇ ਆਣ ਕੇ ਵਧਾਈਆਂ ਦਿੱਤੀਆਂ।

ਮਾਤਾ ਰਾਮ ਕੌਰ ਜੀ ਗੁਰੂਸਰ ਵਾਲਿਆਂ ਉਸ ਵਕਤ ਭਜਨ ਕੰਨ ਵਿਚ ਦੱਸ ਦਿੱਤਾ। ਧੰਨ ਸਤਿਗੁਰੂ ਰਾਮ ਸਿੰਘ ਅਕਾਲ ਪੁਰਖ ਕਹਿ ਬਾਅਦ ਵਿਚ ਆਪਣੇ ਹੱਥੀ ਗੁੜ ਦੀ ਗੁੜਤੀ ਦਿੱਤੀ। ਰਾਮਸਰ ਦਾ ਜਲ ਮੰਗਵਾ। ਦੁੱਧੀ ਧੋ ਮੁੱਖ ਪਾਈ। ਬੇਅੰਤ ਖੁਸ਼ੀਆਂ ਹੋਈਆਂ ਤੇ ਸਭ ਸਾਹਿਬਜ਼ਾਦੇ ਦਾ ਨਾਮ ਬੇਅੰਤ ਜੀ ਬੇਅੰਤ ਜੀ ਕਹਿਣ ਲੱਗੇ। ੨੫ ਦਿਨੀਂ ਰਾਮਸਰ ਕੰਢੇ ਪਵਿੱਤਰ ਜਲ ਉਸੇ ਦਾ ਇਸ਼ਨਾਨ ਕਰਵਾ ਸਮੇਤ ਮਾਤਾ ਜੀ ਦੇ ਅੰਮ੍ਰਿਤ ਸੰਤ ਆਲਾ ਸਿੰਘ ਜੀ ਨੇ ਛਕਾਇਆ। ਗ੍ਰੰਥ ਸਾਹਿਬ ਜੀ ਦਾ ਭੋਗ ਪੁਆਇਆ। ਮਾਤਾ ਰਾਮ ਕੌਰ ਜੀ ਦੇ ਮਤੇ ਅਨੁਸਾਰ ਸਤਿਗੁਰੂ ਜੀ ਦੇ ਹਜ਼ੂਰ ਜਗਜੀਤ ਸਿੰਘ ਨਾਮ ਰੱਖਿਆ। ਸਤਿਯੁਗ ਅਖਬਾਰ 'ਚ ਛਪਿਆ ਜੋ ਲਾਹੌਰੋ ਨਿਕਲਦਾ ਸੀ।

ਜੱਸਜੀਵਨ ਭਾਗ ਪਹਿਲਾ ਪੰਨਾ ੨੭੩

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਾਲਣ ਪੋਸਣ— ਅਕਾਲ ਪੁਰਖ ਦੇ ਭਾਣੇ ਅਨੁਸਾਰ ਜਦੋਂ ਸਾਹਿਬਜ਼ਾਦਾ ੪ ਸਾਲ ਦਾ ਹੋਇਆ ਤਾਂ ਪੂਜਯ ਮਾਤਾ ਭੁਪਿੰਦਰ ਕੌਰ ਜੀ ੨੯ ਭਾਦਰੋਂ ਸੰਮਤ ੧੯੮੧ ਨੂੰ ਅਕਾਲ ਚਲਾਣਾ ਕਰ ਗਏ। ਸ੍ਰੀ ਸਤਿਗੁਰੂ ਜੀ ਦਾ ਪਾਲਣ ਪੋਸਣ ਪੂਜਯ ਮਾਤਾ ਜੀਵਨ ਕੌਰ ਜੀ ਅਤੇ ਮਾਤਾ ਫਤਿਹ ਕੌਰ ਤੋਂ ਇਲਾਵਾ ਇਹਨਾਂ ਦੀ ਨਾਨੀ ਮਾਤਾ ਰਾਮ ਕੌਰ ਜੀ ਦੀ ਦੇਖ-ਰੇਖ ਵਿਚ ਹੁੰਦਾ ਰਿਹਾ। ਬਾਅਦ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਨ੍ਹਾਂ ਦੇ ਜੀਵਨ ਨੂੰ ਗੌਰਵਮਈ ਬਣਾਉਣ ਵਾਸਤੇ ਉਸਤਾਦਾਂ ਦਾ ਪ੍ਰਬੰਧ ਕੀਤਾ। ਬਾਲ ਅਵਸਥਾ ਤੇ ਸੇਵਾ ਦੀ ਸੰਭਾਲ ਉਸ ਵਕਤ ਦੇ ਪ੍ਰਬੰਧਕ ਸੰਤ ਗੁਰਮੁੱਖ ਸਿੰਘ ਝੱਬਰ ਦੇ ਜ਼ਿੰਮੇ ਲਾਈ ਗਈ ਸੀ।

ਸਤਿਗੁਰੂ ਜੀ ਦੀ ਪੜ੍ਹਾਈ ਤੇ ਰਾਗ ਵਿੱਦਿਆ— ਆਪ ਜੀ ਦੇ ਭਜਨ ਗੁਰੂ ਸੰਤ ਆਲਾ ਸਿੰਘ ਜੀ ਸਨ। ਵਿੱਦਿਆ ਗੁਰੂ ਮਾਸਟਰ ਬਲਵੰਤ ਸਿੰਘ ਜੀ ਰਾਗ ਦੇ ਉਸਤਾਦ-ਉਸਤਾਦ ਹਰਨਾਮ ਸਿੰਘ ਜੀ, ਉਸਤਾਦ ਊਧੋ ਖਾਂ ਜੀ, ਰਹੀਮ ਬਖਸ਼ ਜੀ, ਭਾਈ ਤਾਬਾ ਜੀ, ਭਾਈ ਨਸੀਰ ਜੀ ਅਤੇ ਖੁਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਸਹਿਬਜ਼ਾਦੇ ਦੇ ਨਾਲ (ਗੁਰਦੇਵ ਪਿਤਾ) ਵਾਲਾ ਪਿਆਰ ਕਰਦੇ ਸਨ।

ਕਿਰਪਾ ਦ੍ਰਿਸ਼ਟੀ— ਇਕ ਦਿਨ ਸਤਿਗੁਰੂ ਜੀ ਹਜ਼ੂਰ ਸਿੰਘ ਚੰਦਰਹਾਂਸ ਤੇ ਛੋਟੇ ਬਾਬਾ ਜੀ ਤੋਂ ਸ਼ਬਦ ਪੁਰਾਣੀ ਗੀਤ ਵਿਚ ਪੱਕੇ

ਰਾਗ ਦੇ ਸੁਣੇ ਤੇ ਵੱਡੇ ਬਾਬਾ ਜੀ ਕੋਲ ਬੈਠਿਆਂ ਵੱਲ ਇਸ਼ਾਰਾ ਕਰ ਬਚਨ ਕੀਤਾ ਮੈਂ ਸ਼ਿਮਲੇ ਤੇ ਜਲੰਧਰ ਆਦਿ ਰਾਗ ਸਭਾ ਸੁਣੀਆਂ ਹਨ ਤੇ ਆਪ ਭੈਣੀ ਸਾਹਿਬ ਕੀਤੀਆਂ ਵੀ ਹਨ। ਮੇਰੀ ਸਮਝ ਚੁ ਜੋ ਆਇਆ ਹੈ ਕਹਿੰਦਾ ਹਾਂ। ਤੁਹਾਡੇ ਜਿਹਾ ਲੈਅ ਦੇ ਹਿਸਾਬ ਤੇ ਸੁਰ ਵਿਚ ਰਹਿ ਕੋਈ ਗੌਂ ਨਹੀਂ ਸਕਦਾ। ਜੇ ਅਭਿਆਸ ਰੱਖੋਗੇ ਤਾਂ ਹੋਰ ਵਧੋਗੇ ਇਸ ਗੁਣ ਵਿਚ।

ਜੱਸ ਜੀਵਨ ਭਾਗ ੬ ਪੰਨਾ ੩੫

ਇੰਨ੍ਹਾਂ ਜਿਹਾ ਹੋਰ ਕੋਈ ਨਹੀਂ— ਸਤਿਗੁਰੂ ਜੀ ਨੂੰ ਇਕ ਗੀਤ ਤਾਬੇ ਦੀ ਗੰਵੀ ਹੋਈ ਬੜੀ ਪਸੰਦ ਆਈ। ਤਾਂ ਪੁੱਛਿਓ ਨੇ, "ਇਸ ਰਾਗ ਦਾ ਨਾਮ ਕੀ ਹੈ?" ਤਾਬੇ ਉੱਤਰ ਦਿੱਤਾ "ਛੋਟੇ ਹੁੰਦੇ ਮਾਪੇ ਮਰ ਗਏ ਸਨ, ਉਸਤਾਦ ਦੀ ਸੇਵਾ ਕਰ ਗੁਣ ਲੈਂਦਾ ਰਿਹਾ ਹਾਂ ਪੁੱਛਣ ਦੀ ਜੁੱਰਤ ਹੀ ਨਹੀਂ ਪਈ।" ਵੱਡੇ ਬਾਬਾ ਜੀ ਸੁਣ ਕਿਹਾ "ਗੁਣ ਭੀ, ਲੋੜ ਭੀ, ਸਿਰ ਤੇ ਪਿਆ, ਮੇਹਨਤ ਕੀਤਿਆ ਪ੍ਰਾਪਤ ਹੁੰਦੀ ਹੈ। ਸ਼ੌਕ ਤਾਂ ਲੋੜ ਦੋਵੇਂ ਚੀਜ਼ਾਂ ਹੋਣ ਤਾਂ ਤਕਲੀਫ਼ ਵੌਲਿਆ ਗੁਣ ਪ੍ਰਾਪਤ ਹੁੰਦਾ ਹੈ।" ਸਤਿਗੁਰੂ ਜੀ ਕਿਹਾ, "ਠੀਕ ਹੈ, ਠੀਕ ਹੈ।" ਵੱਡੇ ਬਾਬਾ ਜੀ ਤੋਂ ਇਕ ਗੀਤ ਸੁਣ ਸਤਿਗੁਰੂ ਜੀ ਬੜੇ ਖੁਸ਼ ਹੋਏ ਤੇ ਬਚਨ ਕੀਤਾ। (੪ ਸਾਲ ਦੀ ਉਮਰ ਵਿਚ ਰਾਗ ਵੱਲ ਲੱਗੇ ਹਨ।) ਇਹ ਗੀਤ ਹੁਣ ਸਿੱਖੀ ਹੈ। ਹੁਣ ੩੬ਵੇਂ ਸਾਲ ਵਿਚ ਹਨ ਵਿਚ ਹਨ ਤੇ ਕਿਹਾ, "ਸੰਸਾਰ ਤੇ ਕੋਈ ਇੰਨਾਂ ਜਿਹਾ ਨਹੀਂ।"

ਜੱਸਜੀਵਨ ਭਾਗ ੬ ਪੰਨਾ ੧੬੫

ਅਨੰਦ ਕਾਰਜ— ਬਾਲ ਅਵਸਥਾ ਤੋਂ ਭਰ ਜਵਾਨੀ ਤੱਕ ਸ੍ਰੀ ਸਤਿਗੁਰੂ ਜੀ ਹਰੇਕ ਵਿੱਦਿਆ ਵਿਚ ਨਿਪੁੰਨ ਹੋ ਗਏ ਤਾਂ ਕਰੀਬ ੨੪-੨੫ ਸਾਲਾ ਦੀ ਆਯੂ ਵਿਚ ਵੱਡੇ ਬਾਬਾ ਜੀ ਦਾ ਪਹਿਲਾ ਅਨੰਦ ਕਾਰਜ ਸ. ਊਧਮ ਸਿੰਘ ਰੰਧਾਵਾ, ਨਗਰ ਕਾਲੂ ਵਾਹਰ ਜ਼ਿਲ੍ਹਾ ਹੁਸ਼ਿਆਰਪੁਰ ਵਾਲਿਆਂ ਦੀ ਸਪੁੱਤਰੀ ਬੀਬੀ ਰਾਜਿੰਦਰ ਕੌਰ ਨਾਲ ਮੁਠੱਡੇ ਨਗਰ ਦੇ ਹੋਏ ਹੋਲੇ ਸਮੇਂ ਸੰਮਤ ੨੦੦੧ ਨੂੰ ਹੋਇਆ। ਪਰ ਅਕਾਲ ਪੁਰਖ ਦੇ ਭਾਣੇ ਅਨੁਸਾਰ ਮਾਤਾ ਰਜਿੰਦਰ ਕੌਰ ਛੇਤੀ ਹੀ ਚੜ੍ਹਾਈ ਕਰ ਗਏ। ਫਿਰ ਦੂਸਰਾ ਅਨੰਦ ਕਾਰਜ ੧੯ ਮਾਘ ਸੰਮਤ ੨੦੦੨ ਨੂੰ ਸੰਤ ਸਰਵਣ ਸਿੰਘ ਨਗਰ ਬਾਜਾਖਾਨਾ ਵਾਲਿਆਂ ਦੀ ਸਪੁੱਤਰੀ ਨਾਲ ਪਿੰਡ ਰੋਡੇ ਵਿਚ ਹੋਏ ਇਕ ਮੇਲੇ ਸਮੇਂ ਹੋਇਆ। ਇਸ ਭਾਗਸ਼ੀਲ ਬੀਬੀ ਦਾ ਨਾਮ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਚੰਦ ਕੌਰ ਰੱਖਿਆ। ਇੰਨਾਂ ਦੇ ਗ੍ਰਹਿ ਵਿਖੇ ਸੰਮਤ ੨੦੧੯ ਨੂੰ ਦੈਵੀ ਗੁਣਾ ਵਾਲੀ ਕੰਨਿਆ ਸ੍ਰੀ ਸਾਹਿਬ ਕੌਰ (ਬੀਬਾ ਜੀ) ਨੇ ਜਨਮ ਲਿਆ।

ਸ੍ਰੀ ਨਾਨਕ ਰਾਜ ਪੰਨਾ ੩੩੪

ਨਾਮ ਸਿਮਰਨ ਅਤੇ ਗੁਰਬਾਣੀ ਨਿੱਤਨੇਮ— ਜਿਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨੀਲੋਂ ਨਹਿਰ ਅਤੇ ਹੋਰ ਇਤਆਦਿਕ ਥਾਵਾਂ ਤੇ ਤਪੱਸਿਆ ਕੀਤੀ। ਇਵੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਰੋਜ਼ਾਨਾ ਨਾਮ ਸਿਮਰਨ, ਗੁਰਬਾਣੀ ਦਾ ਪਾਠ ਬਿਨਾਂ ਨਾਗਾ ਪਾਇਆ ਕਰਦੇ ਸਨ। ਕਈ ਵਾਰ ਸਾਰੀ ਸਾਰੀ ਰਾਤ ਜੀਵਨ ਨਗਰ ਸਰੋਵਰ ਵਿਚ ਪਏ ਦਰੱਖਤ ਤੇ ਬੈਠ ਕੇ ਭਜਨ ਕਰਦੇ ਸਨ। ਸ੍ਰੀ ਭੈਣੀ ਸਾਹਿਬ ਰਾਮਸਰ ਸਾਧ ਸੰਗਤ ਤੋਂ ਚੋਰੀ ਇਕ ਕਰੁੰਡੇ ਦੇ ਦਰੱਖਤ ਹੇਠਾਂ ਪੱਛਣ ਵੱਲ ਇਕ ਦਰੱਖਤ ਹੇਠ ਵੜਨ ਨੂੰ ਰਸਤੇ ਵਾਂਗ ਜਗ੍ਹਾ ਸੀ, ਵੱਲਦੀ ਜਾ ਕੇ ਹੇਠਾਂ ਚੌਂਕੀ ਰੱਖ ਕੇ ਲਗਾਤਾਰ ਕਈ ਕਈ ਘੰਟੇ ਨਾਮ ਸਿਮਰਨ ਕਰਿਆ ਕਰਦੇ ਸਨ।

ਸਾਧ ਸੰਗਤ ਦੀ ਸੇਵਾ— ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪ ਕਈ ਮੇਲਿਆਂ ਵਿਚ ਸਾਧ ਸੰਗਤ ਦੇ ਝੂਠੇ ਬਰਤਨ ਮਾਂਜਦੇ ਆਪ ਹੱਥੀਂ ਦਾਲਾ ਪ੍ਰਸ਼ਾਦਾ ਵਰਤਾਉਂਦੇ ਅਤੇ ਖੂਹੀ ਉਤੇ ਭਾਈਆਂ ਦਾ ਇਸ਼ਨਾਨ ਕਰਵਾਉਂਦੇ ਸਨ। ਸ੍ਰੀ ਰਾਮਸਰ ਸਰੋਵਰ ਦੀ ਸੇਵਾ ਕਈ ਵਾਰੀ ਆਪ ਜੀ ਨੇ ਕਹੀ ਫੜ ਕੇ ਮੋਹਰੀ ਹੋ ਕੇ ਆਪ ਕੀਤੀ ਤੇ ਸਿੱਖਾਂ ਕੋਲੋਂ ਕਰਵਾਈ। ਆਪ ਜੀ ਗਊਆਂ ਦੇ ਤਬੇਲੇ ਵਿਚ ਜਾ ਕੇ ਵੀ ਸੇਵਾ ਕਰਦੇ ਹਨ।

ਸਰਬ ਕਲਾ ਸਮਰੱਥ— ਸਤਿਗੁਰੂ (ਪ੍ਰਤਾਪ ਸਿੰਘ) ਜੀ ਵੀ ਦਿੱਲੀ ਦਰਸ਼ਨ ਦਿੱਤੇ ਪਰ ਦੇਹ ਢਿੱਲੀ ਦੇਖ ਵਾਪਸ ਕਾਰ ਵਿਚ ਆਉਂਦੇ ਸਮੇਂ ਕੇਹਰ ਸਿੰਘ ਮਾਨ ਅਰਜ ਕੀਤੀ ਆਪ ਜੀ ਦੀ ਦੇਹ ਵੱਲੋਂ ਚਿੰਤਾ ਹੁੰਦੀ ਹੈ। ਪੰਥ ਨੂੰ ਅਜੇ ਆਪ ਜੀ ਦੀ ਲੋੜ ਹੈ। ਸਤਿਗੁਰੂ ਜੀ ਉੱਤਰ ਦਿੱਤਾ ਮੈਨੂੰ ਕੋਈ ਚਿੰਤਾ ਨਹੀਂ-ਵੱਡਾ ਕਾਕਾ ਪੰਥ ਦੀ ਸੰਭਾਲ ਜੋਗ ਹੈ। ਤੇ ਨਿੱਕਾ ਵਿਹਾਰ ਵਿਚ ਸਿਆਣਾ ਹੈ।

ਜੱਸਜੀਵਨ ਭਾਗ ੬ ਪੰਨਾ ੩੪੯

ਗੁਰਗੱਦੀ— ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪੰਜ



ਭਾਦਰੋਂ ਵਾਲੇ ਦਿਨ ਦੇਹ ਦਾ ਓਹਲਾ ਕਰਨ ਉਪਰੰਤ ਉਹਨਾਂ ਦੇ ਬਚਨਾਂ ਅਨੁਸਾਰ ਕਿ ਵੱਡਾ ਕਾਕਾ ਸਰਬ-ਕਲਾ ਸਮਰੱਥ ਹੈ। ੨੨ ਅਗਸਤ ੧੯੫੯ ਈ. ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਗੁਰਗੱਦੀ ਤੇ ਸ਼ਸ਼ੋਭਿਤ ਹੋਏ।

ਸ੍ਰੀ ਸਤਿਗੁਰੂ ਜੀ ਦੁਆਰਾ ਮਹੱਤਵਪੂਰਨ ਕਾਰਜ— ਕੈਰੋਂ ਵਰਗੇ ਦੂਰ ਹੋਏ ਲੀਡਰਾਂ ਨੂੰ ਬਾਜੇਖਾਨੇ ਹੋਲੇ ਤੇ ਬੁਲਾ ਗੁਰੂ-ਘਰ ਨਾਲ ਜੋੜਿਆ। ਜੀਵਨ ਨਗਰ ਇਲਾਕੇ ਵਿਚੋਂ ਵਿਰੋਧੀਆਂ ਨੂੰ ਗੁਰੂ-ਘਰ ਨਾਲ ਜੋੜਿਆ ਬਖਸ਼ਬੰਦੀ ਕੀਤੀ। ਜੀਵਨ ਨਗਰ ਕੱਚੀਆਂ ਸੜਕਾਂ ਪੱਕੀਆਂ ਕਰਵਾਈਆਂ, ਟਿਊਬਵੈੱਲ ਲਗਵਾਏ, ਮਸਤਾਨਗੜ੍ਹ ਰੇਤਲੇ ਟਿੱਬੇ ਟਰੈਕਟਰਾਂ ਨਾਲ ਪੱਧਰੇ ਕਰਵਾਏ। ਬੰਜਰ ਜ਼ਮੀਨਾਂ ਵਿਚ ਪਾਣੀ ਦੀਆਂ ਮੋਟਰਾਂ ਲਗਵਾਈਆਂ, ਕਿੰਨੂਆਂ ਅੰਗੂਰਾਂ ਦੇ ਬਾਗ ਲਗਵਾ ਕੇ ਧਰਤੀ ਹਰੀ ਭਰੀ ਕਰ ਦਿੱਤੀ। ਗੁਰੂ ਹਰੀ ਸਿੰਘ ਵਿਦਿਆਲੇ ਨਾਲ ਇਕ ਵੱਡਾ ਕਾਲਜ ਉਸਾਰਿਆ। ਹਜ਼ਾਰਾਂ ਵਰਨੀਆਂ ਚਾਲੂ ਕਰਵਾਈਆਂ। ਭਜਨ ਬਾਣੀ ਦਾ ਹਰ ਪਾਸੇ ਪ੍ਰਵਾਹ ਚਲਾਇਆ। ਹਾਕੀ ਦੀ ਟੀਮ ਸਥਾਪਿਤ ਕੀਤੀ। ਸੰਗੀਤਕ ਨਰਸਰੀਆਂ ਸਥਾਪਿਤ ਕੀਤੀਆਂ। ਰਾਮਸਰ, ਅਕਾਲ ਬੁੰਗਾ, ਰਾਮ ਮੰਦਰ, ਹਰੀ ਮੰਦਰ, ਪ੍ਰਤਾਪ ਮੰਦਰ, ਗੋਲ ਮੰਦਰ, ਲੰਗਰ, ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ, ਸਤਿਗੁਰੂ ਰਾਮ ਸਿੰਘ ਮਿਨੀਏਚਰ ਪਾਰਕ, ਪ੍ਰਕਾਸ਼ ਅਸਥਾਨ ਰਾਈਆ ਇਤਆਦਿਕ ਅਸਥਾਨਾਂ ਨੂੰ ਚਾਰ ਚੰਨ ਲਾਏ ਅਤੇ ਨਵਾਂ ਰੂਪ ਦਿੱਤਾ।

ਮਹੱਤਵਪੂਰਨ ਤਿੱਥੀਆਂ— ੩ ਅਕਤੂਬਰ ੧੯੫੯ ਈ. ਤੀਸਰੀ ਸਰਵ ਹਿੰਦ ਲੇਖਕ ਕਾਨਫਰੰਸ, ਪੰਜਾਬੀ ਭਵਨ ਲੁਧਿਆਣੇ ਵਿਖੇ ਪ੍ਰਥਮ ਜਨਤਕ ਸੰਬੋਧਨ

੧ ਜਨਵਰੀ ੧੯੬੧ ਈ. (੧ ਜਨਵਰੀ ਤੋਂ ੧੧ ਜਨਵਰੀ ਤੱਕ ਥਾਈਲੈਂਡ (ਪਹਿਲਾ ਵਿਦੇਸ਼ ਦੌਰਾ)

ਸਤੰਬਰ ੧੯੬੧ ਈ. ਪਹਿਲੇ ਸਵਾ ਲੱਖ ਪਾਠਾਂ ਦੀ ਸੰਪਨਤਾ (ਭੋਗ ਸ੍ਰੀ ਭੈਣੀ ਸਾਹਿਬ)

ਅਕਤੂਬਰ ੧੯੬੧ ਈ. ਵਰਡ ਸ਼ਾਕਾਹਾਰੀ ਕਾਨਫਰੰਸ ਟੋਕੀਓ ਜਪਾਨ ਵਿਚ ਸ਼ਮੂਲੀਅਤ ਅਤੇ ੧੭-੧੦-੧੯੬੧ ਨੂੰ ਯੂਨੀਵਰਸਿਟੀ ਆਫ਼ ਯੂਨੀਵਰਸਲ ਰਿਲੀਜਨ ਟੋਕੀਓ ਵਿਖੇ ਸੰਬੋਧਨ।

੧੬ ਦਸੰਬਰ ੧੯੬੧ ਈ.-ਮੌਲਵੀ ਫਜ਼ਲ ਮੁਹੰਮਦ ਜੀ ਨੂੰ ਲਾਹੌਰ ਦਰਸ਼ਨ ਦੇ ਕੇ ਨਿਵਾਜਿਆ।

੩ ਜੂਨ ੧੯੬੩ ਈ. - ਪਹਿਲੀ ਅਨੰਦ ਸ਼ਤਾਬਦੀ ਮਨਾਉਂਦਿਆਂ ਖੋਟਿਆ ਵਿਖੇ ਗੁਰਮਤਿ ਅਨੁਸਾਰ ੧੪੯ ਅਨੰਦ ਕਾਰਜ ਕੀਤੇ।

ਜਨਵਰੀ ੧੯੬੪ ਈ.-ਪੰਜਾਬ ਅਮਨ ਕੌਂਸ਼ਲ ਦੀ ਪ੍ਰਧਾਨਗੀ ਤੇ ਸਸ਼ੋਭਿਤ।

੨੩ ਮਾਰਚ ੧੯੬੫ ਈ.- ਗੋ. ਸੰਵਰਧਨ ਸੰਮਤੀ ਵਲੋਂ ਹੈਦਰਾਬਾਦ ਵਿਖੇ ਗੋਪਾਲ ਰਤਨ ਸਨਮਾਨ।

੧੯੬੫ ਈ.- ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਵਿੱਦਿਅਕ ਸੰਮੇਲਨਾਂ ਦੀ ਸ਼ੁਰੂਆਤ।

੨੭ ਅਗਸਤ ੧੯੬੭ ਈ.- ਇੰਗਲੈਂਡ ਦਾ ਪਹਿਲਾ ਦੌਰਾ।

ਮਾਰਚ ੧੯੭੧ ਈ.- ਅਨੰਦਪੁਰ ਹੋਲਾ ਮੁਹੱਲਾ ਸ਼ਤਾਬਦੀ ਮਨਾਉਂਦਿਆਂ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਸਮਾਗਮ।

੧੯੭੧ ਈ. - ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸਵਾ ਲੱਖ ਪਾਠਾਂ



ਦੀ ਦੂਸਰੀ ਲੜੀ ਦੀ ਅਰੰਭਤਾ।

੧੯੭੨ ਈ. - ਸ਼ਹੀਦੀ ਸਾਕਾ ਮਲੇਰਕੋਟਲਾ ਦਾ ਸ਼ਤਾਬਦੀ ਸਮਾਗਮ ਅਤੇ ਪ੍ਰਦੇਸ਼ ਗਵਨ ਸ਼ਤਾਬਦੀ।

੧੯੭੩ ਈ. - ਸ੍ਰੀ ਗੁਰੂ ਰਾਮਦਾਸ ਸਰੋਵਰ ਸ੍ਰੀ ਹਰੀਮੰਦਰ ਸਾਹਿਬ ਅੰਮ੍ਰਿਤਸਰ ਦੀ ਕਾਰ ਸੇਵਾ ਦਾ ਟੱਕ ਲਗਾ ਕੇ ਆਰੰਭ।

੧੯੭੫ ਈ.- ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸਵਾਲੱਖ ਪਾਠਾਂ ਦੀ ਦੂਸਰੀ ਲੜੀ ਦੀ ਅਰੰਭਤਾ।

ਅਗਸਤ ੧੯੭੬ ਈ.- ਇੰਗਲੈਂਡ ਵਿਚ ਮੀਂਹ ਪਾਉਣ ਦੀ ਕਿਰਪਾ ਕੀਤੀ।

੧੯੭੬ ਈ. - ਰਾਮਸਰ ਸ੍ਰੀ ਭੈਣੀ ਸਾਹਿਬ ਦੀ ਕਾਰ ਸੇਵਾ।

੧੯੭੧-੭੬ ਈ.- ਵਿਸ਼ਵ ਸ਼ਾਕਾਹਾਰੀ ਕਾਨਫਰੰਸਾਂ ਵਿਚ ਸ਼ਮੂਲੀਅਤ ੧੯੭੧ ਹਾਲੈਂਡ, ੧੯੭੩ ਸਵੀਡਨ, ੧੯੭੫ ਸ੍ਰੀਲੰਕਾ ਅਤੇ ਸ਼ਿਕਾਗੋ ੧੯੬੬/੧੯੭੬ ਨਵੀਂ ਦਿੱਲੀ ਭਾਰਤ।

੧੯੭੭ ਈ. - ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਨਾਂ ਦੀ ਅਰੰਭਤਾ।

ਨਵੰਬਰ ੧੯੭੮ ਈ. ਡਾ. ਸੁਚਾਟ ਵਲੋਂ ਇਕ ਬਹੁਤ ਵੱਡੇ ਸਮਾਗਮ ਵਿਚ ਇੰਟਰਨੈਸ਼ਨਲ ਪੀਸ ਕਾਨਫਰੰਸ ਹਾਲ ਦਾ ੪੮ ਅੰਤਰਰਾਸ਼ਟਰੀ ਧਾਰਮਿਕ ਮੁਖੀਆਂ ਦੀ ਮੌਜੂਦਗੀ ਵਿਚ ਸ੍ਰੀ ਸਤਿਗੁਰੂ ਜੀ ਵੱਲੋਂ ਨੀਂਹ ਪੱਥਰ।

੧੯੮੩ ਈ. ਸ੍ਰੀ ਸਤਿਗੁਰੂ ਜੀ ਦੇ ਹੁਕਮ ਨਾਲ ਥਾਈਲੈਂਡ ਦੀ ਸੰਗਤ ਵਲੋਂ ਤੀਸਰੀ ਵਿਸ਼ਵ ਪੰਜਾਬੀ ਕਾਨਫਰੰਸ ਦਾ ਬੈਂਕੌਕ ਵਿਖੇ ਆਯੋਜਨ।

੧ ਅਗਸਤ ੧੯੮੩ ਈ.-ਸ੍ਰੀ ਜੀਵਨ ਨਗਰ ਸਤਿਗੁਰੂ ਹਰੀ ਸਿੰਘ ਕਾਲਜ ਦੀ ਸਥਾਪਨਾ।

੨੪ ਜੂਨ ੧੯੯੩ ਈ.- ਨਾਮਧਾਰੀ ਸ਼ਹੀਦੀ ਸਮਾਰਕ ਮਲੇਰਕੋਟਲਾ ਦਾ ਨੀਂਹ ਪੱਥਰ।

੧੯੯੯ ਈ.- ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਗੁਰੂ ਰਾਮ ਸਿੰਘ ਚੇਅਰ ਦੀ ਸਥਾਪਨਾ।


੨੮ ਮਾਰਚ ੨੦੦੫ ਈ. - ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਦਾ ਉਦਘਾਟਨ।

ਦਸੰਬਰ ੨੦੦੮ ਈ. - ਭਾਰਤ ਦੀ ਪਾਰਲੀਮੈਂਟ ਨਵੀਂ ਦਿੱਲੀ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਦੀ ਸਥਾਪਨਾ।

...ਰਹੂ ਅੱਖੀਆਂ ਦੇ ਕੋਲ ਵੇ



ਸੁਵਰਨ ਸਿੰਘ
ਵਿਰਕ



ਸਤਿਗੁਰੂ ਜਗਜੀਤ ਸਿੰਘ ਨਾਮਧਾਰੀ ਪੰਥ ਦਾ ਭੂਤ, ਭਵਿੱਖ ਅਤੇ ਵਰਤਮਾਨ ਹਨ। ਓਪਰੀ ਨਜ਼ਰ ਨਾਲ ਵੇਖਿਆ ਇਹ ਗੱਲ ਕੁਝ ਅਸੰਭਵ ਜਾਪਦੀ ਹੈ ਕਿਉਂਕਿ ਕਾਲ ਦੇ ਤਿੰਨਾਂ ਰੂਪਾਂ ਨੂੰ, ਇਕੋ ਵਿਅਕਤੀਤਵ ਵਿਚ, ਕਿਵੇਂ ਸਮੋਇਆ ਜਾ ਸਕਦਾ ਹੈ। ਪਰ ਕੁਝ ਅਸਧਾਰਨ ਇਤਿਹਾਸ ਪੁਰਖ ਵੀ, ਕਦੇ ਕਦੇ ਸਮੇਂ ਦੀ ਹਿੱਕੜੀ ਤੇ, ਆਪਣੇ ਕਾਰਜਾਂ ਦੀ ਛਾਪ ਇਉਂ ਛੱਡਦੇ ਹਨ ਕਿ ਕਾਲ ਦੀ ਹੋਂਦ ਉਹਨਾਂ ਅੱਗੇ ਨਿਗੂਣੀ ਮਹਿਸੂਸ ਹੁੰਦੀ ਹੈ। ਇਕ ਸਦੀ ਨੂੰ ਢੁੱਕਣ ਵਾਲੇ ਸਮੇਂ ਉਤੇ ਫੈਲਿਆ ਇਹ ਜੀਵਨ ਚਰਿੱਤਰ ਇਤਨਾ ਵਿਸ਼ਾਲ ਅਤੇ ਹੋਣੀਆਂ ਭਰਪੂਰ ਹੈ ਕਿ ਇਸ ਵਿਚੋਂ ਕਿਸੇ ਸਮੁਦਾਇ ਨਾਲ ਸਬੰਧਿਤ ਇਤਿਹਾਸ ਖੰਡ ਦੇ ਸਾਰੇ ਭਾਗਾਂ ਦੀ ਨਿਸ਼ਾਨਦੇਹੀ ਕਰਕੇ, ਉਸਦੇ ਭਵਿੱਖ ਨਕਸ਼ੇ ਉਲੀਕਣੇ ਵੀ ਅਲੋਕਾਰ ਨਹੀਂ ਜਾਪਦੇ।

ਸਿੱਖ ਮੱਤ ਦੇ ਨਾਮਧਾਰੀ ਪੰਥ ਨਾਲ, ਉਸਦੇ ਸੰਸਥਾਪਕਾਂ ਨਾਲ, ਉਹ ਕੁਝ ਵਾਪਰਿਆ ਜੋ ਉਹਨਾਂ ਦੀ ਇਤਿਹਾਸਕ ਹਸਤੀ ਅਤੇ ਵਿਲੱਖਣਤਾ ਨੂੰ ਸਦੀਵਤਾ ਪ੍ਰਦਾਨ ਕਰਨ ਲਈ, ਲੋੜੋਂ ਵੱਧ ਹੀ ਸੀ। ਇਹ ਸਮਾਂ ਪੰਜਾਬ ਦੇ ਇਤਿਹਾਸ ਵਿਚ ਸਿੱਖ ਸਾਮੰਤਸ਼ਾਹੀ ਦੇ ਪਤਨ ਅਤੇ ਬਰਤਾਨਵੀ ਵਪਾਰਕ ਸਰਮਾਏਦਾਰੀ ਦੇ ਉਥਾਨ ਦਾ ਸੀ। ਗੁਰੂ ਨਾਨਕ ਦਾ ਥਾਪਿਆ ਸਿੱਖ ਧਰਮ, ਆਪਣੇ ਪਿਛਲੇ ਵਾਰਸਾਂ ਦੁਆਰਾ ਇਸਦੇ ਕਲੇਵਰ ਨੂੰ ਹੋਰ ਵਿਸ਼ਾਲ ਹੁੰਦਾ ਵਿੰਹਦਾ ਹੋਇਆ, ਜਦੋਂ ਅਠਾਰ੍ਹਵੀਂ ਸਦੀ ਵਿਚ ਖੂਨ ਦੇ ਦਰਿਆ ਪਾਰ ਕਰਦਾ ਹੋਇਆ, ਸੱਤਾ ਦੀਆਂ ਦਹਿਲੀਜ਼ਾਂ ਤੇ ਖਲੋਤਾ ਦਿਸਦਾ ਹੈ ਤਾਂ ਇਸ ਦੇ ਸਰੂਪ ਵਿਚ ਕੁਝ ਤਬਦੀਲੀਆਂ ਨਜ਼ਰ ਆਉਣੀਆਂ ਸ਼ੁਰੂ ਹੁੰਦੀਆਂ ਹਨ। ਤਕਰੀਬਨ ਅੱਧੀ ਸਦੀ ਦਾ ਰਾਜਭਾਗ ਹੰਢਾਉਣ ਵਾਲੀ ਸਿੱਖ ਸਾਮੰਤਸ਼ਾਹੀ ਗੁਰੂ ਨਾਨਕ ਦੀ ਸਿੱਖਿਆ ਦੇ ਮੂਲ ਤੱਤਾਂ, ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਤੋਂ ਕੁਝ ਇਸ ਤਰ੍ਹਾਂ ਬੇਮੁੱਖ ਹੋਈ ਕਿ ਅਵਾਮ ਦੇ ਬੁਨਿਆਦੀ ਸਰੋਕਾਰਾਂ ਨਾਲ ਉਸਦਾ ਵਾਸਤਾ ਟੁੱਟਦਾ ਗਿਆ। ਸਰਬੱਤ ਖਾਲਸੇ ਵਾਲੀ ਸੋਚ, ਇਕ ਇਕ ਸਰਦਾਰ ਦੇ ਨਿੱਜੀ ਹਿੱਤਾਂ ਨੂੰ ਸੁਰੱਖਿਅਤ ਕਰਨ ਤੱਕ ਸੀਮਤ ਹੋ ਗਈ। ਨਤੀਜਾ ਫਰੰਗੀਆਂ ਦੀ ਚੜ੍ਹਤ ਵਿਚ ਨਿਕਲਿਆ ਤੇ ਇਸੇ ਸਮੇਂ ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦਾ ਵਿਸ਼ਾਲ ਕੂਕਾ ਅੰਦੋਲਨ, ਪੰਜਾਬੀ ਜਨਤਾ ਦੇ ਬੁਨਿਆਦੀ ਸਰੋਕਾਰਾਂ ਨਾਲ ਬਾਵਾਸਤਾ ਹੋ ਕੇ, ਉਹਨਾਂ ਦੀ ਰੂਹ ਦੇ ਹਾਣ ਦਾ ਬਣਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਨੂੰ, ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਸਿਰਜੇ, ਸਿੱਖ ਜੀਵਨ ਮੁੱਲਾਂ ਨੂੰ, ਮੁੜ ਪ੍ਰਸਥਾਪਨ ਕਰਨ ਅਤੇ ਪੰਜਾਬੀਆਂ ਨੂੰ ਆਪਣੀ ਤਕਦੀਰ ਦੇ ਆਪ ਮਾਲਕ ਬਨਾਉਣ ਲਈ ਮਸਾਂ ਡੇਢ ਕੂ ਦਹਾਕੇ ਦਾ ਸਮਾਂ ਮਿਲਿਆ। ਤੇ ਫਿਰ ਜਿਵੇਂ ਹਰ ਜਨ ਅੰਦੋਲਨ ਤੋਂ ਭੈਭੀਤ ਸੱਤਾ, ਉਸ ਨਾਲ ਨਿਪਟਣ ਲਈ ਸਾਮ, ਦਾਮ, ਦੰਡ ਦਾ ਇਸਤੇਮਾਲ ਕਰਦੀ ਹੈ, ਕੂਕਿਆਂ ਖਿਲਾਫ ਵੀ ਇਹ ਸਾਰੇ ਹਰਬੇ ਵਰਤੇ ਗਏ। ਗੁਰੂ ਹਰੀ ਸਿੰਘ ਜੀ ਦੀ ਅਗਵਾਈ ਦੇ ਕੂਕਾ ਲਹਿਰ ਦੇ ੩੪ ਵਰ੍ਹੇ ਵੀ ਬਹੁਤ ਹੋਣੀਆਂ ਭਰਪੂਰ ਰਹੇ। ਕੂਕਾ ਕੇਂਦਰ ਸ੍ਰੀ ਭੈਣੀ ਸਾਹਿਬ ਦੇ, ਬੰਦੀਗ੍ਰਹਿ ਵਿਚੋਂ ਹੀ ਉਹਨਾਂ ਨੂੰ ਆਪਣੀਆਂ ਕੁਝ ਭੂਮੀਗਤ ਅਤੇ ਕੁਝ ਅਰਧ ਭੂਮੀਗਤ, ਗਤੀਵਿਧੀਆਂ ਚਲਾਉਣੀਆਂ ਪਈਆਂ। ਫਿਰ ਵੀ

ਇਸ ਸਮੇਂ, ਜਿੱਥੇ ਇਕ ਪਾਸੇ ਤਖਤੋਂ ਲੱਥਾ, ਅੰਤਿਮ ਸਿੱਖ ਮਹਾਰਾਜਾ ਦਲੀਪ ਸਿੰਘ, ਅੰਗਰੇਜ਼ ਬਸਤੀਵਾਦੀਆਂ ਦੇ ਤਲਿਸਮ ਤੋਂ ਮੁਕਤ ਹੋ ਕੇ, ਰੂਸ ਜਹੇ ਵੱਡੇ ਮੁਲਕ ਦੀ ਸੈਨਿਕ ਸਹਾਇਤਾ ਨਾਲ, ਪੰਜਾਬ ਵੱਲ ਵਹੀਰਾਂ ਘੱਤਣੀਆਂ ਚਾਹੁੰਦਾ ਸੀ, ਦੂਜੇ ਪਾਸੇ, ਗੁਰੂ ਹਰੀ ਸਿੰਘ ਦੇ ਨਿਰਦੇਸ਼ਨ ਤਹਿਤ, ਸੂਬਾ ਬਿਸ਼ਨ ਸਿੰਘ ਕਾਬਲ ਵਾਲਾ, ਬਾਬਾ ਗੁਰਚਰਨ ਸਿੰਘ 'ਚੱਕ ਰਮਦਾਸ' ਅਤੇ ਹੋਰ ਕੂਕੇ ਸਿੰਘਾਂ ਦੇ ਨਾਲ, ਮੱਧ ਏਸ਼ੀਆ ਦੇ ਰੂਸੀ ਹਾਕਮਾਂ ਤੱਕ, ਆਪਣੀ ਲਹਿਰ ਦੀ ਮਨੁੱਖੀ ਸ਼ਕਤੀ ਨੂੰ, ਫਿਰੰਗੀਆਂ ਵਿਰੁੱਦ ਝੋਕਣ ਦੇ ਲੰਮੇ ਦਾਅਵੇ ਕਰ ਰਹੇ ਸਨ। ਰੰਗੂਨ ਅਤੇ ਮਰਗੋਈ ਜਿਹਲ ਵਿਚ, ਸ਼ਾਹੀ ਕੈਦੀ-ਸਤਿਗੁਰੂ ਰਾਮ ਸਿੰਘ ਨਾਲ, ਗੁਰੂ ਹਰੀ ਸਿੰਘ, ਪੰਜਾਬ ਦੇ ਕੂਕਾ ਆਗੂਆਂ ਅਤੇ ਰੂਸੀ ਪ੍ਰਤੀਨਿਧਾਂ ਵਿਚਾਲੇ, ਪੱਤਰਾਂ ਦੇ ਆਦਾਨ ਪਰਦਾਨ ਲਈ, ਭਾਈ ਮੀਹਾਂ ਸਿੰਘ ਸਿਰਹਾਲੀ ਅਤੇ ਨਰਾਇਣ ਸਿੰਘ ਰੋਡੇ ਜਿਹੇ ਕੂਕਾ ਮੁਖੀਆਂ ਨੇ, ਦਿਨ ਰਾਤ ਇਕ ਕੀਤਾ ਹੋਇਆ ਸੀ।

ਅੱਜ ਤੋਂ ਇਕ ਸੌ ਛੇ ਵਰ੍ਹੇ ਪਹਿਲਾਂ, ਇਨਕਲਾਬੀਆਂ, ਦੇਸ਼ ਭਗਤਾਂ ਕੌਮ ਪਰਸਤਾਂ, ਨਾਮਬਾਣੀ ਦੇ ਰੰਗ ਵਿਚ ਰੰਗੇ ਮਸਤਾਨਿਆਂ ਅਤੇ ਸਿੱਧ ਸਾਧਕਾਂ ਦੀ ਇਸ ਜਥੇਬੰਦੀ ਦੀ ਅਗੁਆਈ, ਯੁਵਾ-ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੱਥ ਆਈ। ਉਹਨਾਂ ਨੇ ਆਪਣੇ ਢੰਗ ਨਾਲ, ਦੇਸ਼ ਵਿਚ ਵਧ ਰਹੀਆਂ ਕੌਮੀ ਮੁਕਤੀ ਸੰਗਰਾਮ ਦੀਆਂ ਲਹਿਰਾਂ ਨਾਲ ਨੇੜਲੇ ਸਬੰਧ ਵੀ ਸਥਾਪਿਤ ਕੀਤੇ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਮੁਤਾਬਿਕ ਗੁਰਸਿੱਖੀ ਦੇ ਧੁਰੇ ਗੁਰਬਾਣੀ ਅਤੇ ਗੁਰਮਤਿ ਸੰਗੀਤ ਦੇ ਨਾਲ ਜੋੜ ਕੇ, ਆਪਣੇ ਸਮੁਦਾਇ ਨੂੰ ਮੁੜ ਏਨਾ ਸ਼ਕਤੀਸ਼ਾਲੀ ਬਣਾਇਆ ਕਿ ਇਸ ਨੇ ਸਮੂਹ ਨਾਨਕ ਨਾਮਲੇਵਿਆਂ ਨੂੰ, ਸੌੜੀਆਂ ਸੰਪ੍ਰਦਾਇਕ ਵਲਗਣਾਂ ਤੋਂ ਉੱਪਰ ਉੱਠ ਕੇ, ਏਕਤਾ ਸੂਤਰ ਵਿਚ ਪਰੋਣ ਲਈ, ਸ੍ਰੀ ਭੈਣੀ ਸਾਹਿਬ ਨੂੰ ਇਕ ਸਾਂਝੇ ਮੰਚ ਵਜੋਂ ਵਿਕਸਿਤ ਕੀਤਾ। ਨਾਮਧਾਰੀ ਜਗਤ ਤੇ, ਜਿੱਥੇ ਹਜ਼ੂਰ ਸਤਿਗੁਰੂ ਜੀ ਦੇ, ਸਾਦਾ ਜੀਵਨ ਜਾਚ ਤੇ ਉੱਚ ਆਤਮਕ ਮੰਡਲ ਵਿਚ ਵਿਚਰਨ ਦੇ ਸਮਰੱਥ ਬਨਾਉਣ ਇਤਿਆਦਕ ਅਨੇਕ ਉਪਕਾਰ ਹਨ, ਉੱਥੇ ਸਮਰਾਜ ਦੇ ਉਤਰ ਬਸਤੀਵਾਦੀ ਦੌਰ ਵਿਚ, ਨਾਮਧਾਰੀ ਸੰਸਾਰ ਦੀ ਸਮਰੱਥ ਅਗੁਆਈ ਕਰ ਸੱਕਣ ਦੇ ਯੋਗ, ਸਤਿਗੁਰੂ ਜਗਜੀਤ ਸਿੰਘ ਜੀ ਦੇ ਰੂਪ ਵਿਚ, ਇਕ ਉੱਤਰਾਅਧਿਕਾਰੀ ਥਾਪਣਾ ਵੀ ਉਹਨਾਂ ਦਾ ਨਿਤਾਣਿਆਂ ਨਿਮਾਣਿਆਂ ਜਿਹੇ ਗੁਣਾਂ ਨਾਲ ਭਰਪੂਰ, ਇਸ ਸਮੁਦਾਇ ਤੇ ਇਕ ਵੱਡਾ ਉਪਕਾਰ ਹੀ ਸੀ। ਅੱਜ ਦਾ ਨਾਮਧਾਰੀ ਜੀਵਨ ਦੇ ਹਰ ਖੇਤਰ ਵਿਚ, ਜਿਹੜੀਆਂ ਮੱਲਾਂ ਮਾਰ ਰਿਹਾ ਹੈ, ਉਸਦੀ ਇਕ ਵਿਸ਼ਵ ਪਹਿਚਾਨ ਸਥਾਪਿਤ ਹੋਈ ਹੈ, ਇਸ ਲਈ ਸਤਿਗੁਰੂ ਜਗਜੀਤ ਸਿੰਘ ਦਾ ਵਰਦ ਹਸਤ ਜ਼ਿੰਮੇਵਾਰ ਹੈ। ਸਦੀ ਤੋਂ ਲੰਮਾ ਸਮਾਂ, ਪਿਤਾ ਪੁੱਤਰ ਦੀ ਜੋੜੀ ਨੇ ਹੀ, ਅਨੇਕ ਯੁਗਾਂਤਰਕਾਰੀ ਘਟਨਾਵਾਂ ਦੇ ਅਗਵਾਹ ਰਹੇ ਵਕਤ ਵਿਚ, ਕਿਸੇ ਮਾਣਮੱਤੇ ਭਾਈਚਾਰੇ ਦੀ ਦੀਨੀ ਅਤੇ ਦੁਨਿਆਵੀ ਖੇਤਰਾਂ ਵਿਚ ਇਉਂ ਸਫਲਤਾਪੂਰਵਕ ਅਗੁਆਈ ਕੀਤੀ ਹੋਵੇ, ਇਤਿਹਾਸ ਦੇ ਪਾਠਕਾਂ ਲਈ ਕੀ ਇਹ ਦਿਲਚਸਪੀ ਦਾ ਵਿਸ਼ਾ ਨਹੀਂ ਬਣਿਆ?

ਸਤਿਗੁਰੂ ਜਗਜੀਤ ਸਿੰਘ ਹੋਰਾਂ ਦੇ ਆਗਮਨ ਸਮੇਂ ਵੀ ਤਾਂ ਭੈਣੀ ਸਾਹਿਬ ਦਾ ਨਾਮਧਾਰੀ ਗੁਰਦੁਆਰਾ, ਅੰਗਰੇਜ਼ ਸਰਕਾਰ ਦੀਆਂ ਨਜ਼ਰਾਂ ਵਿਚ ਕੂਕਾ ਬਾਗੀਆਂ ਦਾ ਮੁੱਖ ਕੇਂਦਰ ਹੀ ਸੀ। ਜਿਸ ਸਦਕਾ ਇੱਥੇ ਜ਼ਿਆਰਤ ਕਰਨ ਆਉਣ ਵਾਲਿਆਂ ਤੇ ਸਰਕਾਰੀ ਰੋਕਾਂ ਅਜੇ ਵੀ ਕਾਇਮ ਸਨ। ਆਪ ਦੇ ਬਾਲ ਕਾਲ ਅਤੇ ਫਿਰ ਯੁਵਾ ਅਵਸਥਾ ਵਿਚ, ਰੰਗਾ ਰੰਗ ਦੇ ਮੁਕਤੀ ਘੁਲਾਟੀਏ, ਪੰਜਾਬ ਦੀ ਜੰਗੇ-ਆਜ਼ਾਦੀ ਦੇ, ਪਹਿਲੇ ਸਿਰਲੱਥਾਂ ਦੀ ਬਸਤੀ ਨੂੰ, ਸਿਜਦਾ ਕਰਨ, ਪ੍ਰੇਰਣਾ, ਅਗੁਆਈ ਅਤੇ ਯੋਗ ਮੱਦਦ ਵਾਸਤੇ, ਇੱਥੇ ਪਹੁੰਚਦੇ ਰਹੇ। ਇਸ ਲਈ ਮਨੁੱਖੀ ਸੁਤੰਤਰਤਾ ਲਈ ਸਾਡੇ ਪੂਰਵਜਾਂ ਦੀਆਂ ਕੁਰਬਾਨੀਆਂ ਦੇ, ਸਤਿਗੁਰੂ ਜੀ ਚਸ਼ਮਦੀਦ ਅਗਵਾਹ ਰਹੇ। ਪਿਤਾ ਸਤਿਗੁਰੂ ਦੇ ਹੁਕਮਾਂ ਅਨੁਸਾਰ, ਪੰਡਿਤ ਜਵਾਹਰ ਲਾਲ ਨਹਿਰੂ ਸਮੇਤ, ਅਨੇਕਾਂ ਦੇਸ਼ ਸੇਵਕਾਂ ਦੀਆਂ ਗਤੀਵਿਧੀਆਂ ਵਿਚ, ਆਪ ਆਪਣੇ ਢੰਗ ਨਾਲ ਗਾਹੇ ਬਗਾਹੇ ਸਹਾਇਕ ਸਿੱਧ ਹੋਏ। ਦੇਸ਼ ਦੇ ਬਟਵਾਰੇ ਸਮੇਂ ਪੱਛਮੀ ਪੰਜਾਬ ਦੀ ਨਾਮਧਾਰੀ ਸੰਗਤ ਨੂੰ, ਸੁਰੱਖਿਅਤ ਪੂਰਬੀ ਪੰਜਾਬ ਵਿਚ ਪੁਚਾਉਣ ਲਈ, ਆਪ ਨੇ ਪਿਤਾ ਸਤਿਗੁਰੂ ਦੇ ਹਰ ਹੁਕਮ ਦੀ ਪਾਲਣਾ ਕੀਤੀ ਅਤੇ ਉਹਨਾਂ ਦੇ ਮੁੜ ਵਸੇਬੇ ਦੀ ਗਾਥਾ ਤੋਂ ਤਾਂ ਆਪਣਾ ਜਾਂ ਬੇਗਾਨਾ, ਕੋਈ ਵੀ ਅਪਰਿਚਿਤ ਨਹੀਂ।

ਜਿਵੇਂ ਕਿ ਹਰ ਤਬਦੀਲੀ ਸਮੇਂ ਅਕਸਰ ਵਾਪਰਦਾ ਹੈ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਕਸਮਾਤ ਅਕਾਲ ਚਲਾਣਾ ਕਰ ਜਾਣ ਬਾਅਦ, ਨਾਮਧਾਰੀ ਸੰਸਾਰ ਅਤੇ ਇਸ ਦੇ ਸ਼ੁਭਚਿੰਤਕ, ਇਸ ਦੀ ਭਵਿੱਖ ਅਗੁਆਈ ਪ੍ਰਤੀ ਚਿੰਤਤ ਸਨ। ਕਿਉਂਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਨਾਮਧਾਰੀ ਸੰਗਤ ਨੇ, ਕੁਝ ਖਿੱਤਿਆਂ ਵਿਚ ਅਜੇਹਾ ਜਲੌਅ ਮਹਿਸੂਸ ਕੀਤਾ, ਜਿਹੜਾ ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਕਾਲੇ ਬਾਅਦ, ਲੰਮਾ ਸਮਾਂ ਗੈਰ ਹਾਜ਼ਰ ਰਿਹਾ ਸੀ। ਸੋ ਕਿੱਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ, ਸੰਘਰਸ਼ਾਂ ਦੀ ਕੁਠਾਲੀ, ਜਪ ਤਪ ਅਤੇ ਜ਼ੁਹਦ ਇਬਾਦਤ ਦੀ ਟਕਸਾਲ ਵਿਚ ਘੜੀ, ਦਮਕਾ ਮਾਰਦੀ ਦਿਓ ਕੱਦ ਸ਼ਖਸੀਅਤ, ਜੋ ਨਾ ਫਰੰਗੀ

ਲਾਟ ਦੀ ਪਰਵਾਹ ਕਰੇ ਨਾ ਕਿਸੇ ਦੇਸੀ ਰਾਜੇ ਰਜਵਾੜੇ ਦੀ ਅਤੇ ਕਿੱਥੇ ਨਿਮਰਤਾ ਨਾਲ ਸਵੈ ਪ੍ਰਗਟਾਵੇ ਤੋਂ ਰਹਿਤ ਖਾਮੋਸ਼ ਵਿਚਰਨ ਵਾਲੇ, ਯੁਵਾ ਸਤਿਗੁਰੂ ਜੀ ਦੀ ਸੂਖਮ ਕਾਇਆ। ਪੰ੍ਤੂ ਥੋਹੜੇ ਹੀ ਸਮੇਂ ਦੀ ਖੇਡ ਸੀ, ਗੁਰੂ ਪਿਆਰਿਆਂ ਨੂੰ ਜਦੋਂ ਪਹਿਲੋਂ ਜਿਹਾ ਹੀ ਸਨੇਹ, ਵਾਤਸਲ ਉਹਨਾਂ ਦੇ ਬਾਲ ਬੱਚੇ, ਕਾਰ ਵਿਹਾਰ, ਸਿਹਤ ਸਿੱਖਿਆ ਅਤੇ ਅਧਿਆਤਮਕ ਪ੍ਰਗਤੀ ਬਾਰੇ ਉਹੋ ਜਹੀ ਫਿਕਰਮੰਦੀ ਭਰੀ, ਪੁੱਛ ਗਿੱਛ ਹੋਣ ਲੱਗੀ, ਉਹਨਾਂ ਦੀਆਂ ਅੜਾਉਣੀਆਂ ਦੇ ਹੱਲ ਸੁਝਾਏ ਜਾਣ ਲੱਗੇ, ਤਾਂ ਸਤਿਗੁਰੂ ਜਗਜੀਤ ਸਿੰਘ ਦੇ ਰੂਪ ਵਿਚ, ਉਹਨਾਂ ਨੂੰ ਆਪਣੇ ਸਾਂਹਵੇ, ਆਪਣੇ ਅਟੱਲ ਪ੍ਰਤਾਪੀ ਦੇ ਹੀ ਦਰਸ਼ਨ ਹੁੰਦੇ ਮਲੂਮ ਹੁੰਦੇ। ਵਿੱਥਾਂ ਮਿਟਦੀਆਂ ਗਈਆਂ ਕੀ ਆਪਣੇ ਕੀ ਬੇਗਾਨੇ ਸਭ ਇਹਨਾਂ ਦੇ ਸਨੇਹ ਪਾਸ਼ ਵਿਚ ਬੱਝਦੇ ਗਏ। ਆਪਦੇ ਸਖੀ ਪਰਵਾਰ ਸੁਭਾਅ ਅਤੇ ਉਦਾਰਤਾ ਨੇ ਹਾਤਮਤਾਈ ਦੇ ਕਿੱਸੇ ਮਾਤ ਪਾ ਦਿੱਤੇ।

ਅੱਧੀ ਸਦੀ ਤੋਂ ਵੱਧ, ਦੁਨੀਆਂ ਭਰ ਵਿਚ ਫੈਲੇ, ਆਪਣੇ ਲੋਕਾਂ ਦੀ ਅਗੁਆਈ ਲਈ, ਸਤਿਗੁਰੂ ਜਗਜੀਤ ਸਿੰਘ ਜੀ ਕਰਮਸ਼ੀਲ ਸ਼ਖਸੀਅਤ, ਕਿਸੇ ਕਰਿਸ਼ਮੇ ਤੋਂ ਘੱਟ ਨਹੀਂ ਸੀ। ਉਹਨਾਂ ਦਾ ਨਿੱਘ ਮਾਨਣ, ਪਰਵਾਸੀ ਪੰਛੀਆਂ ਜਿਉਂ, ਕੂਕਾ ਕੂੰਜਾਂ ਦੀਆਂ ਡਾਰਾਂ, ਪਤਾ ਨਹੀਂ ਕਿਹੜੇ ਕਿਹੜੇ ਮਾਨਸਰੋਵਰਾਂ ਤੋਂ, ਰਾਮਸਰ ਦੇ ਕੰਢਿਆਂ ਤੇ, ਆ ਆ ਕੇ ਉੱਤਰਦੀਆਂ ਰਹਿੰਦੀਆਂ ਹਨ। ਉਹਨਾਂ ਦੀ ਇਕ ਝਲਕ ਲਈ ਪ੍ਰਤੀਦਿਨ ਸਵਾ ਸਦੀ ਪੁਰਾਣੀ ਕੋਠੀ ਬਾਰਾ ਵਾਲੀ ਵਿਚ, ਹਜ਼ਾਰਾਂ ਦੀਆਂ ਕਤਾਰਾਂ ਲੱਗਦੀਆਂ ਰਹਿੰਦੀਆਂ ਹਨ। ਜਿੱਥੇ ਉਹਨਾਂ ਦਾ ਪ੍ਰੇਰਣਾ ਸਰੋਤ ਹੈ, ਊਰਜਾ ਕੇਂਦਰ ਹੈ, ਮੁਸ਼ਕਿਲ ਕੁਸ਼ਾ ਹੈ, ਪ੍ਰੀਤ ਪੈਗ਼ੰਬਰ ਹੈ। ਪਿਛਲੇ ਕੁਝ ਵਰ੍ਹਿਆਂ ਤੋਂ ਸਤਿਗੁਰੂ ਜੀ ਨੇ ਆਪਣੀ ਰਜ਼ਾ ਅਨੁਸਾਰ ਮੋਨ ਵਰਤ ਧਾਰਨ ਕੀਤਾ ਹੋਇਆ ਹੈ। ਉਹਨਾਂ ਦੇ ਸਮੂਹ ਚਾਹੁਣ ਵਾਲਿਆਂ ਦੇ, ਹਿਰਦੇ ਦੀ ਮੂਲ ਵੇਦਨਾ, ਪੰਜਾਬੀ ਦੇ ਉਸ ਲੋਕਗੀਤ ਦੀ ਹੂਕ ਬਣ ਚੁੱਕੀ ਹੈ–

"ਭਾਵੇਂ ਬੋਲ ਤੇ ਭਾਵੇਂ ਨਾ ਬੋਲ ਵੇ।
ਚੰਨਾ ਰਹੁ ਅੱਖੀਆਂ ਦੇ ਕੋਲ ਵੇ!!"

ਪਿੰਡ ਤੇ ਡਾਕ ਕਰੀਵਾਲਾ
(ਸਿਰਸਾ)–੦੧੬੯੯–੨੭੪੫੬੨

ਪਿਆਰੇ ਨਾਨਕ ਜੀ

—ਰਣਜੀਤ ਆਜ਼ਾਦ ਕਾਂਝਲਾ



ਮਾਂ ਤ੍ਰਿਪਤਾ ਦੇ ਰਾਜ-ਦੁਲਾਰੇ ਨਾਨਕ ਜੀ।
ਪਿਉ ਕਾਲੂ ਦੇ ਪੁੱਤਰ ਪਿਆਰੇ ਨਾਨਕ ਜੀ।
ਕਿੰਝ ਧੁੰਦਕਾਰ ਚੁਫੇਰੇ ਛਾਇਆ ਹੈ।
ਵੇਖ ਬਣਿਆ ਜਗ ਪਰਾਇਆ ਹੈ!
ਅਸੀਂ ਦੇ ਦੇ ਹੋਕਾ ਹਾਰੇ ਨਾਨਕ ਜੀ।...!!
ਮਨ ਨੂੰ ਸੱਚਾ ਸੌਦਾ ਜੋ ਭਾਇਆ।
ਜਾ ਭੁੱਖਿਆਂ ਤਾਈਂ ਛਕਾਇਆ।
ਦਾਤੇ ਬਣ ਬੈਠੇ ਵਣਜਾਰੇ ਨਾਨਕ ਜੀ।...!!
ਕਿਤੇ ਤੇਰ੍ਹਾਂ-ਤੇਰ੍ਹਾਂ ਪਏ ਕਰਦੇ।
ਪਰੇ ਡੰਗਰ ਖੇਤ ਵਿਚ ਚਰਦੇ!
ਜਾਈਏ ਚੋਜਾਂ ਤੋਂ ਬਲਿਹਾਰੇ ਨਾਨਕ ਜੀ।...!!
ਰਾਕਸ਼ ਕੌਡੇ ਜਿਹੇ ਬੰਦੇ ਬਣਾਏ।
ਪੰਜਾ ਲਾ ਕੇ ਪਹਾੜ ਥੰਮਾਏ!
ਘੁਮੰਡੀ ਭੂੰਜੇ ਲਾਹ ਮਾਰੇ ਨਾਨਕ ਜੀ।...!!
ਇਸਤਰੀ ਦਾ ਮਾਣ ਵਧਾਇਆ ਹੈ।
ਖ਼ਲਕਤ ਨੂੰ ਇਹ ਸਮਝਾਇਆ ਹੈ!
ਮਾਂ ਨੇ ਕੁੱਖੋਂ ਜੰਮੇ ਸਾਰੇ ਨਾਨਕ ਜੀ।...!!
ਅੱਜ ਉਹ ਮਾਂ ਹੋਟਲੀ ਵਿੱਕਦੀ।
ਜਾਂਦੀ ਵਿਚ ਪੁੜਾਂ ਦੇ ਪਿਸਦੀ!
ਖਾ ਗਏ ਦਾਜ ਹਤਿਆਰੇ ਨਾਨਕ ਜੀ।...!!
ਤੁਸੀਂ ਹੋ ਸਭ ਧਰਮਾਂ ਦੇ ਸਾਂਝੇ।
ਅੱਜ ਹੋ ਬੈਠੇ ਸਭ ਵਾਂਝੇ!
ਇਹ ਛੱਲ ਨਾ ਜਾਣ ਸਹਾਰੇ ਨਾਨਕ ਜੀ।
ਕਦੇ ਝਾਤ ਜਗਤ ਵੱਲ ਪਾ ਜਾਹ।
ਭੁੱਖੇ ਦੈਤਾਂ ਤਾਈਂ ਸਮਝਾ ਜਾਹ!
'ਆਜ਼ਾਦ' ਜਾਊ ਬਲਿਹਾਰੇ ਨਾਨਕ ਜੀ।...!!
ਮਾਂ ਤ੍ਰਿਪਤਾ ਦੇ ਰਾਜ ਦੁਲਾਰੇ ਨਾਨਕ ਜੀ।

ਸ਼ਿਵਪੁਰੀ ਧੂਰੀ (ਪੰਜਾਬ),
ਮੋ.-੦੯੯੮੮੦-੫੫੬੦੬







ਗੁਰਮੁਖ ਸਿੰਘ
'ਰਤਨ'

ਰੁਬਾਈਆਂ

ਸਭ ਕੁੱਝ ਤੇਰੇ ਆਪਣੇ ਹੱਥ ਹੈ, ਜਿਉਂ ਟੋਰੇਂ ਤਿਉਂ ਟੁਰਨਾ।
ਬਿਨਾ ਤੇਰੀ ਬਖਸ਼ਿਸ਼ ਦੇ ਦਾਤਾ, ਫੁਰਦਾ ਨਹੀਂ ਕੋਈ ਫੁਰਨਾ।
ਫੁਰਦਾ ਨਹੀਂ ਕੋਈ ਫੁਰਨਾ, ਕਦੇ ਬਿਨ ਰਹਿਮਤ ਤੇਰੀ-
ਸਤ੍ਰਿਗੁਰ ਤੂੰ ਸਮਰੱਥ, 'ਰਤਨ' ਨੂੰ ਪਵੇ ਕਦੇ ਨਾ ਝੁਰਨਾ॥

ਤੇਰੀ ਰਹਿਮਤ, ਤੇਰੀ ਬਖਸ਼ਿਸ਼ ਦਾ, ਕਿਸੇ ਅੰਤ ਨਹੀਂ ਪਾਇਆ।
ਜਦ ਤੂੰ ਚਾਹਿਆ, ਜਿਸ ਨੂੰ ਚਾਹਿਆ, ਉਸ ਤਾਈਂ ਵਡਿਆਇਆ।
ਜਿਸ ਤੇ ਤੇਰੀ ਮੇਹਰ ਹੋਈ, ਉਸੇ ਤੇ ਰੰਗਤ ਆਈ-
'ਰਤਨ' ਵੀ ਤੈਥੋਂ ਚਾਨਣ ਮੰਗੇ, ਇਸ ਮਨ ਤੇ ਨ੍ਹੇਰਾ ਛਾਇਆ॥

ਤੂੰ ਡਾਢਾ, ਬੇਅੰਤ ਸਤਿਗੁਰੂ, ਆਪੇ ਮੇਹਰਾਂ ਕਰਦਾ ਜਾਵੇਂ।
ਸ਼ਰਧਾ ਨਾਲ ਜੋ ਦਰ ਤੇ ਆਇਆ, ਉਹਦੀ ਝੋਲੀ ਭਰਦਾ ਜਾਵੇਂ।
ਆਪੀਂ ਤੂੰ ਸਮਰੱਥ ਸੁਆਮੀ, ਭਗਤਾਂ ਦੀ ਗੱਲ ਮੰਨ ਲੈਂਦਾ ਏਂ-
'ਰਤਨ' ਬਚਾਵੇਂ ਮਾੜਿਆਂ ਤਾਈਂ, ਤਕੜਿਆ ਉਤੇ ਵਰ੍ਹਦਾ ਜਾਵੇਂ॥

ਤੂੰ ਦਾਤਾ, ਦਾਤਾਂ ਦਾ ਮਾਲਕ ਹੈਂ, ਦੇਵਨਹਾਰ ਦਾਤਾਰ।
ਇਸ ਬੇਸਮਝ ਨੂੰ, ਬਖਸ਼ ਦੇ ਸਮਝਾਂ, ਕਰ ਰਹਿਮਤ, ਭਰ ਭੰਡਾਰ।
ਇਹਦੀ ਕਲਮ ਨੂੰ ਦਈਂ ਸਵਾਰ, ਤੂੰ ਕਰਕੇ ਬਖ਼ਸ਼ਿਸ਼-
ਨਾਮ ਤੇਰੇ ਦੀ ਮਹਿਮਾ ਉਚੀ, ਕੋਈ 'ਰਤਨ' ਨਾ ਪਹੁੰਚਨਹਾਰ॥

ਵੱਖਰੇ ਵੱਖਰੇ ਰੂਪ ਧਾਰ ਕੇ, ਕਈ ਜੁੱਗਾਂ ਵਿਚ ਆਇਆ।
ਦਇਆ, ਧਰਮ, ਮਨੁੱਖਤਾ ਵਾਲਾ, ਆਪੀਂ ਪਾਠ ਪੜ੍ਹਾਇਆ।
ਪਿਆਰ ਤੇਰੇ ਤੋਂ ਸਦਕੇ ਜਾਵਾਂ, ਦੂਹੀਂ ਦੂਹੀਂ ਹੱਥੀਂ ਵੰਡੇ-
'ਰਤਨ' ਰੂਪ ਬੇਅੰਤ ਹੈ ਤੇਰਾ, ਜਿਸ ਆ ਗਲੇ ਲਗਾਇਆ॥

ਬਖਸ਼ਿਸ਼ ਦਾ ਭੰਡਾਰ ਤੂੰ ਆਪੀਂ, ਆਪੀਂ ਦਿਲ ਦੀਆਂ ਬੁਝਣਹਾਰਾ।
ਭਾਗੋਆਂ ਤਾਈਂ ਆਪ ਲਤਾੜੇਂ, ਲਾਲੋਆਂ ਤਾਈਂ ਕੱਜਨਹਾਰਾ।
ਵੇਸਵਾ ਬੂਹੇ ਪਹਿਰਾ ਦੇਵੇਂ, ਆਪਣਾ ਸਿੱਖ ਬਚਾਣ ਦੀ ਖਾਤਿਰ-
ਥੰਮ ਪਾੜਕੇ ਦਰਸ਼ਨ ਦੇਨੈਂ, 'ਰਤਨ' ਪਿਆਰ ਵਿਚ ਬੱਝਣਹਾਰਾ॥

ਧੰਨ ਹੈ ਤੂੰ, ਕਿਰਪਾ ਦਾ ਸਾਗਰ, ਤੇਰੀ ਬਹੁਤ ਵਡਿਆਈ।
ਹਰ ਯੁੱਗ ਵਿਚ ਤੂੰ, ਪਰਗਟ ਹੋ ਕੇ, ਆਪਣੀ, ਕਲਾ ਵਿਖਾਈ।
ਭਗਤਾਂ ਦੀ ਤੂੰ, ਰੱਖਦਾ ਆਇਆ, ਜਦ ਵੀ ਕਿਸੇ ਧਿਆਇਆ-
'ਰਤਨ' ਤੇਰਾ ਕਰਦੈ ਸ਼ੁਕਰਾਨਾ, ਜਿਵੇਂ ਉਸ ਦੀ ਪੈਜ ਰਖਾਈ॥

ਕੌਣ ਨਾਪ, ਸਕਦਾ ਏ, ਤੇਰੀ ਗਹਿਰਾਈ ਨੂੰ।
ਕੌਣ ਜਾਣ, ਸਕਦਾ ਏ, ਤੇਰੀ ਵਡਿਆਈ ਨੂੰ।
ਕੋਈ ਨਹੀਂ, ਛੋਹ ਸਕਿਆ, ਤੇਰੀ ਉਚਿਆਈ ਨੂੰ-
'ਰਤਨ' ਪਿਆ ਵੰਡਦੈਂ, ਜਿਹੜੀ ਰੁਸ਼ਨਾਈ ਨੂੰ॥

ਮਨੁੱਖਤਾ ਦਾ ਮਸੀਹਾ,
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ





ਗੁਰਬਚਨ ਸਿੰਘ
ਨਾਮਧਾਰੀ

ਸੰਨ ੧੯੬੭ ਵਿਚ ਤਕਰੀਬਨ ਪੂਰਵਾਂਚਲ, ਬਿਹਾਰ, ਬੰਗਾਲ, ਉੜੀਸਾ, ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਦਾ ਦੱਖਣ ਪੂਰਬੀ ਭਾਗ, ਭਿਆਨਕ ਅਕਾਲ ਦੀ ਲਪੇਟ ਵਿਚ ਆ ਗਿਆ। ਸਰਕਾਰ ਇੰਨੇ ਵੱਡੇ ਖੇਤਰ ਵਿਚ ਫੌਰੀ ਸਹਾਇਤਾ ਦੇਣ ਨੂੰ ਸਮਰੱਥ ਨਹੀਂ ਸੀ। ਉਸੇ ਵਿਕਟ ਸਮੇਂ, ਦੈਵਯੋਗ ਨਾਲ, ਸਤਿਗੁਰੂ ਜਗਜੀਤ ਸਿੰਘ ਜੀ ਦਾ ਡਾਲਟਨਗੰਜ ਦੌਰਾ ਹੋਇਆ। ਡੇਹਰੀ-ਆਨ-ਸੋਨ ਤਕ, ਕਾਲਕਾ-ਹਾਵੜਾ ਮੇਲ ਤੇ ਆਏ। ਅਗਲੀ ਯਾਤਰਾ ਬੀ.ਡੀ.ਪੈਸੇਂਜਰ ਤੇ ਆਰੰਭ ਹੋਈ। ਕੁਲ ੯੦ ਕਿਲੋਮੀਟਰ ਦੀ ਯਾਤਰਾ, ਪੁਰਾਣੇ ਸਟੀਮ-ਇੰਜਨ ਨਾਲ ੫ ਘੰਟਿਆਂ ਵਿਚ ਪੂਰੀ ਹੋਣੀ ਸੀ। ਪਾਤਸ਼ਾਹ, ਕੁਝ ਸਮੇਂ ਬਾਦ, ਫਰਸਟ ਕਲਾਸ ਦੀ ਆਪਣੀ ਸੀਟ ਤੋਂ ਉਠੇ ਹੈਂਡਲ ਫੜ ਦਰਵਾਜ਼ੇ ਤੇ ਖਲੋ ਗਏ। ਹੌਲੀ-ਹੌਲੀ ਗੱਡੀ ਅੱਗੇ ਵੱਧੀ ਜਾ ਰਹੀ ਸੀ ਅਤੇ ਸਾਹਮਣੇ, ਅਕਾਲ ਦੀ ਮਾਰ ਨਾਲ ਮੂੰਹ ਪਾਟੇ ਖੇਤ, ਖਲਿਹਾਨ, ਪੁਟ੍ਰਸ਼ ਅਤੇ ਬਬੂਲ ਦੀਆਂ ਝਾੜੀਆਂ ਪਿੱਛੇ ਭੱਜੀਆਂ ਜਾ ਰਹੀਆਂ ਸਨ। ਸਤਿਗੁਰਾਂ, ਬਿਹਾਰ ਦਾ ਪਿਛੜਾਪਨ ਵੇਖਿਆ, ਊਬੜ-ਖਾਬੜ ਪਠਾਰੀ ਧਰਤੀ ਵੇਖੀ, ਕਿਤੇ-ਕਿਤੇ ਝੌਂਪੜੀਆਂ ਵੇਖੀਆਂ, ਨੰਗ ਧੜੰਗ ਗਰੀਬ ਬੱਚੇ ਵੇਖੇ, ਇਕ ਅੰਗਾਂ ਵਸਤ੍ਰ ਨਾਲ ਨੰਗੇਜ ਢੱਕਣ ਦਾ ਨਿਸਫਲ ਪ੍ਰਯਾਸ ਕਰਦੀਆਂ ਆਦੀਵਾਸੀ ਔਰਤਾਂ ਵੇਖੀਆਂ। ਪਿੱਛੇ ਮੁੜ ਕੇ, ਆਪਣੀ ਸੀਟ ਤੇ ਬੈਠ, ਸੇਠ ਕ੍ਰਿਪਾਲ ਸਿੰਘ ਨੂੰ, ਸੂਬਾ ਦੀਵਾਨ ਸਿੰਘ ਨੂੰ ਮੁਖਾਤਿਬ ਹੋ ਕੇ ਸ਼ਾਹ ਦਰਵੇਸ਼ ਪਾਤਸ਼ਾਹ ਬੋਲੇ-"ਮੇਰੇ ਲਈ ਫਰਸਟ ਕਲਾਸ ਦਾ ਖਰਚਾ ਨਹੀਂ ਸੀ ਕਰਨਾ...ਇਹ ਪੈਸਾ ਇਨ੍ਹਾਂ ਜ਼ਰੂਰਤਮੰਦਾਂ ਦੇ ਅਰਥ ਲਾ ਦੇਣਾ ਸੀ। ਡਾਲਟਨਗੰਜ ਪੁੱਜ ਕੇ, ਸਵੇਰੇ, ਆਸਾ ਦੀ ਵਾਰ ਦੇ ਭੋਗ ਉਪਰੰਤ, ਹੁਕਮ ਕੀਤਾ, ਇਸ ਸੰਕਟ ਦੀ ਘੜੀ ਵਿਚ, ਇਨ੍ਹਾਂ ਗਰੀਬਾਂ-ਮਜ਼ਲੂਮਾਂ ਦੀ ਵੱਧ ਤੋਂ ਵੱਧ ਸਹਾਇਤਾ ਕਰੋ...ਮੈਨੂੰ ਹੋਰ ਕੁਝ ਨਹੀਂ ਚਾਹੀਦਾ। ਆਪਣੇ ਮਹਿਬੂਬ ਸਤਿਗੁਰੂ ਦਾ ਮਨੋਰਥ ਭਾਂਪ ਕੇ, ਦੂਜੇ ਦਿਨ, ਪੋਸਟ ਆਫਿਸ ਵਾਲੀ ਬਿਲਡਿੰਗ ਵਿਚ, ਸ਼ਹਿਰ ਦੇ ਵਪਾਰੀ, ਅਫਸਰ, ਵਕੀਲ ਅਤੇ ਹੋਰ ਸ਼ਹਿਰ ਨਿਵਾਸੀਆਂ ਦੇ ਵੱਡੇ ਇਕੱਠ ਵਿਚ, ਪਾਤਸ਼ਾਹ ਨੇ ਪ੍ਰਵਚਨ ਕੀਤਾ, "ਪ੍ਰਾਣੀ ਮਾਤਰ ਦੀ ਸੇਵਾ ਅਤੇ ਸੁਰੱਖਿਆ ਤੋਂ ਵੱਡਾ ਹੋਰ ਕੋਈ ਧਰਮ ਨਹੀਂ। ਭਜਨ ਬੰਦਗੀ, ਵਰਤ-ਨੇਮ ਉਪਵਾਸ ਰੱਖ ਕੇ, ਅਕਾਲ ਜਿਹੇ ਕੁਦਰਤ ਦੇ ਕਹਿਰ ਅੱਗੇ, ਲੋਕ ਸੇਵਾ ਦਾ ਸੰਕਲਪ ਆਉਂਦਾ ਹੈ। ਆਉ, ਸਾਰੇ ਮਿਲ ਕੇ ਭੁੱਖਿਆਂ ਲਈ ਰੋਟੀ ਦਾ ਜੁਗਾੜ ਕਰੀਏ।" ਦੂਜੇ ਦਿਨ ਹੀ, ਉਸੇ ਬਿਲਡਿੰਗ ਦੇ ਵੱਡੇ ਹਾਲ ਵਿਚ, "ਨਾਮਧਾਰੀ ਰਿਲੀਫ ਕੈਂਪ" ਸਥਾਪਤ ਹੋ ਚੁੱਕਿਆ ਸੀ ਅਤੇ ਜ਼ਰੂਰਤਮੰਦ ਲੋਕਾਂ ਲਈ, ੧੦ ਕਿਲੋ ਪ੍ਰਤੀ ਘਰ ਮੁਫਤ ਅਨਾਜ ਦੀ ਵੰਡ ਆਰੰਭ ਹੋ ਗਈ ਸੀ। ਇਹ ਰਿਲੀਫ ਅਗਲੀ ਫਸਲ ਦੇ ਆਉਣ ਤਕ ਚਲਦੀ ਰਹੀ। ਇਲਾਕਾ ਵਾਸੀਆਂ ਦੀ ਮਤਿ ਅਨੁਸਾਰ, "ਸਰਕਾਰ ਤੋਂ ਵੱਧ ਸਤਿਗੁਰੂ ਜੀ ਨੇ ਲੋਕਾਂ ਦੀ ਸਹਾਇਤਾ ਕੀਤੀ।"

ਮਨੁੱਖੀ ਜਗਤ ਦੀ ਸ਼ਾਂਤੀ-ਸੁਰੱਖਿਆ ਲਈ, ਸਤਿਗੁਰੂ ਜਗਜੀਤ ਸਿੰਘ ਜੀ, ਹਰ ਖਿਣ ਤਤਪਰ ਰਹਿੰਦੇ। ੨੦ਵੀਂ ਸਦੀ ਦੇ ੬ਵੇਂ ਦਹਾਕੇ ਵਿਚ, ਮਨੁੱਖੀ ਸੰਸਾਰ ਵਿਚ ਅਮਨ ਬਹਾਲੀ ਲਈ, ਵਿਸ਼ਵ ਬੁੱਧੀਜੀਵੀਆਂ, ਧਰਮ ਸੰਸਥਾਵਾਂ, ਸਿਆਸੀ ਆਗੂਆਂ ਅਤੇ ਸਮਾਜ ਸੇਵੀਆਂ ਦੇ ਸੱਦੇ ਤੇ, ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਨੇ ਬੜੇ ਉਤਸ਼ਾਹ ਨਾਲ ਦਿੱਲੀ, ਅੰਮ੍ਰਿਤਸਰ, ਪਟਨਾ ਅਤੇ ਕਲਕੱਤੇ ਦੀਆਂ ਸਾਰੀਆਂ ਹਿੰਦ ਅਮਨ ਕਾਨਫਰੰਸਾਂ ਤੋਂ ਲੈ ਕੇ ਕੌਮਾਂਤਰੀ ਅੰਤਰਰਾਸ਼ਟਰੀ ਅਮਨ ਇਕੱਤਰਤਾਵਾਂ ਵਿਚ, ਨਾ ਸਿਰਫ ਆਪਣੇ



ਪ੍ਰਤੀਨਿਧੀ ਮੰਡਲ ਭੇਜ ਕੇ ਹਾਜ਼ਰੀ ਦਰਜ ਕਰਵਾਈ, ਸਗੋਂ ਨਿੱਗਰ ਯੋਗਦਾਨ ਵੀ ਪਾਇਆ। ਕਈ ਪਾਰਟੀ ਲੀਡਰਾਂ ਨੇ ਇਸ ਅਮਨ ਲਹਿਰ ਨੂੰ ਕਮਿਊਨਿਸਟ ਨਾਲ ਨਾਮਧਾਰੀਆਂ ਦਾ ਗਠਜੋੜ ਆਖ ਕੇ ਭੰਡਿਆ ਅਤੇ ਸ੍ਰੀ ਸਤਿਗੁਰੂ ਪਾਤਸ਼ਾਹ ਤੇ, ਇਨ੍ਹਾਂ ਵਾਮਪੱਖੀ ਵਿਚਾਰਧਾਰਾ ਵਾਲਿਆਂ ਨਾਲ ਹੱਥ ਮਿਲਾਉਣ ਦਾ ਆਰੋਪ ਲਾਇਆ। ਇਕ ਵਾਰ ਤਾਂ ਪੰਡਤ ਜਵਾਹਰ ਲਾਲ ਨਹਿਰੂ ਨੇ ਵੀ ਇਸ ਆਸ਼ੇ ਦੀ ਚਰਚਾ ਕੀਤੀ। ਪਾਤਸ਼ਾਹ ਨੇ ਇਹ ਕਹਿ ਕੇ ਸਾਰਿਆਂ ਦਾ ਮੂੰਹ ਬੰਦ ਕਰ ਦਿੱਤਾ ਕਿ, "ਜੇ ਮੇਰੇ ਘਰ ਅੱਗ ਲੱਗੀ ਹੋਵੇ ਤੇ ਕਮਿਊਨਿਸਟ ਬਾਲਟੀਆਂ ਪਾਣੀ ਦੀਆਂ ਭਰ-ਭਰ ਕੇ ਆਉਂਦੇ ਹੋਣ ਤਾਂ ਕੀ ਮੈਂ ਉਨ੍ਹਾਂ ਨੂੰ ਰੋਕ ਲਵਾਂ?" ਸਾਰਿਆਂ ਦੇ ਮੂੰਹ ਬੰਦ ਹੋ ਗਏ। ਦੱਸਣਯੋਗ ਹੈ, ਕਿ ਪਟਨੇ ਅਤੇ ਕਲਕੱਤੇ ਦੀਆਂ ਦੋ ਅਮਨ ਸੰਮੇਲਨਾਂ ਵਿਚ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਸ਼ੇਸ਼ ਹੁਕਮ ਤੇ ਮੈਂ ਵੀ ਆਪਣੇ ਕੁਝ ਸੰਗੀ-ਸਾਥੀਆਂ ਨਾਲ ਸ਼ਿਰਕਤ ਕੀਤੀ ਸੀ। ਇਸ ਕਰਕੇ ਕਮਿਊਨਿਸਟਾਂ ਨਾਲ ਨਾਮਧਾਰੀ ਸਦਭਾਵਨਾ ਦੇ ਆਰੋਪਾਂ ਦਾ ਚਸ਼ਮਦੀਦ ਗਵਾਹ ਹਾਂ।

ਕਹਿੰਦੇ ਹਨ, ਪ੍ਰਯਾਗ/ਰਾਜ, ਤ੍ਰਿਵੇਣੀ ਹੈ, ਤਿੰਨ ਪਵਿੱਤਰ ਨਦੀਆਂ ਦਾ ਸੰਗਮ! ਗੰਗਾ ਅਤੇ ਯਮੁਨਾ ਤਾਂ ਦਿਖਾਈ ਦੇਂਦੀਆਂ ਹਨ, ਸਰਸਵਤੀ ਗੁਪਤ ਹੋ ਗਈ ਹੈ। ਗੁਰੂ ਨਾਨਕ ਦੇ ਚਲਾਏ ਮਾਰਗ ਵਿਚ ਵੀ, ਸੇਵਾ, ਸਿਮਰਨ ਅਤੇ ਸੰਗੀਤ ਦੀ ਤ੍ਰਿਵੇਣੀ ਦਾ ਕਲਕਲਨਾਦ ਗੂੰਜਦਾ ਸੀ। ਪੰਜਵੇਂ ਪਾਤਸ਼ਾਹ ਨੇ ਇਸ ਪ੍ਰੰਪਰਾ ਨੂੰ ਹੋਰ ਪੱਲਵਿਤ ਕੀਤਾ। ਦਸਵੇਂ ਪਾਤਸ਼ਾਹ ਦੇ ਨਾਂਦੇੜ-ਕੌਤਕ ਤੋਂ ਬਾਦ, ਤਕਰੀਬਨ ਡੇਢ ਸੌ ਸਾਲਾ ਘੱਲੂਘਾਰੇ ਨੇ, ਬਹੁਤ ਕੁਝ ਅਸਤ-ਵਿਅਸਤ ਕਰ ਦਿੱਤਾ। ਇਸੇ ਸੰਕਟ ਸਮੇਂ ਸਿੱਖ ਜਗਤ ਵਿਚ ਪ੍ਰਸਾਰਿਤ ਹੋਣ ਵਾਲੀ ਸੰਗੀਤ ਦੀ ਸਰਸਵਤੀ ਵੀ ਭੂਗਰਭ ਵਿਚ ਲੀਨ ਹੋ ਗਈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ, ਗੁਰੂ ਨਾਨਕ ਪ੍ਰੰਪਰਾ ਦੀ ਮੁੜਿ ਸਥਾਪਨਾ ਲਈ ਇਕ ਵਾਰ ਫੇਰ ਸੰਗੀਤ ਦੇ ਸੁਰ ਮੁਖਰਿਤ ਕੀਤੇ। ਸਤਿਗੁਰੂ ਜਗਜੀਤ ਸਿੰਘ ਜੀ ਨੇ, ਧਰਤੀ ਦੇ ਗਰਭ ਵਿਚ ਸਮਾ ਗਈ ਸੰਗੀਤ-ਵਿਧਾ ਨੂੰ ਸਿੱਖ ਜਗਤ ਵਿਚ ਅਵਤਰਨ ਲਈ ਕਠਿਨ ਪ੍ਰਯਾਸ ਕੀਤੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ, ਲੁਪਤ ਹੋ ਚੁੱਕੀ ਸੰਗੀਤ-ਸਰਸਵਤੀ ਨੂੰ, ਭਾਗੀਰਥ ਪ੍ਰਯਾਸ ਨਾਲ ਫਿਰ, ਨਾਮਧਾਰੀ ਸੰਗੀਤ ਮੰਚ ਤੇ ਲਿਆ ਪ੍ਰਗਟ ਕੀਤਾ। ਸਾਰੀ ਦੁਨੀਆਂ ਦੇ ਸੰਗੀਤਕਾਰਾਂ, ਫਨਕਾਰਾਂ ਨੇ, ਭੈਣੀ ਵਲ ਮੂੰਹ ਕਰਕੇ ਸਿੱਜਦਾ ਕੀਤਾ ਅਤੇ ਇਕ ਸੁਰ ਨਾਲ ਜੈ ਘੋਸ਼ ਕੀਤਾ।

ਧੰਨ ਸਤਿਗੁਰੂ ਜਗਜੀਤ ਸਿੰਘ ਜੀ!

ਚੰਡੀਗੜ੍ਹ, ੯੩੧੬੦-੫੧੦੧੫

ਸਤਿਗੁਰੂ ਜਗਜੀਤ ਸਿੰਘ ਦੀ

ਅਕੱਥ ਕਥਾ





ਗੁਰਮੁਖ ਸਿੰਘ ਸ਼ਾਹ

ਮਾਪਿਆਂ ਵਾਸਤੇ ਤਾਂ ਸਾਰੇ ਬੱਚੇ ਹੀ ਲਾਡਲੇ ਹੁੰਦੇ ਹਨ ਜਿਸ ਪੁੱਤ ਨੂੰ ਜ਼ਿਆਦਾ ਪਿਆਰ ਕੀਤਾ ਜਾਂਦਾ ਹੈ ਉਸਨੂੰ ਪਿਆਰ ਨਾਲ ਮੇਰਾ ਛਿੰਦਾ ਪੁੱਤ ਕਹਿ ਕੇ ਬੁਲਾਉਂਦੇ ਹਨ। ਬਾਬਾ ਛਿੰਦਾ ਵੀ ਗੁਰੂ ਕਾ ਲਾਡਲਾ ਪੁੱਤ ਹੈ। ਬਾਬਾ ਜੀ ਦੇ ਵਡੇਰੇ ਬਹੁਤ ਉੱਚ-ਹਸਤੀ ਦੇ ਮਾਲਕ ਪੂਰਨ ਬ੍ਰਹਮ ਗਿਆਨੀ ਮੁਹਾਵੇ ਵਾਲੇ ਠਾਕੁਰ ਕਰਕੇ ਸਤਿਕਾਰੇ ਜਾਂਦੇ ਸਨ ਜਿਨਾਂ ਬਾਰੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੱਸਦੇ ਸਨ ਕਿ ਉਨਾਂ ਦਾ ਦਰਗਾਹ ਵਿਚ ਵੀ ਲੰਗਰ ਚੱਲਦਾ ਹੈ। ਜਦੋਂ ਚਾਹੁਣ ਦਰਗਾਹ ਵਿਚ ਵੀ ਚਲੇ ਜਾਂਦੇ ਸਨ। ਬਾਬਾ ਛਿੰਦਾ ਜੀ ਦੇ ਚਿਹਰੇ ਤੇ ਮਸਤੀ ਤੇ ਨੂਰ ਬੰਦਗੀ ਤੇ ਭਜਨ ਦੇ ਪ੍ਰਤਾਪ ਕਰਕੇ ਅਲੱਗ ਹੀ ਦੇਖਣ ਨੂੰ ਮਿਲਦਾ ਹੈ। ਸ੍ਰੀ ਭੈਣੀ ਸਾਹਿਬ ਮੇਲੇ ਦੇ ਵਿਚਾਲੜੇ ਦਿਨ ੧੦ ਮਾਰਚ ਦੀ ਰਾਤ ਸਮੇਂ ਕਵੀ ਦਰਬਾਰ ਦੀ ਸਮਾਪਤੀ ਪਿਛੋਂ ਬਾਬਾ ਛਿੰਦਾ ਜੀ ਦਾ ਦੀਵਾਨ ਲੱਗਿਆ। ਦੋ ਹਾਰਮੋਨੀਅਮ, ਇਕ ਸੰਤ ਗੁਰਬਖਸ਼ ਸਿੰਘ ਕੋਠੀਵਾਲੇ, ਦੂਸਰਾ ਸੰਤ ਬਲੀ ਸਿੰਘ ਬੁਢੀਮਾੜੀ ਵਾਲੇ ਦੋਵੇਂ ਸਿਰੇ ਦੇ ਵਜੰਤਰੀ ਤੇ ਤੀਸਰਾ ਢੋਲਕੀ ਦਾ ਜਾਦੂਗਰ ਬਲਵਿੰਦਰ ਸਿੰਘ ਉਰਫ ਬਿੱਲਾ ਫਤਿਹਾਬਾਦ ਜੋ ਬੁੱਢਿਆਂ ਨੂੰ ਨੱਚਣ ਲਾ ਦਿੰਦਾ ਹੈ। ਬਾਬਾ ਜੀ ਸਾਦੀਆਂ ਧਾਰਨਾ ਪੜ੍ਹਦੇ ਹਨ। ਨਾਮ ਦੇ ਪ੍ਰਤਾਪ ਕਰਕੇ ਕੋਈ ਵੀ ਧਾਰਨਾ ਪੜ੍ਹਨ ਰੱਸ ਬਣ ਜਾਂਦਾ ਹੈ। ਬਾਬਾ ਜੀ ਦੇ ਦੀਵਾਨ ਵਿਚ ਮਸਤਾਨੇ ਆਪਣੇ ਰੰਗ ਵਿਚ ਮਸਤ ਹੁੰਦੇ ਹਨ। ਬਾਬਾ ਜੀ ਨੇ ਗੁਰਬਾਣੀ ਦੀ ਤੁਕ "ਰਿੱਧ-ਸਿੱਧ ਅਵਰਾ ਸਾਦ" ਧਾਰਨਾ ਪੜ੍ਹੀ- ਰਾਤ ਦਾ ਸਮਾਂ, ਸ਼ਾਂਤ ਵਾਤਾਵਰਣ, ਵਿਸ਼ਾਲ ਪੰਡਾਲ ਵਿਚ ਦੁੱਧ ਚਿੱਟੇ ਬਸਤਰਾਂ ਨਾਲ ਸਜੀ ਸਾਧ-ਸੰਗਤ ਰੂਹਾਨੀ ਦੀਵਾਨ ਦਾ ਰਸ ਮਾਣ ਰਹੀ। ਇਜ ਭਾਸ ਰਿਹਾ ਸੀ ਜਿਵੇਂ ਚਿੱਟੇ ਹੰਸ ਨਾਮ-ਰੂਪੀ ਮੋਤੀ ਚੁੱਗ ਰਹੇ ਹੋਣ।

ਬਾਬਾ ਛਿੰਦਾ ਜੀ ਦੀ ਗੱਲ ਕਰਦਿਆਂ ਪੁਰਾਣੇ ਜਥੇਦਾਰ ਤੇ ਪ੍ਰਚਾਰਕ ਵਿਦਵਾਨਾਂ ਦੀ ਯਾਦ ਆ ਗਈ। ਸੰਤ ਅਤਰ ਸਿੰਘ ਜੀ ਜਿੰਨਾਂ ਵਾਸਤੇ



ਬਾਬਾ ਛਿੰਦਾ ਸਿੰਘ ਦਾ ਦੀਵਾਨ

ਮੇਰੇ ਪਿਤਾ ਜੀ (ਸੰਤ ਮਿੱਤ ਸਿੰਘ ਮੁਕਤੇਵਾਲੇ) ਬਹੁਤ ਕੁੱਝ ਦੱਸਦੇ ਹਨ ਤੇ ਉਨਾਂ ਦੇ ਦੀਵਾਨੇ ਹਨ-ਅਲੱਗ ਲਿਖ ਰਿਹਾ ਹਾਂ।

ਸੰਤ ਨਿਧਾਨ ਸਿੰਘ ਜੀ ਆਲਮ ਜਿਨਾਂ "ਸਿੱਖ ਧਰਮ ਤੇ ਮਾਸ" ਤੋਂ ਇਲਾਵਾ ਹੋਰ ਵਡਮੁੱਲੀਆਂ ਰਚਨਾਵਾਂ ਕੀਤੀਆਂ, ਸੰਤ ਇੰਦਰ ਸਿੰਘ ਜੀ ਚੱਕਰਵਰਤੀ। ਸੰਤ ਭਗਤ ਸਿੰਘ ਦਾਤੇਵਾਲ, ਸੰਤ ਮੰਗਲ ਸਿੰਘ ਅਰਸ਼ੀ-ਫਰਿਸਤਾ ਜਿਨਾਂ ਬਾਰੇ ਕਈ ਰੋਚਿਕ ਘਟਨਾਵਾਂ ਸੰਤ ਸੁਰਿੰਦਰ ਸਿੰਘ ਮੱਲੂਵਾਲੀਏ (ਦਿੱਲੀ) ਦੱਸਦੇ ਹਨ। ਇਨਾਂ ਨੇ ਦੇਸ਼ ਦੀ ਅਜ਼ਾਦੀ ਦੀ ਲੜਾਈ ਵਿਚ ਵੱਧ ਚੜ੍ਹ ਕੇ ਹਿੱਸਾ ਪਾਇਆ। ਸਾਂਝੇ ਪੰਜਾਬ ਦਾ ਪਹਿਲਾ ਮੁੱਖ ਮੰਤਰੀ ਸ੍ਰੀ ਭੀਮ ਸੈਨ ਸੱਚਰ ਇਨਾਂ ਨੂੰ ਅੱਗੋਂ ਉੱਠ ਕੇ ਮਿਲਦਾ ਹੁੰਦਾ ਸੀ। ਸੰਤ ਫਤਿਹ ਸਿੰਘ ਜੀ ਮਾਂਗੇਵਾਲ, ਗਿਆਨ ਮਾਰਤੰਡ ਪੰਡਤ ਗੋਪਾਲ ਸਿੰਘ ਜੀ, ਜਥੇਦਾਰ ਕਰਮ ਸਿੰਘ ਜੀ ਬਾਲਮ ਜਿਨਾਂ ਕਈ ਕਾਵਿ ਪੁਸਤਕਾਂ ਰਚੀਆਂ। ਜਥੇਦਾਰ ਨਿਰੰਜਣ ਸਿੰਘ ਜੀ ਕੱਕੜ ਸੰਤ ਨਗਰ ਅਤੇ ਜਥੇਦਾਰ ਫੌਜਾ ਸਿੰਘ ਬੰਡਾਲਾ ਜਿਨਾਂ ਦੋਹਾਂ ਦੀ ਇਨੀ ਉੱਚੀ ਆਵਾਜ਼ ਸੀ ਅੱਗੇ ਸਪੀਕਰ ਨਹੀਂ ਸੀ ਖੜ੍ਹ ਸਕਦਾ। ਜਥੇਦਾਰ ਫੌਜਾ ਸਿੰਘ ਦਾ ਪੇਟ ਪ੍ਰਸੰਗ/ਧਾਰਨਾ ਸੀ "ਜਦੋਂ ਬੰਸਰੀ ਵਜਾਈ ਨੰਦ ਲਾਲ ਨੇ ਰੁੱਖਾਂ ਵਿਚੋਂ ਰਸ 'ਚੋਂ ਪਿਆ।" ਜਥੇਦਾਰ ਨਿਰੰਜਣ ਸਿੰਘ ਕੱਕੜ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਛੋੜੇ ਦਾ ਪ੍ਰਸੰਗ ਸੁਣਾਉਂਦੇ ਸਨ ਤਾਂ ਕੋਈ ਅਜਿਹੀ ਅੱਖ ਨਹੀਂ ਸੀ ਜੋ ਵਿਯੋਗ ਵਿਚ ਗਿੱਲੀ ਨਾ ਹੁੰਦੀ ਹੋਵੇ। ਉਨਾਂ ਦੀ ਜਟਕੀ ਭਾਸ਼ਾ ਮੈਨੂੰ ਯਾਦ ਹੈ ਕਹਿੰਦੇ ਸਨ "ਲੋਕੋ ਗੁਰੂ ਵੋਟਾਂ ਨਾਲ ਨਹੀਂ ਬਣਦਾ ਇਹ ਧੁਰੋਂ ਥਾਪਿਆ ਹੁੰਦਾ ਹੈ।" ਸੰਤ ਗਿਆਨਾ ਸਿੰਘ ਜੀ ਵਾਰੇ ਵਾਲੇ ਜਦੋਂ ਬੋਲਦੇ ਸਨ ਤਾਂ ਇਨੀ ਸੁਰੀਲੀ ਅਵਾਜ਼ ਜ਼ਿਮੀਂ-ਅਸਮਾਨ ਇਕ ਹੋ ਜਾਂਦੇ ਸਨ। ਜਥੇਦਾਰ ਦਲੀਪ ਸਿੰਘ ਜੀ ਸੰਤ ਨਗਰ ਵਾਲੇ ਦੀਵਾਨ ਵੀ ਸਜਾਉਂਦੇ ਸਨ ਅਤੇ ਵਾਰਾ ਵੀ ਬਹੁਤ ਰਸਮਈ ਅਵਾਜ਼ ਵਿਚ ਲਗਾਉਂਦੇ ਸਨ। ਸੰਤ ਪ੍ਰੀਤਮ ਸਿੰਘ ਜੀ ਪੱਦੀ ਟੈਂਟੀ ਸੁਰ ਉੱਚੀਆਂ ਸੁਰਾਂ ਵਿਚ ਵਾਰਾਂ ਲਗਾਉਂਦੇ ਸਨ। ਜਥੇਦਾਰ ਗਿਆਨ ਸਿੰਘ ਵੀਰੋਕਿਆਂ ਵਾਲੇ ਭਜਨ ਬੰਦਗੀ ਦਾ ਪ੍ਰਤਾਪ, ਨੈਣਾਂ ਵਿਚ ਮਸਤੀ, ਵਧੀਆ ਦੀਵਾਨ ਸਜਾਉਂਦੇ ਸਨ। ਰਾਗੀਆਂ ਨਾਲ ਰਾਗੀ ਵਾਰੇ ਵਾਲਿਆਂ ਨਾਲ ਮਿੱਠੀ ਸੁਰ ਵਿਚ ਆਸਾ ਦੀ ਵਾਰ ਸਜਾਉਂਦੇ ਸਨ। ਅਮਰ ਸਿੰਘ ਨਕੋੜਾ ਕਵਾਲੀਆ, ਉਰਦੂ, ਫਾਰਸੀ ਭਾਸ਼ਾਵਾਂ ਵਿਚ ਆਪ ਵੀ ਲਿਖਦੇ ਤੇ ਬੋਲਦੇ, ਦੀਵਾਨ ਦਾ ਚੰਗਾ ਰੰਗ ਬੰਨ੍ਹਦੇ ਸਨ। ਜਥੇਦਾਰ ਵਰਿਆਮ ਸਿੰਘ ਪੰਜਾ ਹਾਤਿਆਂਵਾਲਾ ਅਤੇ ਜਥੇਦਾਰ ਸੇਵਾ ਸਿੰਘ ਭਗਤਾ ਪੁਰਾਣੇ ਟਕਸਾਲੀ ਸ਼ੈਲੀ ਵਿਚ ਦੀਵਾਨ ਸਜਾਉਂਦੇ ਸਨ। ਪੰਥਵਿਭੂਸ਼ਨ ਸੰਤ ਜੀਵਨ ਸਿੰਘ ਕਵੀਸ਼ਰ ਦਾ ਜਥਾ ਸੰਤ ਸਵਿੰਦਰ ਸਿੰਘ ਤੇ ਰਵੇਲ ਸਿੰਘ ਵਿਸ਼ੇਸ਼ ਥਾਂ ਰੱਖਦਾ ਸੀ। ਸੰਤ ਜੀਵਨ ਸਿੰਘ ਦੇ ਲਿਖੇ ਪ੍ਰਸੰਗ ਹੁਣ ਵੀ ਕਾਫੀ ਮਕਬੂਲ ਹਨ। ਸੰਤ ਤਰਨ ਸਿੰਘ ਵਹਿਮੀ ਜਿਨਾਂ ਦੀ ਪੰਥ ਨੂੰ ਬਹੁਤ ਵੱਡੀ ਦੇਣ ਹੈ "ਜੱਸ ਜੀਵਨ" ਜੋ ਕਈ ਭਾਗਾਂ ਵਿਚ ਹੈ ਅਤੇ "ਨੰਦੇੜ ਤੋਂ ਬਾਅਦ ਦਾ ਜੀਵਨ" ਅਤੇ ਕੁੱਝ ਹੋਰ ਅਮੁੱਲ ਰਚਨਾਵਾਂ ਦਿੱਤੀਆਂ ਹਨ। ਪ੍ਰੀਤਮ ਸਿੰਘ ਜੀ ਕਵੀ ਵਲੋਂ ਰਚਿਤ "ਬੀਤੇ ਦੀਆਂ ਪੀੜ੍ਹਾਂ" ਤੇ ਹੋਰ ਰਚਨਾਵਾਂ ਦਾ ਪੰਥ ਅਤੇ ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਸਥਾਨ ਹੈ। ਅਮਰ ਭਾਰਤੀ ਜੀ ਵਲੋਂ "ਸਿੱਖ ਇਤਿਹਾਸ ਤੇ ਕੂਕੇ" ਅਤੇ ਹੋਰ ਰਚਨਾਵਾਂ, ਸੰਤ ਆਤਮਾ ਸਿੰਘ ਸਨਖੱਤਰਾ, "ਨਾਨਕ ਰਾਜ", ਪ੍ਰਿੰਸੀਪਲ ਬੇਅੰਤ ਕੌਰ ਵਲੋਂ "ਲਾਲ ਏਹ ਰਤਨ" ਤੇ ਕੁੱਝ ਹੋਰ ਪੁਸਤਕਾਂ, ਪੰਥ ਰਤਨ ਮਾਸਟਰ ਨਿਹਾਲ ਸਿੰਘ ਵੱਲੋਂ ਰਚਿਤ ਪੁਸਤਕਾਂ ਦਾ ਵੱਡਾ ਯੋਗਦਾਨ ਹੈ। ਹਰਿਆਣਾ ਸਰਕਾਰ ਵਲੋਂ "ਹਰਿਆਣਾ ਗੌਰਵ" ਸਨਮਾਨ ਨਾਲ ਸਨਮਾਨਿਤ ਮਾਸਟਰ ਅਮਰੀਕ ਸਿੰਘ ਜੀ, ਸਾਧੂ ਸਿੰਘ ਕਿਸਾਨ, ਲਖਵਿੰਦਰ ਸਿੰਘ ਬਾਜਵਾ, ਜੋਗਿੰਦਰ ਸਿੰਘ ਮੁਕਤਾ, ਹਰਭਜਨ ਸਿੰਘ ਰਾਜਾ, ਪੂਰਨ ਸਿੰਘ ਨਿਰਾਲਾ ਵਲੋਂ ਆਪਣੇ ਖਰਚੇ ਤੇ ਪੁਸਤਕਾਂ ਛਪਵਾ ਕੇ ਅਤੇ ਸਮੁੱਚੀ ਨਾਮਧਾਰੀ ਸਹਿਤ ਸਭਾ ਸ੍ਰੀ ਜੀਵਨ ਨਗਰ ਵਲੋਂ ਪੰਥ ਪ੍ਰਚਾਰ ਤੇ ਸਾਹਿਤ ਜਗਤ ਲਈ ਸਮੇਂ-ਸਮੇਂ ਸਿਰ ਕੀਤੇ ਯਤਨ ਉਤਸਾਹਜਨਕ ਅਤੇ ਸ਼ਲਾਘਾਯੋਗ ਹਨ।



ਦੀਵਾਨ ਜਥੇਦਾਰ ਨਿਰੰਜਨ ਸਿੰਘ

ਪੁਰਾਣੇ ਜਥੇਦਾਰਾਂ ਵਿਚੋਂ ਜਥੇਦਾਰ ਸੇਵਾ ਸਿੰਘ ਜੀ ਦਿੱਲੀ, ਜਥੇਦਾਰ ਗੁਰਬਚਨ ਸਿੰਘ ਸੰਤ ਨਗਰ, ਬਾਬਾ ਛਿੰਦਾ ਜੀ ਮੌਜੂਦ



ਜਥੇਦਾਰ ਸੇਵਾ ਸਿੰਘ ਦਿੱਲੀ ਨਾਲ ਸੰਤ ਖਜ਼ਾਨ ਸਿੰਘ ਰਾਗੀ

ਹਨ ਜੋ ਗੁਰਬਾਣੀ ਦੇ ਆਸ਼ੇ ਅਨੁਸਾਰ ਸਿੱਖੀ ਪ੍ਰਚਾਰ ਵਿਚ ਜੁਟੇ ਹੋਏ ਹਨ। ਨਵੇਂ ਜਥੇਦਾਰ ਇਕਬਾਲ ਸਿੰਘ ਜੀ ਅਤੇ ਜਥੇਦਾਰ ਗੁਰਦੀਪ ਸਿੰਘ ਜੀ ਸ੍ਰੀ ਭੈਣੀ ਸਾਹਿਬ ਪ੍ਰਭਾਵਸ਼ਾਲੀ ਦੀਵਾਨ ਸਜਾਉਂਦੇ ਹਨ। ਬੁੱਧੀਜੀਵੀ ਰੀਸਰਚ ਸਕਾਲਰ ਜਸਵਿੰਦਰ ਸਿੰਘ ਹਿਸਟੋਰੀਅਨ, ਜਗਦੀਸ਼ ਸਿੰਘ ਵਰਿਆਮ, ਸਵਰਨ ਸਿੰਘ ਵਿਰਕ, ਸੁਰਿੰਦਰ ਕੌਰ ਖਰਲ, ਪ੍ਰੋ. ਤਾਰਾ ਸਿੰਘ ਅਣਜਾਣ, ਸਵਰਨ ਸਿੰਘ ਸਨੇਹੀ, ਪ੍ਰੋ. ਮਾਲਵਿੰਦਰ ਸਿੰਘ ਵੜੈਚ, ਰਜਿੰਦਰ ਸਿੰਘ ਗੁਰੂਸਰ, ਜੀਓ ਨੱਥਾ ਜੀ ਆਦਿ ਨੂੰ ਸਾਰੀਆਂ ਸੁੱਖ ਸਹੂਲਤਾਂ ਦੇ ਕੇ ਸੰਭਾਲਣ ਦੀ ਲੋੜ ਹੈ। ਸ੍ਰੀ ਭੈਣੀ ਸਾਹਿਬ ਮਾਤਾ ਚੰਦ ਕੌਰ ਜੀ ਅਤੇ ਸੰਤ ਸਿੰਘ ਜਗਤਾਰ ਸਿੰਘ ਜੀ ਦੀ ਅਗਵਾਈ ਥੱਲੇ ਨਵ-ਉਸਾਰੀ ਦਾ ਕੰਮ ਜੰਗੀ ਪੱਧਰ ਤੇ ਚੱਲ ਰਿਹਾ ਹੈ। ਪਿਛਲੇ ਦਿਨੀਂ ਸ੍ਰੀ ਭੈਣੀ ਸਾਹਿਬ ਵਿਖੇ ਲਾਇਬਰੇਰੀ ਖੋਲੀ ਗਈ ਹੈ ਨਵੇਂ ਢੰਗ ਦਾ ਫਰਨੀਚਰ ਅਤੇ ਵਧੀਆ ਮਾਹੌਲ ਸ਼ਲਾਘਾਯੋਗ ਹੈ। ਪਿਛਲੇ ਕੁਝ ਅਰਸੇ ਵਿਚ ਪੰਜਾਬ ਵਿਚ ਖਾਸ ਕਰਕੇ ਯੂਨੀਵਰਸਿਟੀਆਂ, ਸਕੂਲਾਂ, ਕਾਲਜਾਂ ਵਿਚ ਅਤੇ ਨਾਮਧਾਰੀ ਗੁਰੂ ਰਾਮ ਸਿੰਘ ਚੇਅਰ (ਗੁਰੂ ਨਾਨਕ ਦੇਵ ਯੂਨੀ. ਅੰਮ੍ਰਿਤਸਰ) ਵੱਲੋਂ ਕਾਫੀ ਕੰਮ ਹੋਇਆ ਹੈ। ਨਾਮਧਾਰੀ ਸ਼ਹੀਦਾਂ ਦੀਆਂ ਯਾਦਗਾਰਾਂ ਬੜੇ ਉਤਸਾਹ ਨਾਲ ਕੇਂਦਰ ਅਤੇ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਉਸਾਰੀਆਂ ਜਾ ਰਹੀਆਂ ਜਿੰਨਾਂ ਲਈ ਸੰਤ ਸੁਰਿੰਦਰ ਸਿੰਘ ਨਾਮਧਾਰੀ ਲੁਧਿਆਣਾ ਦੀ ਸੱਚੀ ਲਗਨ ਤੇ ਸੁਹਿਰਦ ਯਤਨਾਂ ਦੀ ਸ਼ਲਾਘਾ ਕਰਨੀ ਬਣਦੀ ਹੈ।

ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਦਾ ਲੁਧਿਆਣਾ ਵਿਖੇ ਖੋਲ੍ਹਣਾ ਬਹੁਤ ਵੱਡੀ ਪ੍ਰਾਪਤੀ ਹੈ। ਇਸ ਹਸਪਤਾਲ ਦੀ ਸਾਰੇ ਪਾਸੇ ਸੋਭਾ ਹੋ ਰਹੀ ਹੈ ਇਸ ਹਸਪਤਾਲ ਵਿਚ ਮਾਡਰਨ ਢੰਗ ਨਾਲ ਸਾਰੀਆਂ ਸਹੂਲਤਾਂ ਹਨ। ਇਸ ਹਸਪਤਾਲ ਦਾ ਉਦਘਾਟਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਮਾਨਯੋਗ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕੀਤਾ। ਇਸ ਲੋਕ ਭਲਾਈ ਕਾਰਜ ਦੀ ਜਿੰਨੀ ਸ਼ੋਭਾ ਕੀਤੀ ਜਾਵੇ ਥੋੜੀ ਹੈ।

ਪਿਛਲੇ ਦਿਨੀਂ ਹਾਕੀ ਦਾ ਮਹਾਨ-ਕੁੰਭ-ਲੜੀ ਜਿਸ ਵਿਚ ਦੇਸ਼ਾਂ-ਵਿਦੇਸ਼ਾਂ ਦੇ ਨਾਮਵਰ ਖਿਡਾਰੀ ਵੱਖ-ਵੱਖ ਟੀਮਾਂ ਵਿਚ ਖੇਡੇ ਤਾਂ ਉੱਥੇ ਹਰ ਟੀਮ ਵਿਚ ਦੋ ਜਾਂ ਤਿੰਨ ਖਿਡਾਰੀ ਨਾਮਧਾਰੀ ਸਨ ਜਿੰਨਾਂ ਨੂੰ ਦੁਨੀਆਂ ਭਰ ਵਿਚ ਸਲਾਹਿਆ ਗਿਆ। ਭਾਰਤੀ ਹਾਕੀ ਟੀਮ ਦੇ ਮੰਨੇ-ਪ੍ਰਮੰਨੇ ਫੁੱਲਬੈਕ ਹਰਪਾਲ ਸਿੰਘ ਅਤੇ ਦੀਦਾਰ ਸਿੰਘ ਪਹਿਲਾਂ ਉਲੰਪਿਕ ਵਿਚ ਖੇਡ ਚੁੱਕੇ ਹਨ। ਨਾਮਵਰ ਹਾਕੀ ਖਿਡਾਰੀ ਸਰਦਾਰ ਸਿੰਘ ਨੂੰ ਮੈਨ ਆਫ ਦੀ ਟੂਰਨਾਮੈਂਟ ਅਤੇ ਦੁਨੀਆਂ ਭਰ ਦੀ ਹਾਕੀ ਟੀਮ ਵਿਚ ਸਤਿਕਾਰਯੋਗ ਥਾਂ ਮਿਲਣੀ ਬਹੁਤ ਫਖਰ ਵਾਲੀ ਗੱਲ ਹੈ। ਅਜਲਾਨ ਸ਼ਾਹ ਕੱਪ ਟੂਰਨਾਮੈਂਟ ਵਿਚ ਭਾਰਤੀ ਹਾਕੀ ਟੀਮ ਤੀਜੇ ਸਥਾਨ ਤੇ ਰਹੀ ਪਰ ਸਰਦਾਰ ਸਿੰਘ ਫਿਰ ਇਸ ਸਮੁੱਚੇ ਟੂਰਨਾਮੈਂਟ ਵਿਚ ਸਰਬੋਤਮ ਖਿਡਾਰੀ ਐਲਾਨਿਆ ਗਿਆ। ਹੁਣੇ-ਹੁਣੇ ਲੰਡਨ ਵਿਚ ਹੋਈਆਂ ਖੇਡਾਂ ਵਿਚ ਭਾਰਤੀ ਹਾਕੀ ਟੀਮ ਸਭ ਤੋਂ ਫਾਡੀ ਰਹੀ ਪਰ ਸਰਦਾਰ ਸਿੰਘ ਦੀ ਖੇਡ ਪ੍ਰੇਮੀਆਂ ਵਲੋਂ ਭਰਪੂਰ ਪ੍ਰਸ਼ੰਸਾ ਹੋਈ ਅਤੇ ਵਧੀਆ ਕਾਰਗੁਜ਼ਾਰੀ ਕਰਕੇ ਭਾਰਤ ਸਰਕਾਰ ਵਲੋਂ "ਅਰਜਨ ਐਵਾਰਡ" ਨਾਲ ਸਨਮਾਨਿਆ ਗਿਆ ਹੈ। ਇਹ ਸਾਰਾ ਕੁੱਝ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖਸ਼ਿਸ਼ ਸਦਕਾ ਹੀ ਹੈ। ਪੂਰਨ ਰੂਪ ਵਿਚ ਹਾਕੀ ਲਈ ਸਮਰਪਿਤ ਉਚੇਚੀ ਰੁਚੀ ਰੱਖਣ ਵਾਲੇ ਸ੍ਰੀ ਉਦੈ ਸਿੰਘ ਜੀ ਵਧਾਈ ਦੇ ਪਾਤਰ ਹਨ। ਸ. ਜਗਦੀਸ਼ ਸਿੰਘ ਵਰਿਆਮ ਨੂੰ ਪੰਜਾਬ ਸਰਕਾਰ ਵੱਲੋਂ ਉੱਚ ਕੋਈ ਦਾ ਸਨਮਾਨ ਮਿਲਣਾ ਵੀ ਅਸੀਂ ਨਾਮਧਾਰੀ ਪੰਥ ਦਾ ਸਨਮਾਨ ਸਮਝਦੇ ਹਾਂ। "ਵਰਿਆਮ" ਨਾਮਧਾਰੀ ਪੰਥ ਤੇ ਸਾਹਿਤਕ ਜਗਤ ਦਾ ਹਰਮਨ ਪਿਆਰਾ ਮਾਸਿਕ ਮੈਗਜ਼ੀਨ ਹੈ ਜਿਸ ਲਈ ਸ. ਜਗਦੀਸ਼ ਸਿੰਘ ਆਪਣੀ ਸਿਹਤ ਦੀ ਪ੍ਰਵਾਹ ਨਾ ਕਰਦਿਆਂ ਹੋਇਆ ਦਿਨ ਰਾਤ ਇਕ ਕਰਕੇ ਆਪਣੀ ਸੁਹਿਰਦ ਲਗਨ ਤੇ ਅਕੀਦੇ ਕਰਕੇ ਅਤਿ ਸੀਮਿਤ ਆਰਥਿਕ ਸਾਧਨਾਂ ਵਿਚੋਂ ਵਿਚਰਦਿਆਂ ਹੋਇਆ ੩੯੭ਵੇਂ ਸਾਲ ਵਿਚ ਪ੍ਰਵੇਸ਼ ਕਰ ਚੁੱਕੇ ਹਨ ਜਿਸ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ ਅਤੇ ਹੋਰ ਚੜ੍ਹਦੀ ਕਲਾਂ ਲਈ


ਪੰਡਿਤ ਗੋਪਾਲ ਸਿੰਘ ਜੀ ਦਾ ਦੀਵਾਨ

ਐਗਰੀਕਲਰਚ ਯੂਨੀਵਰਸਿਟੀ ਹਿਸਾਰ ਅਤੇ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੇ ਮਾਹਰ ਡਾਕਟਰ ਤੇ ਅਧਿਕਾਰੀ ਸ਼ਾਮਲ ਹੁੰਦੇ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜਬੀਰ ਸਿੰਘ ਜੀ ਬੜੇ ਉਤਸ਼ਾਹ ਨਾਲ ਆਪ ਪਸ਼ੂਆਂ ਦੀਆਂ ਨਸਲਾਂ ਦਾ ਕਾਫੀ ਗਿਆਨ ਰੱਖਦੇ ਸਨ। ਸਤਿਗੁਰੂ ਜੀ ਵਲੋਂ ਮੈਨੂੰ (ਗੁਰਮੁਖ ਸਿੰਘ ਸ਼ਾਹ), ਕੁਲਦੀਪ ਸਿੰਘ ਨਕੋੜਾ, ਬਲਵਿੰਦਰ ਸਿੰਘ ਦਮਦਮਾ ਨੂੰ ਵੀ ਸ਼ਾਮਲ ਕੀਤਾ ਜਾਂਦਾ। ਸਾਨੂੰ ਬਕਾਇਦਾ ਮਹਾਰਾਜ ਜੀ ਤੇ ਸ੍ਰੀ ਸਤਿਗੁਰੂ ਜੀ ਵਲੋਂ ਨਸਲਾਂ ਬਾਰੇ ਮੌਕੇ ਤੇ ਜਾਣਕਾਰੀ ਦਿੱਤੀ ਜਾਂਦੀ। ਗਊਆਂ ਦੀ ਨਸਲ ਵਿਚ ਹਰਿਆਣਾ ਨਸਲ ਤੋਂ ਇਲਾਵਾ ਸਾਹੀਵਾਲ ਨਸਲ ਰੰਗ ਗੋਰਾ, ਕੱਦ ਦਰਮਿਆਨਾ ਪੂਛ ਲੰਬੀ ਸਰੀਰ ਢਿੱਲਾ ਆਦਿ ਤੇ ਲਵੇਰੀ ਦੇ ੫੦ ਨੰਬਰ ਇਕੱਲੇ ਹਵਾਨੇ ਦੇ ਹੁੰਦੇ, ਥਰਪਾਰਕਰ ਨਸਲ ਦੀਆਂ ਗਊਆਂ ਵੀ ਬਹੁਤ ਦੁੱਧ ਦਿੰਦੀਆਂ ਹਨ। ਮੱਝਾਂ ਦੀ ਨਸਲ ਵਿਚ ਨੀਲੀ ਰਾਵੀ ਜੋ ਜ਼ਿਆਦਾ ਪੱਛਮੀ ਪੰਜਾਬ ਦੀ ਨਸਲ ਹੈ ਤੇ ਮੁਰਰਾ ਨਸਲ ਜੋ ਜ਼ਿਆਦਾ ਹਰਿਆਣਾ, ਰੋਹਤਕ ਦੇ ਇਲਾਕੇ ਵਿਚ ਪਾਈ ਜਾਂਦੀ ਹੈ। ਇਨਾਮਾਂ ਲਈ ਪਹਿਲੇ ਦਰਜੇ ਨੂੰ ਚਿੱਟਾ ਫੁੱਲ, ਦੂਜੇ ਦਰਜੇ ਨੂੰ ਖੱਟਾ ਫੁੱਲ ਤੇ ਤੀਜੇ ਦਰਜੇ ਨੂੰ ਲਾਲ ਫੁੱਲ ਮੱਥੇ ਤੇ ਬੰਨਿਆ ਜਾਂਦਾ-ਇਹ ਕੰਮ ਕਾਫੀ ਪੜਚੋਲ ਕਰਨ ਤੋਂ ਬਾਅਦ ਹੀ ਨਿਰਨਾ ਕੀਤਾ ਜਾਂਦਾ। ਨਾਮਧਾਰੀ ਗਊਸ਼ਾਲਾ ਸ੍ਰੀ ਜੀਵਨ ਨਗਰ ਵਿਚ ਹਰਿਆਣਾ ਨਸਲ ਤੇ ਖਾਸ ਕਰਕੇ ਸਾਹੀਵਾਲ ਨਸਲ ਦੀਆਂ ਗਊਆਂ ਦੀ ਸਾਂਭ-ਸੰਭਾਲ ਦੇਸ਼ ਭਰ ਵਿਚ ਉਤਮ ਦਰਜੇ ਦੀ ਸੀ। ਗਊਆਂ ਨੂੰ ਤਿੰਨ ਟਾਈਮ ਚੋਇਆ ਜਾਂਦਾ ਸੀ ਤੇ ਹਰ ਸਮੇਂ ਦੁੱਧ ਤੋਲਿਆ ਜਾਂਦਾ ਸੀ ਤੇ ਬਕਾਇਦਾ ਸਾਰੇ ਸੂਏ ਦਾ ਰਿਕਾਰਡ ਰੱਖਿਆ ਜਾਂਦਾ ਸੀ। ਨਾਮਧਾਰੀ ਗਊਸ਼ਾਲਾ ਸ੍ਰੀ ਜੀਵਨ ਨਗਰ ਦੀ ਗਊ ਨੇ ਲਗਾਤਾਰ ਤਿੰਨ ਸਾਲ ਸਮੁੱਚੇ ਭਾਰਤ ਵਿਚੋਂ ਪਹਿਲੇ ਸਥਾਨ ਤੇ ਆਉਂਦੀ ਰਹੀ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ 'ਗੋਪਾਲ ਰਤਨ" ਦੇ ਵਿਕਾਰੀ ਖਿਤਾਬ ਨਾਲ ਨਿਵਾਜਿਆ ਗਿਆ। ਇਸ ਵਿਚ ਮਹਾਰਾਜ ਬੀਰ ਸਿੰਘ ਜੀ ਦਾ ਵੀ ਕਾਫੀ ਯੋਗਦਾਨ ਸੀ। ਹੁਣ ਪੰਜਾਬ ਸਰਕਾਰ ਤੇ ਭਾਰਤ ਸਰਕਾਰ ਵੱਲੋਂ ਪਸ਼ੂ ਪ੍ਰਦਰਸ਼ਨੀਆਂ (ਮੇਲੇ) ਲਗਾਈਆਂ ਗਈਆਂ ਜਿਸ ਵਿਚ ਸੂਬਾ ਜਗੀਰ ਸਿੰਘ ਦੀ ਅਗਵਾਈ ਵਿਚ ਸ੍ਰੀ ਭੈਣੀ ਸਾਹਿਬ ਨਾਮਧਾਰੀ ਗਊਸ਼ਾਲਾ ਵਲੋਂ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਦਿਲ ਖਿੱਚਵੇਂ ਨਗਦ ਇਨਾਮ ਹਾਸਲ ਕੀਤੇ। ਸ੍ਰੀ ਸਤਿਗੁਰੂ ਪ੍ਰਤਾਪ

ਸਹਿਯੋਗ ਦੇਣ ਦੀ ਲੋੜ ਹੈ।

ਪਿਛਲੇ ਦਿਨੀਂ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਅਜਮੇਰ ਸਿੰਘ ਲੱਖੋਵਾਲ ਨੇ ਟੈਲੀਵੀਜਨ ਵਿਚ ਨਾਮਧਾਰੀ ਸੀਡਜ਼ ਬੰਗਲੌਰ ਦਾ ਜ਼ਿਕਰ ਕੀਤਾ ਤੇ ਸ਼ਲਾਘਾ ਕੀਤੀ। ਨਾਮਧਾਰੀ ਸੀਡਜ਼ ਅੱਖੀ ਦੇਖਣ ਦਾ ਮੌਕਾ ਮਿਲਿਆ-ਬੜਾ ਚਿੱਤ ਖੁਸ਼ ਹੋਇਆ। ਬੰਗਲੌਰ ਨੇੜੇ ਬਿੜਦੀ ਫਾਰਮ ਵਿਚ ਇਕ ਬਹੁਤ ਵੱਡੇ ਪੱਧਰ ਦੀ ਪ੍ਰਯੋਗਸ਼ਾਲਾ ਹੈ ਜਿਸ ਵਿਚ ਉੱਚ ਵਿੱਦਿਆ ਪ੍ਰਾਪਤ ਵਿਗਿਆਨੀ ਆਪਣੀ ਰੀਸਰਚ ਦਾ ਕੰਮ ਕਰ ਰਹੇ ਹਨ, ਜਿਵੇਂ ਇਕ ਐਗਰੀਕਲਚਰ ਯੂਨੀਵਰਸਿਟੀ ਹੋਵੇ। ਠਾਕੁਰ ਉਦੈ ਸਿੰਘ ਜੀ ਦਾ ਹਰ ਇਕ ਬਿਜ਼ਨਿਸ ਨੂੰ ਬੜੀ ਬਾਰੀਕੀ ਨਾਲ ਸਮਝਣਾ ਅਤੇ ਮਿਹਨਤ ਕਰਨੀ ਕਮਾਲ ਦੀ ਗੱਲ ਵੇਖੀ-ਫੁੱਲਾਂ ਤੇ ਫਲ, ਸਬਜ਼ੀਆਂ ਦੇ ਬੀਜ ਕਰੋੜਾਂ ਰੁਪਏ ਦਾ ਲੈਣ-ਦੇਣ ਅਤੇ ਉਸ ਦੂਰ-ਦੁਰਾਡੇ ਪ੍ਰਾਂਤ ਵਿਚ ਆਪਣੀ ਉੱਚੀ ਸ਼ਾਨ ਸਤਿਗੁਰੂ ਜੀ ਦੀ ਬਖਸ਼ਿਸ਼ ਤੇ ਸਖਤ ਮਿਹਨਤ ਦਾ ਹੀ ਨਤੀਜਾ ਹੈ। ਮੇਰੇ ਪਰਮ ਮਿੱਤਰ ਦਰਿਆ ਦਿਲ ਸ. ਬੂਟਾ ਸਿੰਘ ਕਮਲ ਜੋ ਕਿ ਪੂਰਨ ਰੂਪ ਵਿਚ ਨਾਮਧਾਰੀ ਸੀਡਜ਼ ਨੂੰ ਸਮਰਪਿਤ ਹਨ ਜਿਨਾਂ ਨੂੰ ਵੱਖ-ਵੱਖ ਦੇਸ਼ਾਂ ਵਿਚ ਵਿਚਰਨਾ ਪੈਂਦਾ ਹੈ ਤੇ ਉਹ ਦੁਨੀਆਂ ਭਰ ਦੀਆਂ ਵੱਡੀਆਂ ਸੀਡਜ਼ ਕੰਪਨੀਆਂ ਦੀ ਅੰਤਰਰਾਸ਼ਟਰੀ ਪੱਧਰ ਦੀ ਸੰਸਥਾ ਦੇ ਪ੍ਰਧਾਨਗੀ ਪਦ ਤੇ ਵੀ ਰਹਿ ਚੁੱਕੇ ਹਨ ਅਤੇ ਹੁਣ ਵੀ ਕਈ ਸੰਸਥਾਵਾਂ ਦੀ ਨੁਮਾਇੰਦਗੀ ਕਰ ਰਹੇ ਹਨ।

ਵਧੀਆਂ ਨਸਲ ਦੀਆਂ ਗਊਆਂ ਅਤੇ ਪਸ਼ੂ ਧਨ ਦੀ ਸਾਂਭ-ਸੰਭਾਲ ਤੇ ਪਰਖ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਤੋਂ ਹੀ ਚਲੀ ਆਉਂਦੀ ਹੈ। ਸ੍ਰੀ ਜੀਵਨ ਨਗਰ ਵਿਖੇ ਸ੍ਰੀ ਸਤਿਗੁਰੂ ਜੀ ਵਲੋਂ ਪਸ਼ੂ ਪ੍ਰਦਰਸ਼ਨੀਆਂ ਲਗਾਈਆਂ ਜਾਂਦੀਆਂ ਸਨ ਜਿਨਾਂ ਵਿਚ

ਸਿੰਘ ਜੀ ਬਚਨ ਕਰਿਆ ਕਰਦੇ ਸਨ ਕਿ ਮੈਂ ਚਾਹੁੰਦਾ ਹਾਂ ਕਿ ਮੇਰੇ ਸਿੱਖਾਂ ਕੋਲ ਵੀ ਵਧੀਆ ਕਿਸਮ ਦੀਆਂ ਗਊਆਂ ਹੋਣ। ਅੱਜ ਸ੍ਰੀ ਸਤਿਗੁਰੂ ਜੀ ਦੇ ਬਚਨ ਪੂਰਨ ਰੂਪ ਵਿਚ ਸਾਕਾਰ ਹੋਏ ਹਨ।

ਰਾਜਨੀਤਿਕ ਪੱਖ ਤੋਂ ਨਾਮਧਾਰੀ ਸਮਾਜ ਦਾ ਬਹੁਤ ਅਹਿਮ ਸਥਾਨ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜਨਵਰੀ ੧੮੭੨ ਪ੍ਰਦੇਸ਼-ਗਮਨ ਤੋਂ ਬਾਅਦ ਸਤਿਗੁਰੂ ਹਰੀ ਸਿੰਘ ਜੀ ਨੇ ਬੜੇ ਔਖੇ ਦੌਰ ਵਿਚ ਸੰਗਤ ਦੀ ਅਗਵਾਈ ਕੀਤੀ ਤੇ ਸਿੱਖੀ ਨੂੰ ਸੰਭਾਲਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਦੇਸ਼ ਦੀ ਅਜ਼ਾਦੀ ਲਈ ਕਾਂਗਰਸ ਤੇ ਹੋਰ ਜੁਝਾਰੂ ਜਥੇਬੰਦੀਆਂ ਨੂੰ ਪੂਰਨ ਸਹਿਯੋਗ ਦਿੱਤਾ। ਕਾਂਗਰਸ ਦੇ ਲਾਹੌਰ ਸੈਸ਼ਨ ਵਿਚ ਰਾਵੀ ਦੇ ਕੰਢੇ ਸੰਪੂਰਨ ਆਜ਼ਾਦੀ ਦਾ ਮਤਾ ਪਾਸ ਹੋਇਆ ਸੀ। ਸੈਸ਼ਨ ਦੇ ਪ੍ਰਧਾਨ ਪੰਡਿਤ ਨਹਿਰੂ ਦੇ ਸੁਆਗਤੀ ਜਲੂਸ ਵਿਚ ਸੈਂਕੜੇ ਘੋੜ ਸਵਾਰ ਨਾਮਧਾਰੀਆਂ ਨੇ ਅਗਵਾਈ ਕੀਤੀ। ਸੈਸ਼ਨ ਲਈ ਲੰਗਰ ਦੀ ਸੇਵਾ ਮਾਤਾ ਜੀਵਨ ਕੌਰ ਜੀ ਵੱਲੋਂ ਕੀਤੀ ਗਈ। ਸਤਿਗੁਰੂ ਪ੍ਰਤਾਪ ਸਿੰਘ ਵਲੋਂ ਕੋਈ ਅਹੁਦਾ ਪ੍ਰਾਪਤ ਨਹੀਂ ਕੀਤਾ ਗਿਆ।

੧੯੩੪ ਵਿਚ ਆਪ ਵਲੋਂ ਸ੍ਰੀ ਭੈਣੀ ਸਾਹਿਬ ਵਿਖੇ "ਨਾਨਕ ਨਾਮ ਲੇਵਾ ਕਾਨਫਰੰਸ" ਕਰਵਾਈ ਗਈ ਜਿਸ ਵਿਚ ਸਾਰੀਆਂ ਸੰਪਰਦਾਵਾਂ ਦੇ ਨੁਮਾਇੰਦਿਆਂ ਭਾਗ ਲਿਆ। ਇਸ ਵਿਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਲੱਗਦੀ ਸੀ ਜਿਸ ਦੇ ਭੋਗ ਉਪਰੰਤ ਨਾਮਧਾਰੀ ਮਰਯਾਦਾ ਅਨੁਸਾਰ ਬਾਰਾਂ ਪਾਤਸ਼ਾਹੀਆਂ ਦੀ ਅਰਦਾਸ ਹੁੰਦੀ ਸੀ ਤੇ ਬਾਅਦ ਦੁਪਹਿਰ ਸ੍ਰੀ ਗ੍ਰੰਥ ਸਾਹਿਬ ਦੀ ਤਾਬਿਆ ਭਾਈ ਸਾਹਿਬ ਭਾਈ ਅਰਜਨ ਸਿੰਘ ਬਾਗੜੀਆ ਬੈਠਦੇ ਸਨ ਤੇ ਦਸਾਂ ਪਾਤਸ਼ਾਹੀਆਂ ਦੀ ਅਰਦਾਸ ਹੁੰਦੀ ਸੀ। ਜਦੋਂ ਇਹ ਦਸਾਂ ਪਾਤਸ਼ਾਹੀਆਂ ਦੀ ਅਰਦਾਸ ਵਾਲੀ ਸ਼ਰਤ ਰੱਖੀ ਗਈ ਸੀ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵਿਸ਼ਾਲ ਦਿਲੀ ਵਿਖਾਉਂਦਿਆਂ ਕਿਹਾ ਕਿ ਸਾਨੂੰ ਕੋਈ ਇਤਰਾਜ ਨਹੀਂ ਭਾਵੇਂ ਇਕ ਦੀ ਕਰ ਲਵੋ-ਇਸ ਵਿਚ ਸਾਰੀ ਅਕਾਲੀ ਲੀਡਰਸ਼ਿਪ ਦੇ ਸਿਰਮੌਰ ਆਗੂ, ਨਿਹੰਗ ਸਿੰਘ ਜਥੇਬੰਦੀਆਂ, ਅੱਡਣਸ਼ਾਹੀ, ਨਿਰਮਲੇ ਅਤੇ ਸਾਰੇ ਗੁਰੂ ਨਾਨਕ ਨੂੰ ਮੰਨਣ ਵਾਲੀਆਂ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਹੁੰਦੇ ਸਨ। ਪੰਥ ਦੀ ਮਹਾਨ ਹਸਤੀ, ਮਹਾਨ ਕੋਸ਼ ਦੇ ਰਚੇਤਾ ਭਾਈ ਕਾਹਨ ਸਿੰਘ ਨਾਭਾ ਵੀ ਸ਼ਾਮਲ ਹੁੰਦੇ ਸਨ। ਇਹ ਇਕ ਇਤਿਹਾਸਿਕ ਕੀਰਤੀਮਾਨ ਘਟਨਾ ਸੀ। ਰਾਵਲਪਿੰਡੀ ਦੇ ਰਈਸ ਸ. ਆਤਮਾ ਸਿੰਘ (ਬਾਦ ਵਿਚ ਮੈਂਬਰ ਪਾਰਲੀਮੈਂਟ) ਪੂਰਨ ਨਾਮਧਾਰੀ ਪਹਿਰਾਵੇ ਵਿਚ ਰਹੇ। ਉਹਨਾਂ ਅਤੇ ਉਨਾਂ ਦੀ ਧਰਮ ਪਤਨੀ ਬੀਬੀ ਲੀਲਾ ਵੰਤੀ ਵਲੋਂ ਪੂਰਨ ਨਾਮਧਾਰੀ ਚਿੱਟਾ ਪਹਿਰਾਵਾ ਪਹਿਨ ਕੇ ਨਾਮਧਾਰੀ ਪੰਥ ਦਾ ਵੱਧ ਚੜ੍ਹ ਕੇ ਪ੍ਰਚਾਰ ਕੀਤਾ। ਮਹਾਰਾਜ ਗੁਰਦਿਆਲ ਸਿੰਘ ਵੀ ਰਾਜਨੀਤਿਕ ਕਾਨਫਰੰਸਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹੇ। ਮਹਾਰਾਜ ਨਿਹਾਲ ਸਿੰਘ ਰਾਜ ਸਭਾ ਦੇ ਮੈਂਬਰ ਰਹੇ। ਉਸ ਤੋਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਸ੍ਰੀ ਐਚ. ਐਸ. ਹੰਸਪਾਲ ਜੀ ਦੋ ਵਾਰ ਮੈਂਬਰ ਪਾਰਲੀਮੈਂਟ ਰਾਜ ਸਭਾ ਰਹੇ ਜੋ ਅੱਜਕੱਲ ਵੀ ਨਾਮਧਾਰੀ ਦਰਬਾਰ ਦੇ ਪ੍ਰਧਾਨ ਤੇ ਘੱਟ ਗਿਣਤੀ ਕਮਿਸ਼ਨ ਭਾਰਤ ਸਰਕਾਰ ਦੇ ਮੈਂਬਰ ਰਹੇ ਹਨ। ਸ੍ਰੀ ਹੰਸਪਾਲ ਜੀ ਪੰਜਾਬ ਕਾਂਗਰਸ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ। ਨਾਮਧਾਰੀ ਪੰਥ ਦਾ ਧਾਰਮਿਕ ਸਪਤਾਹਿਕ ਪਰਚਾ "ਸਤਿਜੁਗ" ਸ੍ਰੀ ਹਸੰਪਾਲ ਜੀ ਦੀ ਦੇਖ-ਰੇਖ ਵਿਚ ਨਿਰਵਿਘਨ ਦਿੱਲੀ ਤੋਂ ਛਪ ਰਿਹਾ ਹੈ। ਸ. ਇੰਦਰ ਸਿੰਘ ਨਾਮਧਾਰੀ ਜਿਨਾਂ ਆਪਣੇ ਤੌਰ ਤੇ ਬਿਹਾਰ ਪ੍ਰਾਂਤ ਹੁਣ ਝਾਰਖੰਡ ਡਾਲਟਨ ਗੰਜ ਵਿਚ ਆਪਣੀ ਵੱਖਰੀ ਪਹਿਚਾਣ ਬਣਾਈ ਹੈ। ਉੱਥੋਂ ਦੀ ਅਸੈਂਬਲੀ ਦੇ ਸਪੀਕਰ ਦੇ ਅਹੁਦੇ ਤੇ ਬਿਰਾਜਮਾਨ ਰਹੇ ਹਨ ਤੇ ਹੁਣ ਲੋਕ ਸਭਾ ਦੇ ਮੈਂਬਰ ਪਾਰਲੀਮੈਂਟ ਹਨ ਜੋ ਨਾਮਧਾਰੀ ਬਾਣੇ ਵਿਚ ਆਪਣੇ ਆਪ ਵਿਚ ਮਿਸਾਲ ਹਨ ਤੇ ਪ੍ਰਚਾਰ ਦਾ ਸਾਧਨ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਸ. ਤੇਜਾ ਸਿੰਘ ਜੋ ਪਿਛੋਂ ਸਿਆਲਕੋਟ ਪਾਕਿਸਤਾਨ ਤੋਂ ਆਏ ਸਨ ਜਿੰਨਾਂ ਦਾ ਨਿਵਾਸ ਸਰਸਾ ਵਿਖੇ ਸੀ ਤੇ ਉਹ ਸਾਂਝੇ ਪੰਜਾਬ ਵੇਲੇ ਐਮ. ਐਲ. ਸੀ. ਦੇ ਪਦ ਤੇ ਰਹੇ। ਉਹ ਬਹੁਤ ਹੀ ਨਿੱਘੇ ਸੁਭਾ ਦੇ ਮਾਲਕ ਸਨ। ਉਹ ਵਿਦੇਸ਼ਾਂ ਵਿਚ ਵੀ



ਜਥੇਦਾਰ ਦਾਨ ਸਿੰਘ- ਸੰਤ ਬਲੀ ਸਿੰਘ ਅਤੇ ਜਥਾ



ਜਥੇਦਾਰ ਨਿਰੰਜਨ ਸਿੰਘ, ਗੁਰਬਖਸ਼ ਸਿੰਘ, ਜ. ਗੁਰਮੁਖ ਸਿੰਘ ਢੋਲਕੀ ਤੇ ਸੰਗਤ

ਉੱਚ ਅਹੁਦੇ ਤੇ ਸੇਵਾ ਕਰ ਚੁੱਕੇ ਸਨ। ਮੈਨੂੰ ਚੰਗੀ ਤਰ੍ਹਾਂ ਚੇਤੇ ਹੈ ਕਿ ੧੯੬੫ ਭਾਰਤ-ਪਾਕ ਦੀ ਜੰਗ ਤੋਂ ਬਾਅਦ ਸੰਸਾਰ ਪੀਸ ਕੌਂਸਲ ਦੀ ਮੀਟਿੰਗ ਸਿਰਸਾ ਵਿਖੇ ਨਹਿਰੂ ਪਾਰਕ ਵਿਚ ਰਾਤ ਸਮੇਂ ਰੱਖੀ ਗਈ ਸੀ ਜਿਸ ਵਿਚ ਕਾਫੀ ਦੇਸ਼ਾਂ ਦੇ ਨੁਮਾਇੰਦਿਆਂ ਭਾਗ ਲਿਆ, ਜਿਸ ਦੀ ਪ੍ਰਧਾਨਗੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਰ ਰਹੇ ਸਨ। ਕਾਮਰੇਡ ਜਗਜੀਤ ਸਿੰਘ ਆਨੰਦ ਵੀ ਹਾਜ਼ਰ ਸਨ। ਰੂਸ ਤੋਂ ਪ੍ਰੋ-ਚੇਲੀਸ਼ੋਵ ਜੋ ਸਤਿਗੁਰੂ ਜੀ ਦੇ ਪਹਿਲਾਂ ਵੀ ਦਰਸ਼ਨ ਕਰ ਚੁੱਕੇ ਸਨ ਨੇ ਦੱਸਿਆ ਕਿ ਉਹ ਰੂਸ ਵਿਚ ਹਿਸਟਰੀ ਦੇ ਪ੍ਰੋਫੈਸਰ ਹਨ ਤੇ ਜਦ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਵਿਦਿਆਰਥੀਆਂ ਨੂੰ ਦੱਸਦੇ ਹਨ ਕਿ ਉਹ ਮਹਾਨ ਹਸਤੀ ਜਿੰਨਾ ਵਿਚ Head, Hand, Heart ਭਾਵ ਇਕੋ ਸਮੇਂ ਸੂਰਬੀਰ ਯੋਧਾ ਹੋਣਾ, ਨੀਤੀਵਾਨ ਤੇ ਲਿਖਾਰੀ ਹੋਣਾ ਅਤੇ ਰੂਹਾਨੀਅਤ ਨਾਲ ਲਬਰੇਜ਼ ਹੋਣਾ ਆਦਿ ਗੁਣਾਂ ਨਾਲ ਭਰਪੂਰ ਸਨ ਤਾਂ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਹੁੰਦੇ ਹਨ। ਸੀਰੀਆ ਦੇਸ਼ ਦੇ ਨੁਮਾਇੰਦੇ ਨੇ ਬੜੇ ਹੀ ਅਦਬ ਨਾਲ ਉਥੋਂ ਦੀ ਰਵਾਇਤ ਮੁਤਾਬਿਕ ਸ੍ਰੀ ਸਤਿਗੁਰੂ ਜੀ ਦਾ ਮੱਥਾ ਚੁੰਮਿਆ। ਉਨਾਂ ਆਪਣਾ ਭਾਸ਼ਣ ਉਥੋਂ ਦੀ ਭਾਸ਼ਾ ਵਿਚ ਦੇਣਾ ਸ਼ੁਰੂ ਕੀਤਾ। ਦੋ ਭਾਸ਼ੀਆ ਕੋਈ ਨਹੀਂ ਸੀ-ਇਕਦਮ ਚੁੱਪ ਛਾ ਗਈ। ਉਹ ਅੰਗਰੇਜ਼ੀ ਵਿਚ ਵੀ ਨਹੀਂ ਸਨ ਬੋਲ ਸਕਦੇ ਕਿਸੇ ਦੇ ਪੱਲੇ ਕੁਝ ਨਹੀਂ ਸੀ ਪੈਂਦਾ ਤਾਂ ਸ. ਤੇਜਾ ਸਿੰਘ ਜੋ ਉਸ ਮੁਲਕ ਦੀ ਭਾਸ਼ਾ ਜਾਣਦੇ ਸਨ ਨੇ ਉਨ੍ਹਾਂ ਨਾਲ ਖੜ੍ਹੇ ਹੋ ਕੇ ਉਨਾਂ ਦੇ ਭਾਸ਼ਣ ਦਾ ਉਲੱਥਾ ਕਰਦੇ ਰਹੇ।


ਸਤਿਗੁਰੂ ਜਗਜੀਤ ਸਿੰਘ ਜੀ (ਉਸ ਸਮੇਂ ਬਾਬਾ ਜੀ) ਅਤੇ ਮਹਾਰਾਜ ਬੀਰ ਸਿੰਘ ਜੀ ਕੰਮਾਂ-ਕਾਰਾਂ ਲਈ ਆਉਂਦੇ ਜਾਂਦੇ ਡੇਰਾ ਸ. ਤੇਜਾ ਸਿੰਘ ਜੀ ਦੇ ਘਰੇ ਹੀ ਹੁੰਦਾ। ਉਨਾਂ ਦੇ ਘਰੋਂ ਸਰਦਾਰਨੀ ਦਾ ਸੁਭਾਅ ਵੀ ਬਹੁਤ ਨਿੱਘਾ ਤੇ ਸੇਵਾ ਭਾਵਨਾ ਵਾਲਾ ਸੀ। ਭਾਈ ਘਸੀਟਾ ਸਿੰਘ ਮਦਾਰ ਵਾਲੇ ਨਾਮਧਾਰੀ ਪੰਥ ਵਿਚ ਵਿਸ਼ੇਸ਼ ਸਥਾਨ ਰੱਖਦੇ ਸਨ। ਉਨਾਂ ਨਾਮਧਾਰੀ ਪੰਥ ਦਾ ਪ੍ਰਚਾਰ ਕਰਨ ਵਿਚ ਬੜੀ ਦਲੇਰੀ ਭਰੇ ਕਾਰਨਾਮੇ ਕੀਤੇ। ਹਿੰਦ-ਪਾਕਿ ਵੰਡ ਪਿਛੋਂ ਸ੍ਰੀ ਜੀਵਨ ਨਗਰ ਵਸਾਉਣ ਸਮੇਂ ਇਥੋਂ ਦੇ ਕਾਬਜ ਮੁਜਾਰਿਆਂ ਤੋਂ ਬੜੀ ਸੂਝ-ਬੂਝ ਨਾਲ ਫਸਲਾਂ ਦੇ ਹਿੱਸੇ ਵੰਡਾਏ ਅਤੇ ਕਬਜ਼ੇ ਲਏ।

ਇਸ ਇਲਾਕੇ ਦੇ ਪਿੰਡ ਮੋਰੀਵਾਲਾ ਦੇ ਸ. ਰੇਵਲ ਸਿੰਘ ਜੋ ਕਿ ਨਾਮਧਾਰੀ ਦਰਬਾਰ ਦੇ ਪ੍ਰਧਾਨ ਰਹੇ। ਬੜੇ ਚੱਲਦੇ ਪੁੱਜਦੇ ਜਿਮੀਂਦਾਰ ਸਨ। ਉਨਾਂ ਦਾ ਲੜਕਾ ਸ. ਅਮਰਜੀਤ ਸਿੰਘ ਇੰਡੀਅਨ ਏਅਰ ਫੋਰਸ ਵਿਚ ਸਕਾਡਨ ਲੀਡਰ ਸੀ। ਉਨਾਂ ੧੯੬੫ ਦੀ ਭਾਰਤ-ਪਾਕਿ ਜੰਗ ਵਿਚ ਬਹੁਤ ਬਹਾਦਰੀ ਭਰੇ ਜੌਹਰ ਦਿਖਾਏ ਸਨ। ਪਾਕਿਸਤਾਨ ਦੀ ਹਦੂਦ ਅੰਦਰ ਭਾਰੀ ਬੰਬ-ਬਾਰੀ ਕੀਤੀ ਤੇ ਉਸੇ ਜੰਗ ਵਿਚ ਸ਼ਹੀਦੀ ਪ੍ਰਾਪਤ ਕਰ ਗਏ ਸਨ, ਜਿੰਨਾਂ ਨੂੰ ਭਾਰਤ ਸਰਕਾਰ ਦਾ ਬਹੁਤ ਵੱਡਾ ਸਨਮਾਨ "ਪਰਮਵੀਰ ਚੱਕਰ" ਪ੍ਰਦਾਨ ਕੀਤਾ ਗਿਆ। ਸਾਂਝੇ ਪੰਜਾਬ ਦੇ ਮੁੱਖ ਮੰਤਰੀ ਕਾਮਰੇਡ ਰਾਮ ਕਿਸ਼ਨ ਜਦ ਸਰਸੇ ਰੇਲਵੇ ਸਟੇਸ਼ਨ ਕੋਲ ਹੋਏ ਸਮਾਰੋਹ ਵਿਚ ਪਹੁੰਚੇ ਤਾਂ ਸ. ਰਵੇਲ ਸਿੰਘ ਨੇ ਆਪਣੇ ਸੰਖੇਪ ਭਾਸ਼ਣ ਵਿਚ ਕਿਹਾ ਕਿ ਅੱਜ ਮੇਰਾ ਮਾਣ ਨਾਲ ਸਿਰ ਉੱਚਾ ਹੈ ਕਿ ਮੇਰਾ ਬਹਾਦਰ ਲੜਕਾ ਦੇਸ਼ ਲਈ ਸ਼ਹੀਦ ਹੋਇਆ ਹੈ ਤਾਂ ਕਾਮਰੇਡ ਰਾਮ ਕਿਸ਼ਨ ਦੇ ਰੌਂਗਟੇ ਖੜ੍ਹੇ ਹੋ ਗਏ, ਅੱਖਾਂ ਵਿਚ ਅੱਥਰੂ ਆ ਗਏ ਤੇ ਮੁੱਖ ਮੰਤਰੀ ਨੇ ਉੱਠ ਕੇ ਸ. ਰਵੇਲ ਸਿੰਘ ਨੂੰ ਜੱਫੀ ਵਿਚ ਲੈ ਲਿਆ ਕਿ ਜਿਸ ਬਾਪ ਦਾ ਨੌਜਵਾਨ ਬਹਾਦਰ ਪੁੱਤਰ ਸ਼ਹੀਦੀ ਪ੍ਰਾਪਤ ਕਰ ਗਿਆ ਹੋਵੇ ਤੇ ਉਹ ਬੁਲੰਦ ਹੌਸਲੇ ਵਿਚ ਇਹ ਲਫਜ਼ ਬੋਲ ਸਕੇ। ਪਿਛਲੇ ਸਿੱਖ-ਸੂਰਬੀਰਾਂ ਦੇ ਇਤਿਹਾਸ ਦੀ ਇਕ ਤਾਜ਼ਾ ਮਿਸਾਲ ਸੀ। ਭਾਰਤ ਸਰਕਾਰ ਵਲੋਂ ਹੁਣ ਉਸ ਪਿੰਡ ਦਾ ਨਾਂ ਸ. ਅਮਰਜੀਤ ਸਿੰਘ ਦੇ ਨਾਂ ਤੇ "ਮੋਰੀਵਾਲਾ" ਤੋਂ "ਅਮਰਜੀਤ ਸਿੰਘ ਵਾਲਾ" ਰੱਖਿਆ ਗਿਆ ਹੈ।

ਜਦੋਂ ਪਾਕਿਸਤਾਨ ਤੋਂ ਉਜੜ ਕੇ ਆਏ ਸਾਂ ਤਾਂ ਚਚਾਲ ਕੋਠੀ (ਜੀਵਨ ਨਗਰ) ਦੇ ਇਲਾਕੇ ਵਿਚ ਵੱਡੇ-ਵੱਡੇ ਅੱਕ ਤੇ ਜਵਾਂਹ ਹੁੰਦਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਫੁਰਮਾਉਂਦੇ ਸਨ ਸਿੱਖੋ-ਇੱਥੇ ਅੰਗੂਰ ਲੱਗਿਆ ਕਰਨਗੇ ਤਾਂ ਆਮ ਆਦਮੀ ਹੱਸ ਛੱਡਦਾ ਸੀ ਕਿ ਦਿਲ ਰੱਖਣ ਵਾਸਤੇ ਕਹਿੰਦੇ ਹਨ ਪਰ ਉਹ ਬਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਪੂਰੇ ਹੋਏ। ਇਕ ਅੱਸੂ ਦਾ ਮੇਲਾ

ਦਮਦਮੇ ਅੰਗੂਰਾਂ ਵਾਲੇ ਬਾਗ ਵਿਚ ਹੀ ਹੋਇਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜੋ ਚਿਤਵਦੇ ਹਨ ਕਰਕੇ ਵਿਖਾ ਦਿੰਦੇ ਹਨ। ਸ੍ਰੀ ਸਤਿਗੁਰੂ ਜੀ ਨੇ ਅਵਤਾਰ ਸਿੰਘ, ਹਰਦਿਆਲ ਸਿੰਘ, ਪੁੱਤਰ ਸੰਤ ਪੂਰਨ ਸਿੰਘ ਪਿੰਡ ਅਮਰਾਸਰ ਵਾਲਿਆਂ ਨੂੰ ਹੁਕਮ ਕੀਤਾ ਕਿ ੨ ਏਕੜ ਅੰਗੂਰ ਲਗਾਉਣੇ ਹਨ। ਬੜੀ ਵਿਧੀ ਨਾਲ ਅੰਗੂਰਾਂ ਦਾ ਬਾਗ ਲਗਵਾਇਆ ਬਹੁਤ ਸੇਵਾ ਕੀਤੀ ਦੇਸੀ ਰੂੜੀ ਪਾ ਕੇ। ਇਹ ਅੰਗੂਰਾਂ ਦੀ ਕਿਸਮ ਜੋ ਕਿ ਸਿਆਲ ਵਿਚ ਫਲ ਦਿੰਦੀ ਹੈ (ਥਾਮਸਨ ਸੀਡਲੈੱਸ) ਸੀ। ਇਹ ਆਮ ਕਰਕੇ ਠੰਡੇ ਇਲਾਕੇ ਵਿਚ ਬੰਗਲੌਰ ਸਾਈਡ ਤੇ ਹੀ ਹੁੰਦੀ ਹੈ। ਇੱਥੇ ਇਸ ਦਾ ਹੋਣਾ ਇਕ ਨਵੀਂ ਗੱਲ ਸੀ। ਬਾਗ ਬਹੁਤ ਵਧੀਆ ਤਿਆਰ ਹੋ ਗਿਆ। ਫਲ ਬਹੁਤ ਲੱਗਿਆ ਸ਼ਾਨਦਾਰ ਪ੍ਰਦਰਸ਼ਨੀ ਗੁੱਛੇ ਦੇਵੋਂ ਐਗਰੀਕਲਚਰ ਯੂਨੀਵਰਸਿਟੀਆਂ ਹਿਸਾਰ ਅਤੇ ਲੁਧਿਆਣਾ ਤੋਂ ਮਾਹਿਰ ਡਾਕਟਰ ਅਤੇ ਰਿਸਰਚ ਸਕਾਲਰ ਬੁਲਾਏ ਗਏ। ਸਿਆਲ ਵਿਚ ਥਾਮਸਨ ਸੀਡਲੈੱਸ ਅੰਗੂਰ ਪੂਰਾ ਪੱਕ ਕੇ ਤਿਆਰ ਹੋਇਆ ਦਿਖਾਇਆ। ਡਾਕਟਰ ਕਮਾਲ ਮੰਨ ਗਏ। ਉਹ ਪ੍ਰਸ਼ੰਸਾ ਕਰਦੇ ਨਹੀਂ ਸਨ ਥੱਕਦੇ ਕਿ ਜੋ ਕੰਮ ਅਸੀਂ ਸੋਚਦੇ ਹਾਂ ਪਰ ਕਰ ਨਹੀਂ ਸਕੇ ਆਪ ਜੀ ਨੇ ਕਮਾਲ ਕਰਕੇ ਵਿਖਾ ਦਿੱਤੀ ਮੈਂ ਉਸ ਸਮੇਂ ਮੌਜੂਦ ਸਾਂ। ਪੂਰੇ ਪਲੇ ਹੋਏ ਅੰਗੂਰਾਂ ਨਾਲ ਪਰੁੱਚੇ ਗੁੱਛੇ ਲਟਕਾ ਕੇ ਪ੍ਰਦਰਸ਼ਨ ਕੀਤਾ ਮਨਮੋਹਕ ਦ੍ਰਿਸ਼ ਸੀ। ਪਰ ਉਸ ਪਰਿਵਾਰ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖਸ਼ਿਸ਼ ਉਹਨਾਂ ਦਿਨ-ਰਾਤ ਇਕ ਕਰਕੇ ਹੁਕਮ ਮੰਨ ਕੇ ਬਾਗ ਦੀ ਸੇਵਾ ਕੀਤੀ ਅਤੇ ਜਦੋਂ ਹੁਕਮ ਹੋਇਆ ਬਾਗ ਜੋ ਪੁੱਤਾਂ ਵਾਂਗੂੰ ਪਾਲਿਆ ਹੱਥੀ ਪੁੱਟਣਾ ਛੋਟੀ ਜਿਹੀ ਗੱਲ ਨਹੀਂ। ਹੁਕਮ ਹੋਇਆ "ਬੜ੍ਹਾ ਬਣਾ ਦਿਉ। ਬਣਾ ਦਿੱਤਾ। ਹੁਕਮ ਹੋਇਆ ਢਾਹ ਦਿਉ ਢਾਹ ਦਿੱਤਾ।" ਜਿੱਤੇ ਹੁਕਮ ਦੀ ਖੇਡ ਹੈ ਉਸ ਤੇ ਪਰਵਾਨ ਚੜ੍ਹਨਾ ਕੋਈ ਛੋਟੀ ਜਿਹੀ ਗੱਲ ਨਹੀਂ। ਜਦੋਂ ਜੀਵਨ ਨਗਰ ਦੇ ਇਲਾਕੇ ਵਿਚ ਪੱਕੀਆਂ ਸੜਕਾਂ ਬਣ ਰਹੀਆਂ ਸਨ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਚਨ ਕੀਤਾ ਕਿ ਮੋੜ ਖੁੱਲੇ ਰੱਖੋ ਮੇਰੇ ਨੌਜਵਾਨਾਂ ਕੋਲ ਕਾਰਾਂ ਹੋਣਗੀਆਂ ਮੋੜਨੀਆਂ ਸੌਖੀਆਂ ਹੋਣਗੀਆਂ। ਉਸ ਸਮੇਂ ਸ਼ਾਇਦ ਹੀ ਕਿਸੇ ਕੋਲ ਕਾਰ ਹੋਵੇ। ਪਰ ਅੱਜ ਘਰ-ਘਰ ਕਾਰਾਂ ਹਨ। ਇਸ ਇਲਾਕੇ ਵਿਚ ਮੁੱਛਲ ਬਾਸਮਤੀ ਜ਼ਿਆਦਾ ਬੀਜੀ ਜਾਂਦੀ ਹੈ ਕਈਆਂ ਨੇ ਕਾਰਾਂ ਤੇ ਲਿਖਣਾ ਰੱਖਿਆ ਹੈ 'ਵਾਹ ਨੀ ਮੁੱਛਲੇ' ਸ੍ਰੀ ਭੈਣੀ ਸਾਹਿਬ ਵਿਖੇ ਸਮਾਗਮਾਂ ਸਮੇਂ ਵਹੀਕਲ ਖੜ੍ਹਾਉਣ ਦੀ ਸਮੱਸਿਆ ਹੋਣ ਲੱਗ ਪਈ ਹੈ। ਹੁਣ ਘਰ-ਘਰ ਕਾਰਾਂ ਹਨ। ਸਤਿਗੁਰੂ ਜੀ ਦੇ ਬਚਨ ਪੂਰੇ ਹੋਏ ਹਨ।

ਜੇ ਅਧਿਆਤਮਕ ਪੱਖ ਲਈਏ ਤਾਂ ਨਾਮਧਾਰੀ ਪੰਥ ਵਿਚ ਅਣਗਿਣਤ ਮਹਾਂਪੁਰਸ਼ "ਬ੍ਰਹਮ ਗਿਆਨੀ ਆਪ ਪ੍ਰਮੇਸ਼ਵਰ" ਵਾਲੀ ਅਵਸਥਾ ਦੇ ਮਾਲਕ ਹੋਏ ਹਨ। ਸੰਤ ਤਖਤ ਸਿੰਘ ਜੀ ਜਿਨ੍ਹਾਂ ਨੂੰ ਸੁਆਮੀ ਜੀ ਕਰਕੇ ਵੀ ਬੁਲਾਉਂਦੇ ਸਨ। ਬਹੁਤ ਬੰਦਗੀ ਵਾਲੇ ਮਹਾਂਪੁਰਸ਼ ਸਨ। ਅੰਗਰੇਜ਼ ਦੀ ਕੈਦ ਵਿਚ ਹੱਥਕੜੀਆਂ/ਬੇੜੀਆਂ ਲੱਗੀਆਂ ਤੋੜ ਕੇ ਉੱਡ ਜਾਂਦੇ ਸਨ। ਜਦੋਂ ਉਹਨਾਂ ਨੂੰ ਇਕ ਅੰਗਰੇਜ਼ ਅਫਸਰ ਨੇ ਪੁੱਛਿਆ ਕਿ "ਬਾਬਾ ਆਪ ਬੋਲਤੇ ਹੈ ਹਥਕੜੀਆਂ ਉਤਾਰ ਕਰ ਉੜ ਜਾਂਤੇ ਹੈ" ਤਾਂ ਸੁਆਮੀ ਜੀ ਕਿਹਾ ਪ੍ਰਮਾਤਮਾ ਦੀ ਰਜਾ ਵਿਚ ਹੈ ਸਭ ਕੁਝ ਤਾਂ ਉਸਦੇ ਸਾਹਮਣੇ ਹੱਥਕੜੀਆਂ/ਬੇੜੀਆਂ ਕੜ-ਕੜ ਕਰਦੀਆਂ ਲਹਿ ਗਈਆਂ ਤਾਂ ਸੁਆਮੀ ਜੀ ਧਰਤੀ ਤੋਂ ਉਪਰ ਉੱਡਣ ਲੱਗੇ। ਸੁਆਮੀ ਜੀ ਦੇ ਕਲਕੱਤੇ ਵਿਚ ਵੀ ਚੇਲੇ ਸਨ ਜਦ ਇਸ ਘਟਨਾ ਦਾ ਪਤਾ ਸਤਿਗੁਰੂ ਰਾਮ ਸਿੰਘ ਜੀ ਨੂੰ ਪ੍ਰਦੇਸ਼ ਵਿਚ ਲੱਗਾ ਤਾਂ ਉਥੋਂ ਹੁਕਮ ਭੇਜਿਆ ਕਿ ਸੁਆਮੀ ਜੀ ਅਜਿਹਾ ਨਹੀਂ ਕਰਨਾ ਤਾਂ ਫਿਰ ਡੇਢ ਸਾਲ ਅੰਗਰੇਜ਼ ਦੀ ਕੈਦ ਵਿਚ ਰਹਿ ਕੇ ਰੋੜੀ ਕੁੱਟੀ। ਸੰਤ ਜਮੀਤ ਸਿੰਘ ਜੀ ਭੂਰੇ ਗਿੱਲਾਂ ਵਾਲੇ ਹੋਏ ਹਨ, ਦੱਸਦੇ ਹਨ ਉਹਨਾਂ ਦਾ ਇਸ਼ਨਾਨ ਇੰਦਰ ਦੇਵਤਾ ਆਪ ਕਰਵਾਉਂਦਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਮੌਜ ਵਿਚ ਆਏ ਸੰਤਾਂ ਨੂੰ ਕਿਹਾ ਕਿ ਸੰਤ ਜੀ ਆਪ ਜੀ ਦਾ ਇਸ਼ਨਾਨ ਸੁਣਿਆ ਹੈ ਇੰਦਰ ਦੇਵਤਾ ਕਰਵਾਉਂਦਾ ਹੈ ਤਾਂ ਸੰਤਾਂ ਕਿਹਾ ਕਿ ਆਪ ਜੀ ਦੀ ਕ੍ਰਿਪਾ ਸਦਕਾ ਹੀ ਹੈ। ਸ੍ਰੀ ਸਤਿਗੁਰੂ ਜੀ ਮੰਜੇ ਦੇ ਸਿਰਹਾਣੇ ਬੈਠ ਗਏ ਅਤੇ ਸੰਤ ਜਮੀਤ ਸਿੰਘ ਦੌਣ ਤੇ ਬੈਠ ਗਏ ਅਤੇ ਇੰਦਰ ਨੂੰ ਕਿਹਾ ਕਿ ਇੰਦਰਾ



ਜਥੇਦਾਰ ਗੁਰਦੀਪ ਸਿੰਘ ਦਾ ਦੀਵਾਨ

ਮੇਰੇ ਸਾਹਿਬ ਤੇ ਛਿੱਟ ਨਹੀਂ ਪੈਣੀ ਚਾਹੀਦੀ ਇਸ਼ਨਾਨ ਕਰਾ। ਤਾਂ ਦੱਸਦੇ ਹਨ ਧਾਰ ਬਣ ਕੇ ਸੰਤਾਂ ਦਾ ਇਸ਼ਨਾਨ ਇੰਦਰ ਦੇਵਤਾ ਨੇ ਕਰਵਾਇਆ ਸੱਚੇ ਪਾਤਸ਼ਾਹ ਤੇ ਛਿੱਟ ਨਹੀਂ ਪੈਣ ਦਿੱਤੀ। ਸੰਤ ਕੇਸਰ ਕਿੱਲੀ ਮੁਹਾਵੇਵਾਲੇ ਠਾਕੁਰ ਜੀ ਜਦੋਂ ਚਾਹੁਣ ਦਰਗਾਹ ਵਿਚ ਚਲੇ ਜਾਂਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕਰਦੇ ਸਨ ਕਿ ਉਹਨਾਂ ਦਾ ਲੰਗਰ ਇੱਥੇ ਵੀ ਅਤੇ ਦਰਗਾਹ ਵਿਚ ਵੀ ਚੱਲਦਾ ਹੈ। ਸੰਤ ਰਲਾ ਸਿੰਘ ਜੀ, ਸੰਤ ਆਲਾ ਸਿੰਘ ਜੀ ਵਰਨਾਵਾਲੇ, ਸੰਤ ਗੁਲਾਬ ਸਿੰਘ ਜੀ ਵਰਨਾਵਾਲੇ (ਸੰਤ ਬਖਸ਼ੀਸ਼ ਸਿੰਘ ਅਤੇ ਰਤਨ ਸਿੰਘ ਸੰਤ ਨਗਰ ਵਾਲੇ ਦੇ ਪਿਤਾ ਜੀ) ਸੰਤ ਗੋਪਾਲ ਸਿੰਘ ਜੀ, ਸੰਤ ਕਰਮ ਸਿੰਘ ਜੀ ਹਿੰਮਤਪੁਰੇ ਵਾਲੇ ਜਿੰਨਾਂ ਨੂੰ ਬਾਬੇ ਬੁੱਢੇ ਵਾਂਗ ਪੁੱਤਰਾਂ ਦੇ ਵਰ ਦੇਣ ਦੀ ਬਖਸ਼ਿਸ਼ ਸੀ। ਸੰਤ ਮੋਹਨ ਸਿੰਘ ਜੀ ਜੋ ਗੁਰੂ ਨਾਨਕ ਵਾਂਗ ਸ਼ਬਦ ਦੀ ਸਵਾਰੀ ਕਰ ਲੈਂਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਲਾਹੌਰ ਵਿਖੇ ਜੀਪ ਤੇ ਸਨ ਅਤੇ ਸੰਤ ਵੀ ਲਾਹੌਰ ਸਨ ਸਤਿਗੁਰੂ ਜੀ ਕਿਹਾ ਆਉ ਸੰਤ ਜੀ ਸ੍ਰੀ ਭੈਣੀ ਸਾਹਿਬ ਚੱਲੀਏ ਤਾਂ ਸੰਤਾ ਕਿਹਾ ਆਪ ਚੱਲੋ ਅਸੀਂ ਆ ਜਾਂਦੇ ਹਾਂ। ਸ੍ਰੀ ਸਤਿਗੁਰੂ ਜੀ ਦੇ ਸ੍ਰੀ ਭੈਣੀ ਸਾਹਿਬ ਪਹੁੰਚਣ ਤੋਂ ਪਹਿਲਾਂ ਸੰਤ ਮੋਹਨ ਸਿੰਘ ਜੀ ਇਸ਼ਨਾਨ ਕਰਕੇ ਪਊਏ (ਖੜਾਵਾਂ) ਪਾ ਕੇ ਟਹਿਲਦੇ ਫਿਰਦੇ ਸਨ। ਸੰਤ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਆਤਮ ਮਾਰਗ ਰਸਾਲੇ ਵਿਚ ਲਿਖਿਆ ਸੀ ਕਿ ਗੁਰੂ ਨਾਨਕ ਦੇਵ ਜੀ ੫੦੦ ਸਾਲ ਪਹਿਲਾਂ ਦੀ ਗੱਲ ਹੈ ਕਿ ਉਹ ਸ਼ਬਦ ਦੀ ਸਵਾਰੀ ਕਰਦੇ ਸਨ। ਪਰ ਹੁਣ ਥੋੜ੍ਹੇ ਸਮੇਂ ਦੀ ਗੱਲ ਹੈ ਕਿ ਸੰਤ ਮੋਹਨ ਸਿੰਘ ਜੀ ਨਾਮਧਾਰੀ ਸ਼ਬਦ ਦੀ ਸਵਾਰੀ ਕਰ ਲੈਂਦੇ ਸਨ। ਮੇਰੇ ਪਿਤਾ ਜੀ (ਸੰਤ ਮਿੱਤ ਸਿੰਘ ਮੁਕਤੇ ਵਾਲੇ) ਦੱਸਦੇ ਹਨ ਕਿ ਮੈਂ ਆਪ ਹਾਜ਼ਰ ਸਾਂ ਸ੍ਰੀ ਭੈਣੀ ਸਾਹਿਬ ਹਵਨ ਕੁੰਡ ਵਿਚ ਬਲਦੀ ਅੱਗ ਵਿਚ ਛਾਲ ਮਾਰ ਕੇ ਸੰਤ ਮੋਹਨ ਸਿੰਘ ਜੀ ਖਲੋ ਗਏ। ਕਿਸੇ ਕੱਪੜੇ ਨੂੰ ਅੱਗ ਨਹੀਂ ਲੱਗ ਸਕੀ। (ਜਲ ਡੋਬੇ ਨਾ ਅਗਨੀ ਸਾੜੇ ਜਿੰਨਾਂ ਨੇ ਤੇਰਾ ਨਾਮ ਜਪਿਆ)।


ਮਹਾਰਾਜ ਜੰਗ ਸਿੰਘ ਜਿੰਨ੍ਹਾਂ ਦਾ ਪਾਲਣ ਪੋਸ਼ਣ ਕ੍ਰਿਸ਼ਨ ਮਹਾਰਾਜ ਵਾਂਗ ਹੋਇਆ। ਪਹਿਲਾਂ ਰੁਪਾਣਾ ਫਿਰ ਕੋਟ ਧਰਮੂ ਵਿਖੇ ਵਿਚਰੇ ਪੂਰਨ ਬ੍ਰਹਮ ਅਵਸਥਾ ਦੇ ਮਾਲਕ ਸਨ। ਸ. ਕ੍ਰਿਪਾਲ ਸਿੰਘ ਮਾਖਾ ਸਾਬਕਾ ਮੰਤਰੀ ਨੇ ਮੇਰੀ ਹਾਜ਼ਰੀ ਵਿਚ ਭਰੇ ਦੀਵਾਨ ਵਿਚ ਬੋਲਦਿਆਂ ਦੱਸਿਆ ਕਿ ਮੈਂ ਜਦ ਐਮ. ਐਲ. ਏ. ਦੀ ਚੋਣ ਲੜੀ ਤਾਂ ਮੈਨੂੰ ਪਤਾ ਲੱਗਾ ਕਿ ਕੋਟ ਧਰਮੂ ਵਿਖੇ ਕੋਈ ਮਹਾਂਪੁਰਸ਼ ਹਨ ਮੈਂ ਅਰਜ ਕੀਤੀ ਤਾਂ ਹੁਕਮ ਹੋਇਆ ਕਿ ਤਲਾਅ ਵਿਚ ਦੀ ਲੰਘ ਕੇ



ਜਥੇਦਾਰ ਸੇਵਾ ਸਿੰਘ ਦਿੱਲੀ ਦਾ ਸੁਆਗਤ

ਆ ਜਾਵੇ। ਤਲਾਅ ਉਦੋਂ ਅਜੇ ਕੱਚਾ ਸੀ। ਮੈਂ ਵਿਚ ਦੀ ਲੰਘ ਕੇ ਗਿਆ ਅਤੇ ਨਮਸ਼ਕਾਰ ਕੀਤੀ ਤਾਂ ਹੁਕਮ ਹੋਇਆ ਕਿ ਆਪਾਂ ੧੦ ਹਜ਼ਾਰ ਵੋਟਾਂ ਤੇ ਜਿੱਤ ਗਏ। ਵੋਟਾਂ ਅਜੇ ਪੈਣੀਆਂ ਸਨ ਅਗਲੇ ਦਿਨ ਵੋਟਾਂ ਪਈਆਂ ਜਦ ਰਿਜਲਟ ਆਇਆ ਤਾਂ ਪੂਰੇ ੧੦ ਹਜ਼ਾਰ ਵੋਟਾਂ ਤੇ ਜਿੱਤ ਗਏ। ਜਥੇਦਾਰ ਸੰਤ ਅਤਰ ਸਿੰਘ ਜੀ ਜਦੋਂ ਦੀਵਾਨ ਸਜਾਉਂਦੇ ਸਨ ਤਾਂ ਇਕ ਵਾਰ ਨਹੀਂ ਕਈ ਵਾਰ ਸੰਗਤ ਦੇ ਅਰਜ ਕਰਨ ਤੇ ਜਦੋਂ ਖੜਤਾਲਾਂ (ਇੰਦਰ ਮੋਹਨੀਆਂ) ਵਜਾਉਂਦੇ ਸਨ ਤਾਂ ਇੰਦਰ ਦੇਵਤਾ ਖੁਸ਼ ਹੋ ਕੇ ਵਰਖਾ ਕਰਦਾ ਸੀ। ਇਸ ਤਰ੍ਹਾਂ ਹੋਰ ਬਹੁਤ ਗੁਪਤ ਮਹਾਂਪੁਰਖ ਹੋਏ ਹਨ ਜੋ ਰੱਬ ਦੀ ਰਜਾ ਵਿਚ ਰਹਿੰਦੇ ਸਨ।

ਜਦੋਂ ਅਸੀਂ ਨਾਮਧਾਰੀ ਮਹਾਂਵਿਦਿਆਲਾ ਸ੍ਰੀ ਜੀਵਨ ਨਗਰ ਵਿਚ ਪੜ੍ਹਦੇ ਸਾਂ ਤਾਂ ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਹੈੱਡਮਾਸਟਰ ਸਨ ਜੋ ਆਪਣੇ ਭਾਸ਼ਣ ਵਿਚ ਕਿਹਾ ਕਰਦੇ ਸਨ ਕਿ ਭਾਈ ਸਤਿਗੁਰੂ ਜਗਜੀਤ ਸਿੰਘ ਅਤੇ ਮਹਾਰਾਜ ਬੀਰ ਸਿੰਘ ਰਾਮ-ਲਛਮਣ ਦੀ ਜੋੜੀ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚੋਲਾ ਤਿਆਗਣ ਪਿਛੋਂ ਮਹਾਰਾਜ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਪ ਆਸਣ ਤੇ ਬਿਠਾਇਆ ਸੀ। ਜਿਸ ਪਾਸੇ ਸਤਿਗੁਰੂ ਜੀ ਦਾ ਦੌਰਾ ਹੁੰਦਾ ਸੀ ਮਹਾਰਾਜ ਬੀਰ ਸਿੰਘ ਉਸ ਪਾਸੇ ਪੈਰ ਕਰਕੇ ਨਹੀਂ ਸਨ ਬਿਰਾਜਦੇ। ਪਰ ਸਮਾਂ ਬੜਾ ਬਲਵਾਨ ਹੈ। ਸਤਿਗੁਰੂ ਬੇਅੰਤ ਹੈ। ਥੋੜ੍ਹਾ ਜਿਹਾ ਬਿਮਾਰ ਰਹਿਣ ਪਿਛੋਂ ਜਦੋਂ ਮਹਾਰਾਜ ਜੀ ਸਰੀਰ ਛੱਡਿਆ ਤਾਂ ਅੰਤਿਮ ਦਰਸ਼ਨਾਂ ਲਈ ਸ੍ਰੀ ਭੈਣੀ ਸਾਹਿਬ ਰੱਖਿਆ ਗਿਆ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣਾ ਪਵਿੱਤਰ ਚਰਨ ਮਹਾਰਾਜ ਬੀਰ ਸਿੰਘ ਜੀ ਦੇ ਮੱਥੇ ਤੇ ਛੁਹਾਇਆ ਤਾਂ ਮਹਾਰਾਜ ਜੀ ਦੀ ਭਗਤੀ ਅਖੀਰ ਸਮੇਂ ਪ੍ਰਵਾਨ ਹੋ ਗਈ। ਸਤਿਗੁਰੂ ਮੁਕਤੀ ਦਾ ਦਾਤਾ ਹੈ। "ਧਰਮਰਾਜ ਅਬ ਕਿਆ ਕਰੇਗੋ ਜਬ




ਸੂਬਾ ਹਰਬੰਸ ਸਿੰਘ ਦੋਸ਼ੀ, ਜਥੇਦਾਰ ਗਿਆਨ ਸਿੰਘ ਵੀਰੋਕੇ, ਜਥੇਦਾਰ ਦਾਨ ਸਿੰਘ

ਫਾਟਿਆ ਸਗਲਾ ਲੇਖਾ" ਪੰਥ ਦੀ ਬਹੁਤ ਨਾਮਵਰ ਹਸਤੀ ਸੇਠ ਤਿਰਲੋਕ ਸਿੰਘ ਜੀ ਚਾਵਲਾ ਜੋ ਅਜ਼ਾਦ ਹਿੰਦ ਫੌਜ ਦੇ ਬਾਨੀ ਸੁਭਾਸ਼ ਚੰਦਰ ਬੋਸ ਦੇ ਨੇੜੇ ਦੇ ਸਾਥੀ ਰਹੇ ਹਨ। ਜੋ ਸੁਭਾਸ਼ ਚੰਦਰ ਬੋਸ ਜੀ ਦਾ ਰਿਵਾਲਵਰ ਅਤੇ ਹੋਰ ਕਈ ਅਮੋਲਕ ਵਸਤੂਆਂ ਅਤੇ ਪੁਰਾਣੀਆਂ ਯਾਦਾਂ ਸੰਭਾਲ ਕੇ ਰੱਖੀ ਬੈਠੇ ਹਨ। ਬਹੁਤ ਜ਼ਿਆਦਾ ਸਮਾਂ ਸ੍ਰੀ ਸਤਿਗੁਰੂ ਜੀ ਦਾ ਡੇਰਾ ਦਿੱਲੀ ਵਿਖੇ ਸੇਠ ਜੀ ਦੀ ਕੋਠੀ ੧੧ ਪੂਸਾ ਰੋਡ ਤੇ ਰਿਹਾ ਜਿੱਥੇ ਦਿਨ-ਰਾਤ ਅਤੁੱਟ ਲੰਗਰ ਚੱਲਦਾ ਸੀ। ਸੇਠ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਦੇ ਪਾਤਰ ਹਨ। ਉਹਨਾਂ ਦੀ ਦੀਰਘ ਆਯੂ ਦੀ ਕਾਮਨਾ ਕਰਦੇ ਹਾਂ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਿਚ ਜਿੰਨੀ ਨਿਰਮਾਣਤਾ ਦੇਖੀ ਹੈ ਕਮਾਲ ਦੀ ਗੱਲ ਹੈ। ਦਿੱਲੀ ਵਿਖੇ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਉਪਰ ਕਮਰੇ ਵਿਚ ਸ੍ਰੀ ਸਤਿਗੁਰੂ ਜੀ, ਸੇਵਕ ਪੂਰਬਾ ਜੀ, ਸੰਤ ਸੇਵਾ ਸਿੰਘ ਤੰਬੂਆਂ ਵਾਲੇ ਦੇ ਲੜਕੇ ਭੁਪਿੰਦਰ ਸਿੰਘ ਜੀ ਅਤੇ ਮੈਂ (ਗੁਰਮੁਖ ਸਿੰਘ ਸ਼ਾਹ) ਹਾਜ਼ਰ ਸਾਂ। ਭੁਪਿੰਦਰ ਸਿੰਘ ਦਾੜੀ ਕੇਸ ਕਟਾ ਕੇ ਪੂਰਾ ਅੰਗਰੇਜ਼ ਬਣਿਆ ਹੋਇਆ ਸੀ। ਗੋਰਾ-ਚਿੱਟਾ ਤੇ ਰੰਗ ਲਾਲ ਪਹਿਲਾਂ ਹੀ ਸੀ। ਸ੍ਰੀ ਸਤਿਗੁਰੂ ਜੀ ਬੜੀ ਹਲੀਮੀ ਨਾਲ ਉਸਨੂੰ ਕਹਿ ਰਹੇ ਸਨ। ਕਿ ਤੂੰ ਦਾੜੀ ਕੇਸ ਰੱਖ ਕੇ ਸਿੱਖੀ ਸਰੂਪ ਵਿਚ ਆ ਜਾ ਪਰ ਉਹ ਹੱਸ ਛੱਡਦਾ ਸੀ ਅਤੇ ਟਸ ਤੋਂ ਮੱਸ ਨਹੀਂ ਸੀ ਹੋ ਰਿਹਾ। ਸ੍ਰੀ ਸਤਿਗੁਰੂ ਜੀ ਜਿਸ ਤਰ੍ਹਾਂ ਕਿਸੇ ਦੇ ਤਰਲੇ ਕਰੀਦੇ ਹਨ ਇਸ ਤਰ੍ਹਾਂ ਵਾਰ-ਵਾਰ ਕਹਿ ਰਹੇ ਸਨ ਕਿ ਇਹ ਪੰਥ ਬੜਾ ਉੱਚਾ ਸੁੱਚਾ ਹੈ ਮੇਰੇ ਵਿਚ ਕੋਈ ਫਰਕ ਹੋ ਸਕਦਾ ਹੈ ਪਰ ਪੰਥ ਵਿਚ ਨਹੀਂ। ਮੈਂ ਹੈਰਾਨ ਸਾਂ ਕਿ ਉਸ ਦੇ ਕਿੱਡੇ ਵੱਡੇ ਭਾਗ ਹਨ ਜਿਸ ਨੂੰ ਸ੍ਰਿਸ਼ਟੀ ਦੇ ਮਾਲਕ ਵਾਰ-ਵਾਰ ਪ੍ਰੇਰ ਰਹੇ ਹਨ। ਉਸ ਸਮੇਂ ਮਹਿਸੂਸ ਹੋਇਆ ਕਿ ਸਤਿਗੁਰੂ ਜੀ ਕਿੰਨੇ ਗਹਿਰ ਗੰਭੀਰ ਹਨ "ਗਹਿਰ ਗੰਭੀਰਾ ਗੁਣੀ ਗਹੀਰਾ॥ ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥" ਪਰ ਉਸ ਸਮੇਂ ਭੁਪਿੰਦਰ ਸਿੰਘ ਨੇ ਕੋਈ ਹਾਂ ਨਾ ਭਰੀ ਪਰ ਸਤਿਗੁਰੂ ਕਦੇ ਵੀ ਆਪਣਿਆਂ ਨੂੰ ਛੱਡਦਾ ਨਹੀਂ ਹੁਣ ਉਹੀ ਭੁਪਿੰਦਰ ਸਿੰਘ ਦਾੜੀ ਕੇਸਾਂ ਨਾਲ ਨਾਮਧਾਰੀ ਪਹਿਰਾਵੇ ਵਿਚ ਗੁਰਸਿੱਖਾਂ ਵਾਲਾ ਜੀਵਨ ਬਤੀਤ ਕਰ ਰਿਹਾ ਹੈ। ਪੁਰਾਣੀ ਕਥਾ ਸੁਣਦੇ ਹਾਂ ਕਿ ਇਕ ਰਾਜੇ ਦੇ ਦਰਬਾਰ ਵਿਚ ਕਿਸੇ ਖਾਸ ਪ੍ਰਸ਼ਨ ਲਈ ਵੱਡੇ-ਵੱਡੇ ਵਿਦਵਾਨ, ਪੰਡਤਾਂ ਦੀ ਸਭਾ ਬੁਲਾਈ ਹੋਈ ਸੀ ਪਰ ਸੁਆਲ ਹੱਲ ਨਹੀਂ ਸੀ ਹੋ ਰਿਹਾ ਤਾਂ ਉਸ ਸਭਾ ਵਿਚ ਅਸ਼ਟਾਵੱਕਰ ਜੀ ਨੂੰ ਬੁਲਾਇਆ ਗਿਆ ਜਿੰਨ੍ਹਾਂ ਦੇ ਸ਼ਰੀਰ ਨੂੰ ਅੱਠ ਵਲ ਪੈਂਦੇ ਸਨ। ਜਦੋਂ ਉਹ ਸਭਾ ਵਿਚ ਪਧਾਰੇ ਤਾਂ ਸਾਰੇ ਉਸ ਦੇ ਸਰੀਰ ਵੱਲ ਵੇਖ ਕੇ ਹੱਸ ਪਏ ਤਾਂ ਅਸ਼ਟਾਵੱਕਰ ਜੀ ਨੇ ਕਿਹਾ ਕਿ ਇਹ ਕਿੱਥੋਂ ਚਮਿਆਰਾਂ ਦੀ ਸਭਾ ਬੁਲਾਈ ਹੈ। ਅੱਜ ਵਿਚਾਰਨ ਵਾਲੀ ਗੱਲ ਹੈ ਕਿ ਅਸੀਂ ਕਿਤੇ ਉਸ ਸਭਾ ਦੇ ਮੈਂਬਰ ਤਾਂ ਨਹੀਂ? ਅਸੀਂ ਅਜੇ ਹਉਮੈ ਅਤੇ ਜਾਤ ਵਾਦ ਦੇ ਵਖਰੇਵੇਂ ਛੱਡ ਨਹੀਂ ਸਕੇ। ਸ੍ਰੀ ਸਤਿਗੁਰੂ ਜੀ ਨੇ ਕਾਫੀ ਸਮੇਂ ਤੋਂ ਚੁੱਪ ਧਾਰੀ ਹੋਈ ਹੈ। ਉਹਨਾਂ ਦੀ ਲੀਲਾ ਨੂੰ ਸਮਝਣਾ ਔਖਾ ਹੈ। ਸਤਿਗੁਰੂ ਜੀ ਦੀ ਕ੍ਰਿਪਾ ਬਿਨ੍ਹਾਂ ਕੋਈ ਵੀ ਪਰਖ ਵਿਚੋਂ ਪਾਸ ਨਹੀਂ ਹੋ ਸਕਦਾ। ਅਸੀਂ ਇਸ ਕੌਤਕ ਵਿਚ ਉਹਨਾਂ ਦੇ ਬਣੇ ਰਹੀਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਰਹਿਤਨਾਮੇ ਅਤੇ ਹੁਕਮਨਾਮੇ ਵਿਚ ਲਿਖਿਆ ਹੈ "ਖੌਫ ਰੱਖਣਾ ਸੱਚੇ ਗੁਰੂ ਦਾ ਹਰਦਮ" ਸਤਿਗੁਰੂ ਜੀ ਨੂੰ ਗਰੀਬ ਨਿਵਾਜ ਕਹਿੰਦੇ ਹਨ ਜਿਸ ਨੂੰ ਕੋਈ ਮੂੰਹ ਨਹੀਂ ਲਗਾਉਂਦਾ ਉਸ ਦੀ ਬਾਂਹ ਸਤਿਗੁਰੂ ਆਪ ਫੜਦੇ ਹਨ। "ਗੁਰੂ ਨਾਨਕ ਯਾਰ ਗਰੀਬਾਂ ਦਾ" ਗੁਰੂ ਨਾਨਕ ਸਾਹਿਬ ਗਰੀਬ ਭਾਈ ਲਾਲੋ ਦਾ ਭੋਜਨ ਸਵੀਕਾਰ ਕੀਤਾ ਸੀ- ਜਿੰਨ੍ਹਾਂ ਗਰੀਬਾਂ ਨੂੰ ਕੋਈ ਮੱਥੇ ਨਹੀਂ ਸੀ ਲਗਾਉਂਦਾ ਗੁਰੂ ਨਾਨਕ ਸਾਹਿਬ ਨੇ ਉਹਨਾਂ ਪ੍ਰਥਾਏ ਇੰਜ ਲਿਖਿਆ ਹੈ-

"ਨੀਚਾਂ ਅੰਦਰ ਨੀਚ ਜਾਤ ਨੀਚੀ ਹੂ ਅੱਤ ਨੀਚ
ਨਾਨਕ ਤਿਨ ਕੇ ਸੰਗ ਸਾਥ ਵੱਡਿਆਂ ਸਿਓ ਕਿਆ ਰੀਸ
ਜਿੱਥੇ ਨੀਚ ਸਮਾਲੀਅਣ ਤਿਥੈ ਨਦਰ ਤੇਰੀ ਬਖਸ਼ੀਸ਼"

ਸਤਿਗੁਰੂ ਕਰਨ ਕ੍ਰਿਪਾ ਅਤੇ ਅਸੀਂ ਸੌੜੇ ਬੰਧਨਾਂ ਅਤੇ ਹਉਮੈ ਤੋਂ ਉਪਰ ਉੱਠ ਕੇ ਹੋਰ ਕੁਝ ਨਾ ਬਣ ਕੇ ਗੁਰੂ ਦੇ ਸਿੱਖ ਤੇ ਸੱਚੇ ਇਨਸਾਨ ਬਣ ਸਕੀਏ। ਸਾਨੂੰ ਸਭਨਾ ਵਿਚ ਉਸ ਦਾ ਨੂਰ ਦਿਸੇ।

ਮੋ-੯੮੭੬੧-੮੩੧੯੮



ਮਾਡਰਨ ਗਨ ਵਰਕਸ ਜੰਮੂ ਦੇ ਸੰਸਥਾਪਕ ਸਵ. ਸੰਤ ਕੁਲਦੀਪ ਸਿੰਘ ਜੀ ਸਤਿਗੁਰੂ ਜੀ ਦਾ ਸੁਆਗਤ ਕਰਦੇ ਹੋਏ। ਨਾਲ ਹਨ ਸੰਤ ਕਰਤਾਰ ਸਿੰਘ, ਅਮਰੀਕ ਸਿੰਘ ਤੇ ਹੋਰ ਸੰਗਤਾਂ

ਵਧਾਈਆਂ ! ਵਧਾਈਆਂ ! ਵਧਾਈਆਂ !

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਹਾਰਦਿਕ ਵਧਾਈਆਂ

Reputed Manufacturers of :

Superior Quality

SINGLE BARREL & DOUBLE BARREL GUNS

B.L.–12 Bore

MODERN GUN WORKS

OPP. : INDUSTRIAL ESATE, JAMMU CANNT



ਕਉਣ ਉਪਮਾ ਦੇਉ ਕਵਣ ਵਡਾਈ

ਉਸਤਾਦ ਹਰਭਜਨ ਸਿੰਘ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਤਿ ਨਿਰਮਾਣ ਸੇਵਕ ਜਿਨ੍ਹਾਂ ਨੇ ਦੇਸ਼ ਦੀ ਵੰਡ ਤੋਂ ਬਾਦ ਉਧਰ ਜ਼ਮੀਨਾਂ ਜਾਇਦਾਦਾਂ ਛੱਡ ਕੇ ਆਏ ਲੋਕਾਂ ਖਾਸ ਕਰ ਇਲਾਕਾ ਜੀਵਨ ਨਗਰ ਤੇ ਨਾਮਧਾਰੀਆਂ ਨੂੰ ਉਹ ਜਾਇਦਾਦਾਂ ਦੁਆਉਣ ਵਿਚ ਦਿਨ ਰਾਤ ਇਕ ਕਰ ਦਿੱਤਾ ਸ ਅਵਤਾਰ ਸਿੰਘ ਝੱਬਰ ਜੀ ਨੇ ਇਕ ਦਿਨ ਭੈਣੀ ਸਾਹਿਬ ਮੇਰੇ ਨਾਲ ਗੱਲ ਕਰਦਿਆਂ ਕਿਹਾ ਕਿ ਹਰਭਜਨ ਬੇਟਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕੁਛ ਸੇਵਕ ਇਨ੍ਹਾਂ ਸਤਿਗੁਰਾਂ (ਸਤਿਗੁਰੂ ਜਗਜੀਤ ਸਿੰਘ ਜੀ) ਦੇ ਖਿਲਾਫ ਸਤਿਗੁਰੂ ਜੀ ਦੇ ਕੰਨ ਭਰਦੇ ਰਹਿੰਦੇ ਸਨ ਕਿਉਂਕਿ ਸਤਿਗੁਰੂ ਜਗਜੀਤ ਸਿੰਘ ਜੀ ਸ਼ੁਰੂ ਤੋਂ ਹੀ ਸ਼ਾਹ ਦਿਲ ਹਨ। ਹਰ ਲੋੜਵੰਦ ਦੀ ਮਦਦ ਭਾਵੇਂ ਕਰਜ਼ਾ ਚੁੱਕ ਕੇ ਕਰਨੀ ਪਵੇ ਕਰ ਦਿੰਦੇ ਸਨ। ਇਸ ਤੇ ਨਾਲ ਦੇ ਮੁਨੀਮ ਸਤਿਗੁਰੂ ਜਗਜੀਤ ਸਿੰਘ ਜੀ (ਉਦੋਂ ਵੱਡੇ ਬਾਬਾ ਜੀ) ਤੇ ਅਉਖੇ ਸਨ ਤੇ ਹਰ ਵਕਤ ਇਨ੍ਹਾਂ ਦੇ ਵਿਰੁੱਧ ਬਾਜ਼ਾਰ ਗਰਮ ਰੱਖਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਉਨ੍ਹਾਂ ਦੀ ਖੁਸ਼ੀ ਵਾਸਤੇ ਕਦੀ ਸ਼ਿਕਾਇਤ ਦੇ ਮੂਡ ਵਿਚ ਆ ਜਾਂਦੇ ਸਨ। ਕਿ ਵੱਡਾ ਕਾਕਾ ਔਹ ਕਰਦਾ ਹੈ ਔਹ ਕਰਦਾ ਹੈ ਪਰ ਜਦੋਂ ਕਦੀ ਵੱਡੇ ਬਾਬਾ ਜੀ ਸਤਿਗੁਰੂ ਜੀ ਦੇ ਸਨਮੁਖ ਹੁੰਦੇ ਤਾਂ ਸਤਿਗੁਰੂ ਜੀ ਉਹ ਸਭ ਗੱਲਾਂ ਭੁਲ ਜਾਂਦੇ ਤੇ ਇਨਾਂ ਪਿਆਰ ਦਿੰਦੇ ਕਿ ਮੈਂ ਦਸ ਨਹੀਂ ਸਕਦਾ ਸਤਿਗੁਰੂ ਜੀ ਖਿੜ ਉਠਦੇ ਸਨ।

ਇਸੇ ਤਰਾਂ ਹੀ ਪ੍ਰਸਿੱਧ ਇਤਿਹਾਸਕਾਰ ਸ. ਨਾਹਰ ਸਿੰਘ ਜੀ ਵੀ ਦੱਸਦੇ ਹਨ ਕਿ ਮੈਂ ਇਕ ਵਾਰ ਦਿੱਲੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਬੈਠਾ ਸਾਂ ਕਿ ਵੱਡੇ ਬਾਬਾ ਜੀ ਜਲਦੀ-ਜਲਦੀ ਆਏ ਤੇ ਮੱਥਾ ਟੇਕ ਕੇ ਚਲੇ ਗਏ ਤਾਂ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਇਹ ਵੱਡਾ ਕਾਕਾ ਅਥਾਹ ਸ਼ਕਤੀਆਂ ਦਾ ਮਾਲਿਕ ਹੈ ਤੇ ਇਹ ਜਿਧਰ ਜਿਧਰ ਵੀ ਹੱਥ ਕਰੇਗਾ ਜੋ ਚਾਹੇਗਾ ਉਹ ਸਭ ਕੰਮ ਹੁੰਦੇ ਜਾਣਗੇ।

ਅੱਜ ਅਸੀਂ ਉਸ ਗੱਲ ਦਾ ਅੰਦਾਜ਼ਾ ਲੱਗਾਈਏ ਤਾਂ ਪਤਾ ਚਲਦਾ ਹੈ ਕਿੰਨੀ ਤਰੱਕੀ ਹੋਈ ਹੈ ਦੁਨੀਆਵੀਂ ਕੰਮਾਂ ਤੋਂ ਇਲਾਵਾ ਅਧਿਆਤਮਕ ਖੇਤਰ ਵਿਚ ਵੀ।

ਕਲਾਸੀਕਲ ਸੰਗੀਤ, ਗੁਰਬਾਣੀ ਟਕਸਾਲੀ ਕੀਰਤਨ, ਬਾਗਬਾਨੀ, ਖੇਡਾਂ, ਉਦਯੋਗ, ਸਾਹਿਤਕਾਰੀ ਆਦਿ ਸਭ ਪਾਸੇ ਹੀ ਚੌਮੁਖੀ ਤਰੱਕੀ ਹੋਈ ਹੈ। ਕੀਰਤਨ, ਸੰਗੀਤ ਵਿਚ ਤਾਂ ਸਾਡੇ ਸਭ ਨਾਮਧਾਰੀਆਂ ਤੇ ਇੰਨੀ ਕ੍ਰਿਪਾ ਕੀਤੀ ਸਤਿਗੁਰੂ ਜੀ ਨੇ ਤੇ ਐਸਾ ਛੱਟਾ ਦਿੱਤਾ ਹੈ ਕਿ ਸਾਰੀ ਦੁਨੀਆਂ ਵਿਚ ਜਿੱਥੇ-ਜਿੱਥੇ ਵੀ ਨਾਮਧਾਰੀ ਵਸਦੇ ਹਨ ਉਥੇ-ਉਥੇ ਹੀ ਐਸੇ ਸੰਗੀਤ ਦੇ ਪੌਦੇ ਉਗ ਰਹੇ ਹਨ ਕਿ ਜਿਨਾਂ ਨੂੰ ਸੁਣ ਕੇ ਮਨ ਵਿਚੋਂ ਧੰਨ ਸਤਿਗੁਰੂ ਜਗਜੀਤ ਸਿੰਘ ਜੀ ਸੁਤੇ ਸਿੱਧ ਹੀ ਨਿਕਲਣ ਲੱਗ ਪੈਂਦਾ ਹੈ।

ਪਿਛਲੇ ਸਾਲ ੨੦੧੦ ਦਾ ਸੰਗੀਤ ਨਾਟਕ ਅਕੈਡਮੀ ਪੁਰਸਕਾਰ ਮੈਨੂੰ ਮਿਲਿਆ ਜੋ ੨੨ ਜੁਲਾਈ ੨੦੧੧ ਨੂੰ ਭਾਰਤ ਦੇ ਉਪਰਾਸ਼ਟਰਪਤੀ ਮੁਹੰਮਦ ਹਾਮਿਦ ਅਨਸਾਰੀ ਜੀ ਨੇ ਭਾਰਤ ਭਰ

ਵਿਚੋਂ ਵੱਖ-ਵੱਖ ਕਲਾਵਾਂ ਵਿਚੋਂ ਚੁਣ ਗਏ ੩੯ ਕਲਾਕਾਰਾਂ ਨੂੰ ਵੀ ਪ੍ਰਦਾਨ ਕੀਤਾ।

ਇਸ ਤਰ੍ਹਾਂ ਲੱਗਾ ਕਿ ਜਿਵੇਂ ਕੋਈ ਫਲ ਅਪਨੇ ਆਪ ਬਿਨਾਂ ਕਿਸੇ ਉਦਮ ਜਾਂ ਤਿਕੜਮਬਾਜ਼ੀ ਤੋਂ ਤੁਹਾਡੀ ਝੋਲੀ 'ਚ ਆ ਡਿੱਗੇ। ਇਸ ਸਾਰੇ ਤੇ ਝਾਤ ਪਾਇਆਂ ਪਤਾ ਚੱਲਦਾ ਹੈ ਕਿ ਇਹ ਤਾਂ ਸਭ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਹੈ ਉਨਾਂ ਨੇ ਕਿਵੇਂ ਤਰੱਦਦ ਕਰਕੇ ਸਾਨੂੰ ਸਭ ਨੂੰ ਵੱਡਿਆਂ-ਵੱਡਿਆਂ ਉਸਤਾਦਾਂ ਕੋਲ ਭੇਜ ਕੇ ਤੇ ਆਪ ਵੀ ਕ੍ਰਿਪਾ ਕਰਕੇ ਸੰਗੀਤ ਸਿਖਾਇਆ ਹੈ। ਮੇਰੇ ਤੇ ਸਤਿਗੁਰੂ ਜੀ ਦੀ ਵਿਸ਼ੇਸ਼ ਕ੍ਰਿਪਾ ਰਹੀ ਹੈ ਮੈਨੂੰ ੧੯੭੫ ਤੋਂ ਲੈ ਕੇ ਹੁਣ ਤਕ ਸ੍ਰੀ ਭੈਣੀ ਸਾਹਿਬ ਤੇ ਹੋਰ ਵੱਖ-ਵੱਖ ਥਾਵਾਂ ਤੇ ਵਿਦੇਸ਼ਾਂ ਵਿਚ ਸੰਗੀਤ ਅਧਿਆਪਨ ਦਾ ਅਵਸਰ ਦਿੱਤਾ ਹੈ।

ਗੱਲ ਆਈ ਤਿਕੜਮਬਾਜ਼ੀ ਦੀ ਤਾਂ ਜ਼ਿਆਦਾਤਰ ਤਿਕੜਮਬਾਜ਼ ਤੇ ਚਾਪਲੂਸ ਹੀ ਏਦਾਂ ਦੇ ਇਨਾਮ ਲੈਣ ਵਿਚ ਬਾਜ਼ੀ ਮਾਰ ਜਾਂਦੇ ਹਨ। ਪਰ ਇਹ ਗੱਲ ਹਰ ਥਾਂ ਨਹੀਂ ਢੁੱਕਦੀ। ਨਾਮੀ ਗਰਾਮੀ ਉਸਤਾਦਾਂ ਕਲਕਾਰਾਂ ਦੇ ਇਹ ਇਨਾਮ ਕਰਾਮ ਤਾਂ ਪਿਛੇ-ਪਿਛੇ ਭੱਜੇ ਫਿਰਦੇ ਹਨ। ਪਰ ਇੱਥੇ ਤਾਂ ਕੋਈ ਨਾਉ ਨ ਜਾਣੈ ਮੇਰਾ ਵਾਲੀ ਗੱਲ ਹੈ।

ਅਪਨਾ ਕਰਮ ਕਰੀ ਜਾਉ ਤੇ ਫਲ ਦੀ ਇੱਛਾ ਨਾ ਰੱਖੋ ਇਹ ਸਾਡੇ ਗੁਰੂਆਂ ਦੇ ਉਪਦੇਸ਼ ਹਨ। ਸਾਡੇ ਨਾਮਧਾਰੀ ਪੰਥ ਨੇ ਕੀ ਕੁਛ ਨਹੀਂ ਕੀਤਾ। ਆਪਨੇ ਗੁਰੂਆਂ ਦੀ ਅਗਵਾਈ 'ਚ ਦੇਸ਼ ਦੀ ਅਜ਼ਾਦੀ ਵਾਸਤੇ। ਪਰ ਕੋਈ ਇਹ ਨਹੀਂ ਕਹਿ ਸਕਦਾ ਇਨਾਂ ਨੇ ਕਦੀ ਕਿਸੇ ਰੁਤਬੇ ਦੀ ਮੰਗ ਕੀਤੀ ਹੋਵੇ। ਇਸੇ ਤਰ੍ਹਾਂ ਹੀ ਮੇਰੇ ਵਿਦਿਆ ਗੁਰੂ ਮਾਸਟਰ ਅਮਰੀਕ ਸਿੰਘ ਜੀ ਨੂੰ ਪਹਿਲਾਂ ਹਰਿਆਣਾ ਸਰਕਾਰ ਦਾ ਸੰਤ ਤਰਨ ਸਿੰਘ ਵਹਿਮੀ ਸਾਹਿਤ ਪੁਰਸਕਾਰ ਪੰਜਾਹ ਹਜ਼ਾਰ ਰੁਪਏ ਦੀ ਰਾਸ਼ੀ ਨਾਲ ਪ੍ਰਾਪਤ ਹੋਇਆ ਤੇ ਪਿਛਲੇ ਸਾਲ ਫਿਰ ਆਪ ਨੂੰ ਹਰਿਆਣਾ ਸਰਕਾਰ ਵਲੋਂ ਹੀ 'ਹਰਿਆਣਾ ਗੌਰਵ' ਦੀ ਉਪਾਧੀ ਨਾਲ ਡੇਢ ਲੱਖ ਦੀ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ ਹੈ।

ਪਿਛਲੇ ਸਾਲ ਸ. ਜਗਦੀਸ਼ ਸਿੰਘ 'ਵਰਿਆਮ' ਹੁਰਾਂ ਨੂੰ ਵੀ 'ਸ਼੍ਰੋਮਣੀ ਸਾਹਿਤਕ ਪੱਤ੍ਰਕਾਰ' ਵਜੋਂ ਪੰਜਾਬ ਸਰਕਾਰ ਨੇ ਸਨਮਾਨਿਤ ਕਰਨ ਦਾ ਐਲਾਨ ਕੀਤਾ ਹੈ। ਸਨਮਾਨ ਰਾਸ਼ੀ ਢਾਈ ਲੱਖ ਰੁਪਏ ਹੈ। ਇਸ ਸਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ੍ਰੀ ਰਵਿੰਦਰ ਨਾਥ ਠਾਕੁਰ ਦੀ ੧੫੦ ਜਨਮ ਤਿਥੀ ਮੌਕੇ ਭਾਰਤ ਦੀ ਸੰਗੀਤ ਨਾਟਕ ਅਕੇਡਮੀ ਵਲੋਂ 'ਸੰਗੀਤ ਰਤਨ' ਸਨਮਾਨ ਦਿੱਤਾ ਜਾ ਰਿਹਾ ਹੈ। ਸਤਿਗੁਰੂ ਜੀ ਇਨਾਂ ਮਾਨਾਂ ਸਨਮਾਨਾਂ ਤੋਂ ਉਤੇ ਹਨ ਤੇ ਬਸ ਸਿਰਫ ਉਹ ਕੰਮ ਕਰਨ ਕਰਵਾਉਣ ਵਿਚ ਹੀ ਵਿਸ਼ਵਾਸ ਰੱਖਦੇ ਹਨ। ਮਾਸਟਰ ਅਮਰੀਕ ਸਿੰਘ ਜੀ ਕੋਲ ਤਾਂ ਮੈਂ ਗੁਰੂ ਹਰੀ ਸਿੰਘ ਵਿਦਿਆਲੇ ਜੀਵਨ ਨਗਰ ਪੜ੍ਹਦਾ ਰਿਹਾ ਹਾਂ। ਸੰਗੀਤ ਲਈ ਉਤਸ਼ਾਹਿਤ ਲਈ ਮਾਸਟਰ ਜੀ ਦਾ ਵੀ ਬਹੁਤ ਵੱਡਾ ਸਹਿਯੋਗ ਹੈ। ਉਨਾਂ ਨਾਲ ਉਦੋਂ ਤੋਂ ਹੀ ਪ੍ਰੇਮ ਪਿਆਰ ਤੇ ਰਾਬਤਾ ਕਾਇਮ ਹੈ। ਪਰ ਜਗਦੀਸ਼ ਸਿੰਘ 'ਵਰਿਆਮ' ਜੀ ਨਾਲ ਸਾਡੀ ਜਾਣਕਾਰੀ ਜਲੰਧਰ ਹਰਿਵੱਲਭ ਸੰਗੀਤ ਮੇਲੇ ਤੇ ਹੋਈ ਸੀ। ਮੈਂ ਅਤੇ ਮੇਰੇ ਸੰਗੀਤ ਸਹਿਪਾਠੀਆਂ ਨੂੰ ਸ੍ਰੀ ਸਤਿਗੁਰੂ ਜੀ ਨੇ ਉਹ ਸੰਗੀਤ ਸੰਮੇਲਨ ਦੇਖਣ ਸੁਣਨ ਲਈ ਘੱਲਿਆ ਸੀ। ਸਾਡੇ ਨਾਲ ਹੀ ਜਗਦੀਸ਼ ਜੀ ਬੈਠੇ ਸਨ ਇਨ੍ਹਾਂ ਨੇ ਸਾਡੇ ਨਾਲ ਬੜੀਆਂ ਮੋਹ ਭਰੀਆਂ ਗੱਲਾਂ ਕੀਤੀਆਂ ਤੇ ਉਸ ਤੋਂ ਬਾਦ ਸਾਡੇ ਇਨ੍ਹਾਂ ਨਾਲ ਸਬੰਧ ਬਹੁਤ ਗੂੜ੍ਹੇ ਹੋ ਗਏ।


ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਵਿਦਿਅਕ ਸੰਮੇਲਨ ਸ਼ੁਰੂ ਕੀਤੇ। ਉਸ ਵਿਚ ਹਿੱਸਾ ਲੈਣ ਵਾਲੇ ਇਹ ਪਹਿਲੇ ਪੂਰ ਦੇ ਸੱਜਨ ਸਨ। ਉਨਾਂ ਸੰਮੇਲਨਾਂ ਵਿਚ ਸੰਗੀਤ ਮੁਕਾਬਲੇ ਵੀ ਹੁੰਦੇ ਸਨ ਤੇ ਹੁਣ ਵੀ ਹੋ ਰਹੇ ਹਨ। ਜਗਦੀਸ਼ ਹੁਰਾਂ ਦਾ ਨਿਵਾਸ ਉਦੋਂ ਜੰਮੂ ਹੁੰਦਾ ਸੀ। ਇਹ ਉਥੇ ਵਾਇਲਨ ਵਜਾਉਣ ਦੀ ਸਿੱਖਿਆ ਲੈ ਰਹੇ ਸਨ ਤੇ ਸੰਗੀਤ ਮੁਕਾਬਲਿਆਂ ਵਿਚ ਵਾਇਲਨ ਵਾਦਨ ਕਰਦੇ ਸਨ।

ਹਾਂ ਤੇ ਗੱਲ ਵਾਇਲਨ ਦੀ ਚਲ ਰਹੀ ਸੀ ਇਸ ਤੇ ਮੈਨੂੰ ਇਕ ਦੋ ਘਟਨਾਵਾਂ ਯਾਦ ਆ ਰਹੀਆਂ ਹਨ। ਸਾਡੇ ਢੱਡ ਸਾਰੰਗੀ ਬਹੁਤ ਮਸ਼ਹੂਰ ਹੈ ਇਸ ਲਈ ਸਾਡਾ ਖਾਲਸਾ ਹਰ ਸਾਜ਼ ਨੂੰ ਸਾਰੰਗੀ ਹੀ ਸਮਝਦਾ ਹੈ।

ਪ੍ਰਸਿੱਧ ਤਾਰ ਸ਼ਹਿਨਾਈ ਵਾਦਿਕ ਉਸਤਾਦ ਪਿਆਰਾ ਸਿੰਘ ਦੱਸਦੇ ਹੁੰਦੇ ਸਨ ਕਿ ਇਕ ਵੇਰਾਂ ਹਰਿਮੰਦਿਰ ਸਾਹਿਬ ਦੇ ਮੰਜੀ ਸਾਹਿਬ ਦੇ ਹਾਲ ਵਿਚ ਕੀਰਤਨ ਸੀ। ਮੈਂ ਉਦੋਂ ਵਾਇਲਨ ਵਜਾਉਂਦਾ ਹੁੰਦਾ ਸਾਂ ਤੇ ਮੈਂ ਰਾਗੀ ਜਥੇ ਨਾਲ ਜਦੋਂ ਵਾਇਲਨ ਵਜਾਉਣੀ ਸ਼ੁਰੂ ਕੀਤੀ ਤਾਂ ਇਕ ਨਿਹੰਗ ਸਿੰਘ ਖੜਾ ਹੋ ਗਿਆ ਤੇ ਗੁੱਸੇ ਵਿਚ ਬੋਲਿਆ ਕਿ ਬੰਦ ਕਰੋ ਸਾਰੰਗੀਆਂ। ਮਾਸਟਰ ਤਾਰਾ ਸਿੰਘ ਜੇਲ੍ਹ ਵਿਚ ਹੈ ਤੇ ਤੁਹਾਨੂੰ ਸਾਰੰਗੀਆਂ ਵਜਾਉਣ ਦੀ ਪਈ ਹੋਈ ਹੈ।

ਇਸੇ ਤਰ੍ਹਾਂ ਮੈਂ ਇਕ ਵਾਰ ਭੈਣੀ ਸਾਹਿਬ ਗਿਆ। ਲੁਧਿਆਨਿਓਂ ਮੈਨੂੰ ਕੁਹਾੜੇ ਦੀ ਬਸ ਮਿਲ ਗਈ। ਕੁਹਾੜੇ ਜਾ ਕੇ ਅਜੇ ਬੱਸ ਰੁਕੀ ਹੀ ਸੀ ਕਿ ਪਿਛੋਂ ਭੈਣੀ ਸਾਹਿਬ ਵਾਲੀ ਬੱਸ ਆ ਗਈ। ਮੇਰੇ ਹੱਥ 'ਚ ਸਿਤਾਰ ਸੀ ਤੇ ਮੈਂ ਜਲਦੀ-ਜਲਦੀ ਸੰਭਲ ਕੇ ਉਤਰਨ ਦੀ ਕੋਸ਼ਿਸ਼ ਕਰ ਰਿਹਾ ਸਾਂ। ਮੇਰੇ ਪਿਛੇ ਇਕ ਬਾਬਾ ਵੀ ਜਲਦੀ ਵਿਚ ਸੀ ਉਸਨੇ ਵੀ ਉਹੋ ਬਸ ਲੈਣੀ ਸੀ। ਮੈਨੂੰ ਬਾਬਾ ਕਹਿਣ ਲੱਗਾ ਕਿ ਜਲਦੀ ਉਤਰ ਮੈਂ ਕਿਹਾ ਕਿ ਬਾਬਾ ਜੀ ਮੇਰੇ ਕੋਲ ਸਿਤਾਰ ਹੈ ਉਹ ਕਾਹਲੀ ਵਿਚ ਇਧਰ ਉਧਰ ਵੱਜ ਕੇ ਟੁੱਟ ਸਕਦੀ ਹੈ। ਇਸ ਤੇ ਬਾਬਾ ਔਖਾ ਜਿਹਾ ਹੋ ਕੇ ਕਹਿਣ ਲੱਗਾ ਕਿ ਮਾਰ ਲਿਆ ਹੈ ਕੂਕਿਆਂ ਦੀਆਂ ਸਾਰੰਗੀਆਂ ਨੇ। ਸੋ ਇਨਾਂ 'ਸਾਰੰਗੀ ਵਾਲੇ ਕੂਕੇ' ਜਗਦੀਸ਼ ਹੁਰਾਂ ਜਲੰਧਰ ਵਾਪਿਸ ਆ ਕੇ 'ਵਰਿਆਮ' ਰਸਾਲਾ ਕੱਢਿਆ ਜੋ ਅੱਜ ੩੭ ਸਾਲ ਪੂਰੇ ਕਰ ਰਿਹਾ ਹੈ। ਮੈਨੂੰ ਵਰਿਆਮ ਦੇ ਸਿਲਵਰ ਜੁਬਲੀ ਸਮਾਰੋਹ ਦੀ ਯਾਦ ਆ ਰਹੀ ਹੈ ਉਥੇ ਬਹੁਤ ਵੱਡੇ-ਵੱਡੇ ਵਿਦਵਾਨ ਤੇ ਅਖਬਾਰ ਨਵੀਸ ਪਧਾਰੇ ਹੋਏ ਸਨ। ਉਨ੍ਹਾਂ ਵਿਚ ਵਿਜੈ ਜੀ ਜੋ ਪੰਜਾਬ ਕੇਸਰੀ, ਜਗਬਾਣੀ ਆਦਿ ਅਖਬਾਰਾਂ ਦੇ ਮਾਲਿਕ ਹਨ ਨੇ ਕਿਹਾ ਸੀ ਕਿ ਸਾਨੂੰ ਪਤਾ ਹੈ ਕਿ ਅਖਬਾਰ ਕੱਢਨੇ ਚਲਾਉਣੇ ਬਹੁਤ ਹੀ

ਮੁਸ਼ਕਿਲ ਕੰਮ ਹੈ। ਵਾਰੇ ਜਾਈਏ ਜਗਦੀਸ਼ ਜੀ ਦੇ ਜਿਨ੍ਹਾਂ ਨੇ ਬੜੀ ਦਲੇਰੀ ਤੇ ਵਰਿਆਮਗਿਰੀ ਨਾਲ 'ਵਰਿਆਮ' ਨੂੰ ਸਿਲਵਰ ਜੁਬਲੀ ਤਕ ਲੈ ਆਂਦਾ ਹੈ। ਇਨੇ ਵੱਡੇ ਅਖਬਾਰੀ ਉਦਯੋਗ ਦੇ ਮਾਲਿਕ ਸਮਰੱਥ ਵਿਅਕਤੀ ਵਲੋਂ ਇਹ ਉਦਗਾਰ ਪੇਸ਼ ਕਰਨੇ ਆਪਣੇ ਆਪ ਵਿਚ ਬਹੁਤ ਮਾਅਨੇ ਰੱਖਣ ਵਾਲੀ ਗੱਲ ਹੈ। ਇਸ ਪਿੱਛੇ ਵੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੀ ਵਰਦ ਹਸਤ ਹੈ। ਅੱਜ ਜੋ 'ਵਰਿਆਮ' ਨੇ ਨਾਮਧਾਰੀ ਪੰਥ ਅਤੇ ਸਾਹਿਤ ਦਾ ਪ੍ਰਚਾਰ ਕੀਤਾ ਹੈ ਤੇ ਸਹੀ ਤਸਵੀਰ ਪੇਸ਼ ਕਰ ਰਿਹਾ ਹੈ ਵਿਚ ਸਤਿਗੁਰੂ ਕ੍ਰਿਪਾ ਤੇ ਜਗਦੀਸ਼ ਜੀ ਦੇ ਮਿਲਾਪੜੇ ਸੁਭਾ ਬਿਨਾਂ ਨਹੀਂ ਸੀ ਹੋ ਸਕਣਾ।



ਉਸਤਾਦ ਅਮਜਦ ਅਲੀ ਖਾਂ ਸਾਹਿਬ ਦੇ ਘਰ ਗਵਾਲੀਅਰ ਵਿਖੇ ਸਤਿਗੁਰੂ ਜੀ ਅਤੇ ਹੋਰ ਕਲਾਕਾਰ

ਵਰਿਆਮ ਜੀ (ਜਗਦੀਸ਼ ਜੀ) ਨੇ ਸਤਿਗੁਰੂ ਜੀ ਨਾਲ ਦੇਸ਼ਾਂ ਵਿਦੇਸ਼ਾਂ ਦੇ ਭਰਮਨ ਵੀ ਕੀਤੇ ਹਨ। ਨਾਮਧਾਰੀ ਦਰਬਾਰ ਦੇ ਜਨਰਲ ਸੈਕਟਰੀ, ਵਿਦਿਅਕ ਸੰਮੇਲਨਾਂ ਦੇ ਪ੍ਰਧਾਨ, ਕਈ ਸਾਹਿਤ ਸਭਾਵਾਂ ਦੇ ਪ੍ਰਧਾਨ, ਸਤਿਗੁਰੂ ਪ੍ਰਤਾਪ ਸਿੰਘ ਸਿਮਰਤੀ ਸੰਗੀਤ ਸੰਮੇਲਨਾਂ ਦੇ ਸਟੇਜ ਸੈਕਟਰੀ ਤੇ ਕਈ ਹੋਰ ਭੂਮਿਕਾਵਾਂ ਨਿਭਾਹੀਆਂ ਹਨ। ਭਾਵੇਂ ਇਨ੍ਹਾਂ ਦੀ ਸਿਹਤ ਕਾਫੀ ਢਿਲੀ ਰਹੀ ਹੈ। ਪਰ 'ਵਰਿਆਮ' ਨੂੰ ਪਾਠਕਾਂ ਤਕ ਪਹੁੰਚਾਉਣ ਵਿਚ ਇਨ੍ਹਾਂ ਕਦੀ ਢਿਲ ਨਹੀਂ ਕੀਤੀ।

ਸਤਿਗੁਰੂ ਕ੍ਰਿਪਾ ਕਰਨ ਇਨ੍ਹਾਂ ਦੀ ਲੰਬੀ ਉਮਰ ਹੋਵੇ ਤੇ ਤੰਦਰੁਸਤੀ ਨਸੀਬ ਹੋਵੇ ਤਾਂ ਕਿ ਇਹ ਖੂਬਸੂਰਤ ਤੇ ਸਾਫ ਸੁਥਰਾ ਰਸਾਲਾ ਪਾਠਕਾਂ ਤਕ ਪੁੱਜਦਾ ਰਹੇ।

ਪ੍ਰਸਿੱਧ ਕੱਥਕ ਨ੍ਰਿਤਕਾਰ ਤੇ ਪਖਾਵਜਵਾਦਿਕ ਪੰ. ਦੁਰਗਾ ਲਾਲ ਨੇ ਇਕ ਵਾਰ ਮੈਨੂੰ ਕਿਹਾ ਕਿ ਮੇਰਾ ਫਲੈਟ ਨਿਕਲਿਆ ਹੈ। ਬਾਕੀ ਇੰਤਜ਼ਾਮ ਤਾਂ ਹੋ ਗਿਆ ਹੈ ਪਰ ਇਕ ਲੱਖ ਰੁਪਿਆ ਘੱਟਦਾ ਹੈ। ਤੂੰ ਸਤਿਗੁਰੂ ਜੀ ਨੂੰ ਅਰਜ ਕਰ ਜੇ ਮੇਰਾ ਕੰਮ ਬਣ ਜਾਵੇ। ਉਨ੍ਹਾਂ ਦਿਨਾਂ ਵਿਚ ਮੈਂ ਕਾਕਾ ਜੈ ਸਿੰਘ (ਦੋਹਤਰਾ ਸਤਿਗੁਰੂ ਜੀ) ਨੂੰ ਸੰਗੀਤ ਸਿਖਾਂਦਾ ਹੁੰਦਾ ਸਾਂ। ਇਕ ਦਿਨ ਸਿਖਾਂਦੇ ਵਕਤ ਸੱਚੇ ਪਾਤਸ਼ਾਹ ਜੀ ਦਾ ਫੋਨ ਆਇਆ ਤਾਂ ਮੈਨੂੰ ਦੁਰਗਾ ਲਾਲ ਜੀ ਦਾ ਅਨੁਰੋਧ ਯਾਦ ਆ ਗਿਆ ਮੈਂ ਉਹ ਅਰਜ਼ ਕਰ ਦਿੱਤੀ ਅਗੋਂ ਸਤਿਗੁਰੂ ਕਹਿਣ ਲੱਗੇ ਕਿ ਹਰਭਜਨ ਤੈਨੂੰ ਪਤਾ ਹੀ ਹੈ ਕਿ ਮੇਰੇ ਕੋਲ ਕਦੀ ਕਦੀ ਇਕ ਰੁਪਿਆ ਵੀ ਨਹੀਂ ਹੁੰਦਾ ਇਸ ਵੇਲੇ ਤਾਂ ਬੜੀ ਮੁਸ਼ਕਿਲ ਹੈ ਪਰ ਤੂੰ ਪੰਡਿਤ ਜੀ ਨੂੰ ਭੈਣੀ ਸਾਹਿਬ ਮੇਲੇ ਜ਼ਰੂਰ ਲੈ ਕੇ ਆਵੀਂ। ਮੇਲੇ ਤੇ ਪੰਡਿਤ ਜੀ ਨੇ ਸੰਗੀਤ ਬੈਠਕ ਵਿਚ ਪਖਾਵਜ ਵਾਦਨ ਕੀਤਾ ਤੇ ਨ੍ਰਿਤਕਾਰੀ ਵੀ ਕੀਤੀ। ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਦਿੱਲੀ ਵਾਪਸੀ ਤੇ ਪੰਡਿਤ ਜੀ ਨੂੰ ਲੁਧਿਆਣੇ ਤੋਂ ਬਾਈ ਏਅਰ ਭੇਜਿਆ। ਦਿੱਲੀ ਆਪ ਨੇ ਇਕ ਮੁਖੀ ਨੂੰ ਹੁਕਮ ਕੀਤਾ ਕਿ ਦੁਰਗਾ ਲਾਲ ਜੀ ਨੂੰ ਇਕ ਲੱਖ ਰੁਪਿਆ ਦੇ ਦੇਵੋ। ਭਾਵੇਂ ਉਸ ਆਦਮੀ ਨੇ ਕਈ ਚੱਕਰ ਲਗਵਾਏ ਪਰ ਹੁਕਮ ਤਾਂ ਮੰਨਣਾ ਹੀ ਪੈਣਾ ਸੀ ਸੋ ਉਹਨਾਂ ਨੂੰ ਉਹ ਰਕਮ ਮਿਲ ਗਈ।

ਉਪਰੋਕਤ ਕਈ ਕਦੀ ਇਕ ਰੁਪਿਆ ਵੀ ਨਾ ਹੋਣ ਵਾਲੀ ਗੱਲ ਇਸ ਤਰ੍ਹਾਂ ਹੈ। ਸਤਿਗੁਰੂ ਜੀ ਨਾਲ ਇਕ ਵਾਰ ਮੈਂ ਅਤੇ ਗੁਰਦੇਵ (ਸਰੋਦ ਵਾਦਿਕ) ਬੰਗਲੌਰ ਗਏ ਉਥੇ ਅਸੀਂ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਜੀ ਸਾਨੂੰ ੧੦੦ ਰੁ. ਦੇਣ ਦੀ ਕ੍ਰਿਪਾ ਕਰੋ ਜੇਬਾਂ ਖਾਲੀ ਹਨ ਤਾਂ ਸਤਿਗੁਰੂ ਹੱਸ ਕੇ ਕਹਿਣ ਲੱਗੇ ਕਿ ਮੇਰੇ ਕੋਲ ਵੀ ਅੱਜ ਇਕ ਪੈਸਾ ਨਹੀਂ। ਮੈਂ ਪੂਰਬੇ (ਹਜ਼ੂਰੀ ਸੇਵਕ) ਨੂੰ ਕਿਹਾ ਹੈ ਕਿ ਕਿਸੇ ਤੋਂ ੨੦-੨੫ ਰੁ. ਉਧਾਰ ਫੜ ਲੈ। ਬੰਬਈ ਜਾਣ ਵਾਸਤੇ ਜਹਾਜ਼ ਦੀਆਂ ਟਿਕਟਾਂ ਤੇ ਹਨ ਤੇ ਅੱਗੋਂ ਜੇ ਟੈਕਸੀ ਕਰਨੀ ਪਈ ਤਾਂ ਮੁਸ਼ਕਿਲ ਹੋ ਜਾਏਗੀ। ਵੈਸੇ ਸਾਧ ਸੰਗਤ ਅਗੋਂ ਲੈਣ ਆ ਹੀ ਜਾਂਦੀ ਹੈ ਪਰ ਕੋਲ ਵੀ ਥੋੜ੍ਹਾ ਇੰਤਜ਼ਾਮ ਹੋਣਾ ਹੀ ਚਾਹੀਦਾ ਹੈ। ਸਾਨੂੰ ਹੁਕਮ ਹੋਇਆ ਤੁਸੀਂ ਬੰਬਈ ਤਾਂ ਆਉਣਾ ਹੀ ਹੈ ਉਥੇ ਮੈਂ ਤੁਹਾਨੂੰ ਪੈਸੇ ਦੇ ਦੇਵਾਂਗਾ। ਸਾਡੇ ਬੰਬਈ ਪਹੁੰਚਣ ਤੇ ਦੂਸਰੇ ਦਿਨ ਹੀ ਪੂਰਬੇ ਨੂੰ ਹੁਕਮ ਕੀਤਾ ਕਿ ਦੋਹਾਂ ਨੂੰ ਤਿੰਨ ਤਿੰਨ ਸੌ ਰੁਪਿਆ ਦੇ ਦੇ।

ਮੈਂ ਸ੍ਰੀ ਸਤਿਗੁਰੂ ਜੀ ਨਾਮ ਬਹੁਤ ਵਾਰ ਸਫਰ ਕੀਤੇ ਹਨ ਪਰ

ਇਕ ਬਹੁਤ ਯਾਦਗਾਰੀ ਯਾਤਰਾ ਆਪ ਨਾਲ ਸਾਂਝੀ ਕਰ ਰਿਹਾ ਹਾਂ। ਇਹ ਯਾਤਰਾ ਦਿੱਲੀ ਤੋਂ ਹੈਦਰਾਬਾਦ ਤਕ ਦੀ ਸੀ। ਦਿੱਲੀ ਤੋਂ ਇਕ ਸਪੈਸ਼ਲ ਏਅਰ ਕੰਡੀਸ਼ਨ ਬੋਗੀ ਬੁੱਕ ਕੀਤੀ ਸੀ ਜਿਸ ਵਿਚ ੪ ਕਮਰੇ ਤੇ ਇਕ ਹਾਲ ਸੀ ਦੋ ਉਸ ਵਿਚ ਟਾਇਲੇਟ ਸਨ।

ਇਕ ਕਮਰੇ ਵਿਚ ਮੈਂ, ਹਰਬੰਸ ਸਿੰਘ 'ਘੁਲਾ' ਸ਼ੇਰ ਸਿੰਘ ਤਬਲਾਵਾਦਕ ਦੂਸਰੇ ਵਿਚ ਪੰਡਿਤ ਗੋਪਾਲ ਸਿੰਘ ਜੀ, ਕਵੀ ਪ੍ਰੀਤਮ ਸਿੰਘ ਜੀ ਤੇ ਸੂਬਾ ਧਰਮ ਸਿੰਘ, ਤੀਸਰੇ ਵਿਚ ਸ੍ਰੀ ਸਤਿਗੁਰੂ ਜੀ, ਹਜ਼ੂਰੀ ਸੇਵਕ ਮਹਿੰਦਰ ਸਿੰਘ ਪੂਰਬਾ ਤੇ ਬਲਦੇਵ ਸਿੰਘ ਤੇ ਚੌਥੇ ਕਮਰੇ ਵਿਚ ਹਜ਼ੂਰੀ ਸੈਕਟਰੀ ਸੰਤ ਤਰਸੇਮ ਸਿੰਘ ਤੇ ਬੇਅੰਤ ਸਿੰਘ 'ਸੋਖਲ' ਸਨ। ਆਹਾ ਕਿਆ ਆਨੰਦਦਾਇਕ ਯਾਤਰਾ ਸੀ ਬਾਹਰ ਅਤਿ ਦੀ ਗਰਮੀ ਸੀ ਤੇ ਅੰਦਰ ਗੁਲਮਰਗੀ ਠੰਡ। ਤਿੰਨ ਘੰਟੇ ਦਾ ਸਫਰ ਕਦੀ ਵਾਰ ਅੱਠ ਘੰਟੇ ਵਿਚ ਵੀ ਹੁੰਦਾ ਕਿਉਂਕਿ ਕਿਸ ਜਗਾ ਕਿੰਨੇ ਵਜੇ ਪਹੁੰਚਨਾ ਹੈ ਸਭ ਤੈਅ ਸੀ ਤੇ ਬੋਗੀ ਕਦੀ ਮਾਲ ਗੱਡੀ ਦੇ ਪਿਛੇ ਵੀ ਲੱਗ ਜਾਂਦੀ ਸੀ। ਅਸੀਂ ਸਭ ਅੰਦਰ ਬੈਠੇ ਕਦੀ ਸੌਂ ਜਾਂਦੇ, ਕਦੀ ਸੰਗੀਤ ਦਾ ਰਿਆਜ਼ ਕਰਦੇ ਕਦੀ ਸਤਿਗੁਰੂ ਜੀ, ਪੰ. ਜੀ ਕਵੀ ਜੀ ਕੋਲ ਬੈਠ ਕੇ ਗੱਲਾਂ ਬਾਤਾਂ ਦਾ ਅਨੰਦ ਮਾਣਦੇ। ਕਦੀ-ਕਦੀ ਕਿਸੇ ਜਗ੍ਹਾ ਠਹਿਰਨ ਦਾ ਚੰਗਾ ਪ੍ਰਬੰਧ ਨਾ ਹੋਣਾ ਅਸੀਂ ਰਾਤ ਸਟੇਸ਼ਨ ਤੇ ਖੜੀ ਬੋਗੀ ਵਿਚ ਹੀ ਆ ਕੇ ਸੌਂ ਜਾਂਦੇ ਸਾਂ। ਅੰਮ੍ਰਿਤ ਵੇਲੇ (ਸਫਰ ਦੇ ਵਕਤ) ਬੋਗੀ ਦੇ ਹਾਲ ਕਮਰੇ ਵਿਚ ਆਸਾ ਦੀ ਵਾਰ ਲੱਗਦੀ ਤੇ ਦੁਪਹਿਰ ਦਾ ਨਾਮ ਸਿਮਰਨ ਤੇ ਕੀਰਤਨ ਵੀ ਹੁੰਦਾ ਸੀ। ਮੈਨੂੰ ਸਾਰੇ ਨਾਂਅ ਤਾਂ ਯਾਦ ਨਹੀਂ ਰਹੇ ਪਰ ਜਾਣ ਵੇਲੇ ਜਬਲਪੁਰ, ਨਾਗਪੁਰ ਆਦਿਕ ਸ਼ਹਿਰਾਂ ਵਿਚੋਂ ਹੁੰਦੇ ਹੋਏ ਹੈਦਰਾਬਾਦ ਪਹੁੰਚੇ ਸਾਂ। ਹਰ ਜਗ੍ਹਾ ਸਾਧ ਸੰਗਤ ਵਲੋਂ ਮੇਲਾ ਹੁੰਦਾ ਸੀ ਤੇ ਸਤਿਗੁਰੂ ਜੀ ਇਕ ਇਕ ਦੋ-ਦੋ ਦਿਨ ਦਰਸ਼ਨ ਦਿੰਦੇ ਸਨ। ਕਈ ਥਾਵਾਂ ਦੀ ਸੰਗਤ ਸਟੇਸ਼ਨਾਂ ਤੇ ਹੀ ਆ ਕੇ ਸਤਿਗੁਰੂ ਜੀ ਦਾ ਦਰਸ਼ਨ ਕਰ ਲੈਂਦੀ ਸੀ। ਹੈਦਰਾਬਾਦ ਤੋਂ ਵਾਪਿਸੀ ਤੇ ਝਾਂਸੀ, ਗਵਾਲੀਅਰ, ਆਗਰਾ ਆਦਿਕ ਥਾਵਾਂ ਤੇ ਸੰਗਤ ਵਲੋਂ ਮੇਲੇ ਸਨ। ਗਵਾਲੀਅਰ ਪਹੁੰਚਣ ਤੇ ਸਤਿਗੁਰੂ ਜੀ ਨੇ ਪੂਰਬੇ ਖਜ਼ਾਨਚੀ ਨੂੰ ਹੁਕਮ ਕੀਤਾ ਕਿ ੧੧੦੦੦ ਰੁ. ਦੇ। ਪੰ. ਚੰਦ੍ਰ ਕਾਂਤ (ਸਪੁੱਤ੍ਰ ਪੰਡਿਤ ਕ੍ਰਿਸ਼ਨਾ ਰਾਉ ਜੀ) ਨੂੰ ਸੱਦ ਕੇ ਉਹ ਸਾਰੇ ਪੈਸੇ ਦੇ ਦਿੱਤੇ। ਮਹਿੰਦਰ ਪੂਰਬੇ ਨੇ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਜੀ ਸਾਡੇ ਕੋਲ ਤਾਂ ਹੁਣ ਕੋਈ ਪੈਸੇ ਬੱਚੇ ਹੀ ਨਹੀਂ ਸਤਿਗੁਰੂ ਜੀ ਨੇ ਕਿਹਾ ਕੋਈ ਗੱਲ ਨਹੀਂ ਗੱਡੀ ਦੀਆਂ ਟਿਕਟਾਂ ਤਾਂ ਸਾਡੇ ਕੋਲ ਹੈ ਨੇ ਅਸੀਂ ਦਿੱਲੀ ਪਹੁੰਚ ਹੀ ਜਾਵਾਂਗੇ।

ਇਹ ਪੰਡਿਤ ਕ੍ਰਿਸ਼ਨਾ ਰਾਉ ਜੀ ਬਹੁਤ ਧੁਰੰਧਰ ਗਵੱਈਏ ਹੋਏ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਭੈਣੀ ਸਾਹਿਬ ਆ ਕੇ ਅਪਨੇ ਗਾਇਣ ਨਾਲ ਰੀਝਾਉਂਦੇ ਹੁੰਦੇ ਸਨ। ਇਨਾਂ ਸੱਚੇ ਪਾਤਸ਼ਾਹ ਜੀ ਨਾਲ ਮੈਂ ਅਤੇ ਸਾਥੀ ਸੰਗੀਤ ਸਿਖਿਆਰਥੀ ਗਵਾਲੀਅਰ ਕਈ ਵਾਰ ਪੰ. ਜੀ ਕੋਲ ਜਾਂਦੇ ਹੁੰਦੇ ਸਾਂ ਤੇ ਪੰ. ਜੀ ਦੇ ਗਾਇਣ ਸੁਣਨ ਦਾ ਸੁਅਵਸਰ ਪ੍ਰਾਪਤ ਹੁੰਦਾ ਰਿਹਾ ਹੈ। ਬੈਂਗਲੌਰ ਸਤਿਗੁਰੂ ਜੀ ਨਾਲ ਮੈਂ ਬਹੁਤ ਵਾਰ ਗਿਆ ਹਾਂ ਪਰ ਇੱਥੇ ਮੈਂ ਇਕ ਦੋ ਫੇਰੀਆਂ ਦਾ ਜ਼ਿਕਰ ਕਰਨਾ ਚਾਹਵਾਂਗਾ। ਇਹ ਉਸ ਵਕਤ ਦੀ ਗੱਲ ਹੈ ਜਦੋਂ ਸਤਿਗੁਰੂ ਜੀ ਨੇ ਫਾਰਮ ਦਾ ਪ੍ਰਬੰਧ (ਠਾਕੁਰ) ਉਦੇ ਸਿੰਘ ਜੀ ਨੂੰ ਸੰਭਾਲ ਦਿੱਤਾ ਸੀ। ਪਹਿਲਾਂ ਇਸਦੀ ਮਹਾਰਾਜ ਬੀਰ ਸਿੰਘ ਜੀ ਦੇਖ ਰੇਖ ਕਰਦੇ ਸਨ। ਮੈਂ ਤੇ ਸ਼ੇਰ ਸਿੰਘ ਤਬਲਾ ਵਾਦਕ ਦੋ ਵੇਰ ੨੦-੨੦-੨੫-੨੫ ਦਿਨਾਂ ਲਈ ਸਤਿਗੁਰੂ ਜੀ ਨਾਲ ਕੀਰਤਨ ਕਰਨ ਲਈ ਗਏ। ਉਨ੍ਹੀਂ ਦਿਨ੍ਹੀਂ ਸਤਿਗੁਰੂ ਜੀ ਇਧਰੋਂ ਸਾਧ ਸੰਗਤ ਨੂੰ ਨਾਲ ਲੈ ਕੇ ਜਾਂਦੇ ਸਨ ਉਥੇ ਫਾਰਮ ਦੇ ਜੰਗਲਾਂ ਦੀ ਪੁਟ ਪੁਟਾਈ ਲਈ। ਇਕ ਮੌਕੇ ਉਥੇ ਫਾਰਮ ਤੇ ਇਕ ਕਮਰੇ ਵਿਚ ਬੈਠੇ ਮੈਂ ਤੇ ਅਤਰ ਸਿੰਘ (ਸਪੁੱਤ੍ਰ ਬਘੇਲ ਸਿੰਘ ਹਕੀਮ) ਜੋ ਉਥੇ ਠਾਕੁਰ ਜੀ ਕੋਲ ਸੇਵਾ ਕਰਦਾ ਸੀ। ਬੈਠੇ ਗੱਲਾਂ ਬਾਤਾਂ ਕਰਨ ਲੱਗ ਪਏ। ਉਹ ਫਾਰਮ ਦੇ ਬਾਰੇ ਦੱਸਣ ਲੱਗ ਪਿਆ। ਅੱਜਕਲ ਕੀ ਕੁਛ ਹੋ ਰਿਹਾ ਹੈ ਤੇ ਪਹਿਲਾਂ ਫਾਰਮ ਦੀ ਕੀ ਹਾਲਤ ਸੀ। ਉਹ ਪਹਿਲੇ ਪ੍ਰਬੰਧਕਾਂ ਵਿਚੋਂ ਇਕ ਮੁੱਖ ਪ੍ਰਬੰਧਕ ਦੀ ਗੱਲ ਕਰਨ ਲੱਗਾ ਕਿ ਉਸ ਵਕਤ ਫਾਰਮ ਵਿਚ ਕੁਛ ਨਹੀਂ ਸੀ ਹੁੰਦਾ। ਗੰਨਾ ਤੇ ਕੁਛ ਸਬਜ਼ੀਆਂ ਵਗੈਰਾ ਟਮਾਟਰ ਆਦਿਕ ਬੀਜੇ ਜਾਂਦੇ ਸਨ। ਟਮਾਟਰ ਵੀ ਪ੍ਰਬੰਧਕਾਂ ਕਹਿਨਾ ਕਿ ਜਾਉ ਬਜ਼ਾਰ ਜਾ ਕੇ ਵੇਚ ਆਉ। ਇਹ ਨਹੀਂ ਕਿ ਜਿਹੜੇ ਸੇਵਾਦਾਰ ਹੁੰਦੇ ਸਨ ਉਨ੍ਹਾਂ ਨੂੰ ਰੋਟੀ ਨਾਲ ਸਲਾਦ ਲਈ ਦੇ ਦਿੱਤੇ ਜਾਂਦੇ। ਇਸੇ ਤਰ੍ਹਾਂ ਉਹ ਮੁਖੀ ਸਾਹਿਬ ਇਕ ਦਿਨ ਬਜ਼ਾਰੋਂ ਗਾਜਰਾਂ ਲੈਣ ਗਏ। ਜਿਸ ਮਜ਼ਦੂਰ ਨੇ ਗਾਜਰਾਂ ਵਾਲੀ ਟੋਕਰੀ ਕਾਰ ਤਕ ਪਹੁੰਚਾਉਣੀ ਸੀ ਉਸਨੇ ਤੋਲਦਿਆਂ ਹੋਇਆਂ ਟੋਕਰੀ ਵਿਚੋਂ ਇਕ ਬਾਹਰ ਡਿੱਗੀ ਗਾਜਰ ਚੁੱਕ ਕੇ ਖਾਣੀ ਸ਼ੁਰੂ ਕਰ ਦਿੱਤੀ। ਇਸ ਤੇ ਉਹ ਸਾਹਿਬ ਮਜ਼ਦੂਰ ਨੂੰ ਕਹਿਣ ਲੱਗੇ ਕਿ ਯਹ ਹਮਾਰੀ ਗਾਜਰ ਹੈ ਤੁਮਨੇ ਕਿਉਂ ਉਠਾਈ ਹੈ ਉਧਰ ਸੇ ਅਪਨੀ ਖਰੀਦ ਕਰ ਖਾਓ। ਝੱਲੀ ਵਾਲਾ ਮਜ਼ਦੂਰ ਅਵਾਕ ਉਨ੍ਹਾਂ ਦੇ ਮੂੰਹ ਵੱਲ ਵੇਖਣ ਲੱਗ ਪਿਆ।

ਫਿਰ ਅਤਰ ਨੇ ਗੱਲ ਸ਼ੁਰੂ ਕੀਤੀ ਕਿ ਸੱਚੇ ਪਾਤਸ਼ਾਹ ਜੀ ਕਿੰਨੀ ਕ੍ਰਿਪਾ ਕਰਦੇ ਹਨ ਇਕ ਸਰਦਾਰ ਜੀ ਏਧਰ ਰਹਿੰਦੇ ਹੁੰਦੇ ਸਨ ਤਾਂ ਉਹ ਮੈਨੂੰ ਮਿਲਣ ਆ ਜਾਇਆ ਕਰਦੇ ਸਨ। ਮੈਨੂੰ ਕਹਿੰਦੇ ਸਨ ਕਿ ਮੇਰਾ ਹੱਥ ਬੜਾ ਤੰਗ ਹੈ। ਜੇ ਅਤਰ ਸਿੰਘ ਤੂੰ ਮੈਨੂੰ ਸਤਿਗੁਰਾਂ ਕੋਲੋਂ ਦੋ ਕੁ ਹਜ਼ਾਰ ਰੁ. ਲੈ ਦੇਵੇਂ ਤਾਂ ਮੇਰਾ ਕੰਮ ਚਲ ਸਕਦਾ ਹੈ। ਇਕ ਵਾਰ ਸਤਿਗੁਰੂ ਜੀ ਇਥੇ ਆਏ ਤਾਂ ਉਧਰੋਂ ਉਹ ਸਰਦਾਰ ਵੀ ਆ ਗਿਆ। ਮੈਨੂੰ ਕਹਿਣ ਲੱਗਾ ਕਿ ਮੇਰੇ ਵਾਸਤੇ ਸੱਚੇ ਪਾਤਸ਼ਾਹ ਜੀ ਨੂੰ ਅਰਜ਼ ਕਰ। ਪਹਿਲਾਂ ਤਾਂ ਮੈਂ ਥੋੜਾ ਝਕਿਆ ਪਰ ਫਿਰ ਸਤਿਗੁਰੂ ਜੀ ਨੂੰ ਬੇਨਤੀ ਕਰ ਦਿੱਤੀ। ਸਤਿਗੁਰੂ ਜੀ ਨੇ ਉਸੇ ਵਕਤ ਪੂਰਬੇ ਨੂੰ ਹੁਕਮ ਕੀਤਾ ਕਿ ਸਰਦਾਰ ਜੀ ਨੂੰ ੨੦੦੦ ਰੁ. ਦੇ ਦੇ। ਸਰਦਾਰ ਦੀ ਖੁਸ਼ੀ ਦਾ ਠਿਕਾਣਾ ਨਾ ਰਿਹਾ ਤੇ ਉਸਨੇ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਜੀ ਜਦੋਂ ਵੀ ਮੇਰੇ ਕੋਲੋਂ ਬਨ ਸਕੇਗਾ ਮੈਂ ਪੈਸੇ ਵਾਪਸ ਕਰ ਦਿਆਂਗਾ। ਇਸ ਤੇ ਸਤਿਗੁਰੂ ਜੀ ਉਸਨੂੰ ਕਿਹਾ ਕਿ ਮੈਂ ਪੈਸੇ ਵਾਪਿਸ ਲੈਣ ਲਈ ਨਹੀਂ ਦਿੱਤੇ। ਉਹ ਧੰਨ ਧੰਨ ਕਰਦਾ ਚਲਾ ਗਿਆ। ਇਸ ਤਰ੍ਹਾਂ ਅਤਰ



ਉਸਤਾਦ ਅਮਜਦ ਅਲੀ ਖਾਂ ਸਾਹਿਬ ਸਤਿਗੁਰੂ ਜੀ ਦਾ ਅਭਿਨੰਦਨ ਕਰਦੇ ਹੋਏ

ਨੇ ਹੋਰ ਵੀ ਕਈ ਸਤਿਗੁਰੂ ਜੀ ਦੇ ਬਚਨ ਸੁਣਾਏ। ਮੈਂ ਵੀ ਉਪਰੋਕਤ ਪੰ. ਚੰਦ੍ਰਕਾਂਤ ਨੂੰ ਰੁਪਏ ਦੇਣ ਵਾਲੀ ਗੱਲ ਸੁਣਾਈ।

ਦੂਸਰੇ ਦਿਨ ਸਵੇਰੇ ਆਸਾ ਦੀ ਵਾਰ ਤੋਂ ਬਾਦ ਉਹ ਮੁੱਖੀ ਪ੍ਰਬੰਧਕ ਜੀ। ਮਹਾਨ-ਕੋਸ਼ ਫੋਲ ਰਹੇ ਸਨ ਤਾਂ ਪੂਰਬੇ ਨੇ ਕਿਹਾ ਕਿ ਤੁਸਾਂ ਇਹ ਇਨ੍ਹੀ ਅੱਛੀ ਪੁਸਤਕ ਸਾਂਭ ਕੇ ਨਹੀਂ ਰੱਖੀ ਸਾਰੀ ਚੂਹਿਆਂ ਨੇ ਕੁਤਰੀ ਹੋਈ ਹੈ ਤਾਂ ਅਗੋਂ ਉਹ ਕਹਿਣ ਲੱਗੇ ਕਿ ਸ੍ਰੀਮਾਨ ਜੀ ਇਹ ਭੈਣੀ ਸਾਹਿਬ ਤੋਂ ਹੀ ਇਸੇ ਤਰ੍ਹਾਂ ਆਈ ਹੈ। ਮੈਂ ਤਾਂ ਸਾਂਭ ਕੇ ਹੀ ਰੱਖੀ ਹੋਈ ਹੈ। ਸਤਿਗੁਰੂ ਜੀ ਹੱਸ ਕੇ ਕਹਿਣ ਲੱਗੇ ਕਿ ਇਹ ਕਿਹੜੀ ਗਾਜਰ ਹੈ ਜਿਸਨੂੰ ਚੂਹਾ ਖਾ ਚਲਿਆ ਸੀ। ਮੈਂ ਬੜਾ ਹੈਰਾਨ ਹੋਇਆ ਕਿ ਗਾਜਰ ਵਾਲੀ ਗੱਲ ਤਾਂ ਰਾਤੀਂ ਅਸੀਂ ਕਰ ਰਹੇ ਸਾਂ।

ਸਤਿਗੁਰੂ ਜੀ ਬਹੁਤ ਮਨ ਮੌਜੀ ਹਨ। ਫਾਰਮ ਤੋਂ ਕੋਠੀ ਜਾਣ ਲੱਗਿਆ ਮੈਨੂੰ ਹੁਕਮ ਕੀਤਾ ਕਿ ਤੂੰ ਮੇਰੇ ਨਾਲ ਕਾਰ ਵਿਚ ਬੈਠ ਤੈਨੂੰ ਇਕ ਰਿਕਾਰਡਿੰਗ ਸੁਣਾਉਣੀ ਹੈ ਤੇ ਦੱਸੀਂ ਇਕ ਕਿਹੜਾ ਰਾਗ ਹੈ। ਰਸਤੇ ਵਿਚ ਰਿਕਾਰਡਿੰਗ ਲਾਈ ਬੜਾ ਹਾਸਾ ਪਿਆ ਉਹ ਤਾਂ ਸਾਡੀਆਂ ਰਾਤ ਵਾਲੀਆਂ ਗਾਜਰ ਵਗੈਰਾ ਦੀਆਂ ਗੱਲਾਂ ਦੀ ਰਿਕਾਰਡਿੰਗ ਸੀ। ਜਿਥੇ ਅਸੀਂ ਕਹੀਏ ਕਿ ਸਤਿਗੁਰੂ ਜੀ ਬਹੁਤ ਕ੍ਰਿਪਾ ਕਰਦਾ ਹਨ। ਉਥੇ ਸੱਚੇ ਪਾਤਸ਼ਾਹ ਜੀ ਮਖੌਲ ਨਾਲ ਕਹਿੰਦੇ ਸਨ ਕਿ ਆਹੋ ਜੀ ਬੜੀ ਕ੍ਰਿਪਾ ਕਰਦੇ ਹਨ ਤੇ ਹੋਰ ਗੱਲਾਂ ਤੇ ਚੁੱਪ ਕਰ ਜਾਂਦੇ ਸਨ। ਸਤਿਗੁਰੂ ਜੀ ਨੇ ਕਿਧਰੇ ਰਾਤ ਹੀ ਸਾਡੀ ਬਾਤਚੀਤ ਕਰਦਿਆਂ ਦੀ ਰਿਕਾਰਡਿੰਗ ਕਰ ਲਈ ਸੀ।

ਸਤਿਗੁਰੂ ਬਹੁਤ ਕੁਦਰਤ ਪ੍ਰੇਮੀ ਹਨ। ਦੇਸ਼ ਵਿਦੇਸ਼ ਜਿਥੇ ਵੀ ਜਾਂਦੇ ਹਨ ਵੇਖਣਯੋਗ ਸਥਾਨਾਂ ਤੇ ਪਧਾਰਦੇ ਹੀ ਹਨ ਤੇ ਨਾਲ ਗਈਆਂ ਸੰਗਤਾਂ ਨੂੰ ਵੀ ਉਥੋਂ ਦੀ ਸੈਰ ਕਰਵਾਉਂਦੇ ਹਨ।

ਇਕ ਵਾਰ ਫਿਰ ਬੇਂਗਲੌਰ ਗਏ ਤਾਂ ਨਾਲ ਗਏ ਸਭ ਸੇਵਕਾਂ ਨੂੰ ਸ੍ਰੀ ਰੰਗਾਪਟਨਮ ਦੇ ਬ੍ਰਿੰਦਾਬਨ ਗਾਰਡਨ, ਮੈਸੂਰ, ਉਟੀ ਆਦਿ ਸਥਾਨ ਵਿਖਾਉਣ ਲਈ ਇਕ ਬੱਸ ਕਿਰਾਏ ਤੇ ਲਈ ਗਈ। ਹੋਰ ਸਾਧ ਸੰਗਤ ਦੇ ਨਾਲ ਮਹਾਰਾਜ ਬੀਰ ਸਿੰਘ ਜੀ ਤੋਂ ਬਿਨਾਂ ਬਾਕੀ ਸਾਰਾ ਗੁਰੂ ਪਰਿਵਾਰ ਬੱਸ ਵਿਚ ਸੀ। ਸਤਿਗੁਰੂ ਜੀ ਅਗਲੀਆਂ ਸੀਟਾਂ ਤੇ ਬਿਰਾਜਮਾਨ ਸਨ। ਸਭ ਮੋਹਤਬਰ ਜਲਦੀ-ਜਲਦੀ ਸਤਿਗੁਰੂ ਜੀ ਦੇ ਨੇੜੇ ਦੀਆਂ ਸੀਟਾਂ ਤੇ ਬੈਠ ਗਏ। ਸਾਨੂੰ ਰਾਗੀਆਂ ਨੂੰ ਬਿਲਕੁਲ ਬਸ ਦੀ ਪਿਛਲੀ ਸੀਟ ਹੀ ਨਸੀਬ ਹੋਈ। ਸੱਚੇ ਪਾਤਸ਼ਾਹ ਘੜੀ ਮੁੜੀ ਪਿਛੇ ਸਾਡੇ ਵੱਲ ਵੇਖ ਰਹੇ ਸਨ ਤੇ ਆਖਿਰ ਅੱਗੇ ਥੋੜਾ ਚਿਰ ਬੈਠਣ ਤੋਂ ਬਾਦ ਸਾਡੇ ਕੋਲ ਆ ਗਏ ਤੇ ਬਾਕੀ ਦਾ ਸਾਰਾ ਸਫਰ ਮੇਰੇ ਅਤੇ ਸ਼ੇਰ ਸਿੰਘ ਕੋਲ ਬੈਠ ਕੇ ਤੈਅ ਕੀਤਾ। ਸੰਗੀਤ ਦੀਆਂ ਬੰਦਿਸ਼ਾਂ ਤਾਲਾਂ ਤਿਹਾਈਆਂ ਦੀ ਜਾਣਕਾਰੀ ਦਿੰਦੇ ਰਹੇ। ਇਹ ਸਤਿਗੁਰੂ ਜੀ ਦਾ ਸੰਗੀਤ ਪ੍ਰੇਮ ਹੈ ਤੇ ਨਿਮਾਣਿਆਂ ਨੂੰ ਮਾਣ ਦੇਣ ਵਾਲੀ ਗੱਲ ਹੈ। ਉਟੀ ਦੇ ਨੇੜੇ ਜਦੋਂ ਪਹਾੜੀ ਸਫਰ ਸ਼ੁਰੂ ਹੋਇਆ ਤਾਂ ਸਤਿਗੁਰੂ ਜੀ ਨੇ ਵੇਖਿਆ ਕਿ ਬਸ ਦਾ ਪਿਛਲਾ ਟਾਇਰ ਇਕਦਮ ਖੱਡ ਦੇ ਕੰਢੇ ਤੇ ਸੀ। ਸਤਿਗੁਰੂ ਜੀ ਨੇ ਵਿਨੋਦ ਨਾਲ ਡਰਾਈਵਰ ਨੂੰ ਆਵਾਜ਼ ਦੇ ਕੇ ਕਿਹਾ ਕਿ ਭਾਈ ਬਸ ਧਿਆਨ ਨਾਲ ਚਲਾ ਉਹ ਹੀ ਗੱਲ ਨਾ ਹੋਵੇ ਕਿ 'ਸਭ ਪਰਵਾਰ ਚੜਾਇਆ ਬੇੜੇ'।

ਸਤਿਗੁਰੂ ਜੀ ਦਾ ਸੰਗੀਤ ਕਲਾਕਾਰਾਂ ਉਸਤਾਦਾਂ ਨਾਲ ਅਤਿ ਦਾ ਸਨੇਹ ਹੈ। ੧੯੭੬ ਵਿਚ ਉਸਤਾਦ ਅਮਜਦ ਅਲੀ ਖਾਂ ਸਾਹਿਬ ਦੀ ਸ਼ਾਦੀ ਹੋਈ। ਸੱਚੇ ਪਾਤਸ਼ਾਹ ਉਸਤਾਦ ਜੀ ਤੇ ਇਨਾਂ ਦੇ ਘਰੋਂ ਬੀਬੀ ਸ਼ੁਭ ਲਕਸ਼ਮੀ ਜੀ ਨੂੰ ਮਿਲਣ ਗਏ। ਹੋਰ ਸੇਵਕਾਂ ਤੋਂ ਇਲਾਵਾ ਮੈਂ ਅਤੇ ਗੁਰਦੇਵ ਵੀ ਨਾਲ ਸਾਂ। ਘਰ ਜਦੋਂ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਤਾਂ ਮੈਨੂੰ ਸਤਿਗੁਰਾਂ ਬਚਨ ਕੀਤਾ ਕਿ ਹਰਭਜਨ ਮੇਰਾ ਦਿਲ ਕਰਦਾ ਹੈ ਉਸਤਾਦ ਜੀ ਘਰ ਬੇਟੇ ਹੀ ਪੈਦਾ ਹੋਣ।

ਸਤਿਗੁਰੂ ਜੀ ਦੇ ਇਸ ਵਰ ਨਾਲ ਉਸਤਾਦ ਜੀ ਘਰ ਪਹਿਲਾਂ ਅਮਾਨ ਤੇ ਅਯਾਨ ਅਲੀ ਖਾਂ ਨੇ ਜਨਮ ਲਿਆ। ਇਹ ਦੋਵੇਂ ਭਰਾ ਅੱਜ ਦੇ ਸਿਰ ਕੱਢ ਸਰੋਦ ਵਾਦਕ ਹਨ। ਹੁਣ ਪਹਿਲੀ ਅਗਸਤ ਨੂੰ ਉਸਤਾਦ ਜੀ ਦੇ ਛੋਟੇ ਬੇਟੇ ਅਯਾਨ ਘਰ ਜੋੜੇ ਪੁੱਤਰਾਂ ਨੇ ਜਨਮ ਲਿਆ ਹੈ ਤਾਂ ਮੈਨੂੰ ਉਹ ਸਤਿਗੁਰੂ ਜੀ ਦਾ ਬਚਨ ਯਾਦ ਆ ਗਿਆ। ਮੈਂ ਉਸਤਾਦ ਜੀ ਨੂੰ ਵਧਾਈ ਦਿੱਤੀ ਤੇ ਸਤਿਗੁਰੂ ਜੀ ਦੇ ਉਸ ਵਰ ਦੀ ਗੱਲ ਸੁਣਾਈ ਕਿਉਂਕਿ ਉਸ ਬਚਨ ਦਾ ਸਿਰਫ ਮੈਂ ਹੀ ਜਾਣਕਾਰ ਸਾਂ। ਇਸ ਤੇ ਉਸਤਾਦ ਜੀ ਬੜੇ ਖੁਸ਼ ਹੋਏ ਤੇ ਕਹਿਣ ਲੱਗੇ ਕਿ ਸਭ ਉਨਕਾ ਹੀ ਆਸ਼ੀਰਵਾਦ ਹੈ।

ਅਧਿਆਤਮਕ ਪੱਖ ਦੀ ਗੱਲ ਇਹ ਹੈ ਕਿ ਸਤਿਗੁਰੂ ਜੀ ਨੇ ੨੪ ਘੰਟੇ ਨਾਮ ਕਰਨਾ ਜਿਸਨੂੰ ਵਰਨੀ ਕਿਹਾ ਜਾਂਦਾ ਹੈ।



ਅਭੁੱਲ ਯਾਦਾਂ

ਗੁਰਬਖਸ਼ ਸਿੰਘ
ਮਨਾਰੂ ਕੂਕਾ

ਸਤਿਗੁਰੂ ਜਗਜੀਤ ਸਿੰਘ ਜੀ ਦੇ ੯੨ਵੇਂ ਜਨਮਦਿਨ ਉਪਰ ਕੁਝ ਅਭੁੱਲ ਯਾਦਾਂ, ਸਾਂਝੀਆਂ ਕਰ ਰਿਹਾ ਹਾਂ। ਵੈਸੇ ਤਾਂ ਉਹਨਾਂ ਦੀ ਦੇਸ਼ ਵਿਦੇਸ਼ ਵਿਚ ਲੱਖਾਂ ਦੀ ਗਿਣਤੀ ਵਿਚ ਸੰਗਤ ਹੈ ਪਰ ਮੈਂ ਇਸ ਗੱਲੋਂ ਬੜਾ ਖੁਸ਼ਕਿਸਮਤ ਹਾਂ ਕਿ ਉਹਨਾਂ ਦੀ ਨੇੜਤਾ ਨਸੀਬ ਹੁੰਦੀ ਰਹੀ ਹੈ। ਇਹ ਨੇੜਤਾ ਉਨ੍ਹਾਂ ਦੇ ਯੂਗੰਡਾ ਦੇ ਦੌਰਿਆਂ ਦੌਰਾਨ ਸ਼ੁਰੂ ਹੋਈ। ਸੰਨ ੧੯੭੨ ਦੇ ਆਖੀਰ ਸਾਨੂੰ ਯੂਗੰਡਾ ਵਿਚੋਂ ਨਿਕਲਣਾ ਪਿਆ ਅਤੇ ਅਸੀਂ ਵਾਪਸ ਜਲੰਧਰ ਆ ਗਏ। ਸਤਿਗੁਰੂ ਜੀ ਦੇ ਪਹਿਲੇ ਦਰਸ਼ਨ ਵੀ ਇਥੇ ਹੀ ਹੋਏ। ਸਤਿਗੁਰੂ ਜੀ ਜਲੰਧਰ ਆਏ ਹੋਏ ਸੀ। ਦੋਮੋਰੀਆ ਪੁਲ ਤੋਂ ਥੋਹੜਾ ਅੱਗੇ ਨਾਮਧਾਰੀ ਸਿੰਘਾਂ ਦੇ ਬਹੁਤ ਕਾਰੋਬਾਰ ਤੇ ਘਰ ਹਨ। ਇਹਨਾਂ ਵਿਚ ਹੀ ਇਕ ਘਰ ਦੀ ਛੱਤ ਤੇ ਸੰਗੀਤ ਦੀ ਬੈਠਕ ਹੋ ਰਹੀ ਸੀ। ਨਾਮੀ ਸੰਗੀਤਕਾਰ ਆਪਣੇ ਫ਼ਨ ਦਾ ਮੁਜ਼ਾਹਰਾ ਕਰ ਰਹੇ ਸਨ। ਸੁਖਵਿੰਦਰ ਸਿੰਘ ਪਿੰਕੀ ਦਾ ਤਬਲਾ ਵਾਦਨ ਵੀ ਉਸ ਦਿਨ ਪਹਿਲੀ ਵਾਰ ਸੁਣਿਆ ਸੀ। ਸ੍ਰੋਤੇ ਸੰਗੀਤ ਦਾ ਅਨੰਦ ਲੈ ਰਹੇ ਸੀ ਕਿ ਅਚਾਨਕ ਮੌਸਮ ਖਰਾਬ ਹੋ ਗਿਆ। ਬੜੇ ਜ਼ੋਰ ਦੀ ਹਨੇਰੀ ਆਈ ਅਤੇ ਪ੍ਰੋਗਰਾਮ ਬੰਦ ਕਰਨਾ ਪਿਆ। ਮੈਂ ਛੱਤ ਤੋਂ ਨੀਚੇ ਜਾਣ ਲਈ ਪੌੜੀਆਂ ਦੇ ਪਾਸ ਹੀ ਖੜਾ ਸੀ ਕਿ ਸਤਿਗੁਰੂ ਜੀ ਵੀ ਆ ਗਏ ਅਤੇ ਕਹਿਣ ਲੱਗੇ ਕਿ ਜੇ ਪਿੰਡ ਜਾਓ ਤਾਂ ਸੰਤ ਜੀ ਨੂੰ ਮੇਰੀ ਸਤਿ ਸ੍ਰੀ ਅਕਾਲ ਕਹਿਣੀ। ਮੈਂ ਆਪਣੀ ਸਮਝ ਮੁਤਾਬਿਕ ਕਹਿ ਬੈਠਾ ਕਿ ਮੌਸਮ ਖਰਾਬ ਹੋਣ ਕਰਕੇ ਬੇਸੁਆਦੀ ਹੋ ਗਈ। ਸਤਿਗੁਰੂ ਜੀ ਕਹਿਣ ਲੱਗੇ, "ਕੋਈ ਬੇਸੁਆਦੀ ਨਹੀਂ, ਜੋ ਉਹ ਕਰਦਾ ਹੈ ਠੀਕ ਹੀ ਕਰਦਾ ਹੈ। ਉਸਦੀ ਰਜ਼ਾ ਵਿਚ ਹੀ ਰਹਿਣਾ ਪੈਂਦਾ ਹੈ। ਸਤਿਗੁਰੂ ਜੀ ਨੇ ਜਿਹੜੇ ਸੰਤਾਂ ਨੂੰ ਸਤਿ ਸ੍ਰੀ ਅਕਾਲ ਕਹਿਣ ਵਾਸਤੇ ਆਖਿਆ ਸੀ ਇਹ ਸੰਤ ਦਇਆਨੰਦ ਜੀ ਸਨ ਜੋ ਪਿੰਡ ਚਿਟੀ ਦੇ ਸੰਤ ਹੀਰਾਦਾਸ ਡੇਰੇ ਦੇ ਮੁਖੀ ਸਨ। ਉਹ ਕਾਫੀ ਬਿਰਧ ਹੋ ਗਏ ਸਨ। ਓਹਨਾਂ ਨੇ ਸਤਿਗੁਰਾਂ ਦੇ ਦਰਸ਼ਨਾਂ ਲਈ ਅਰਜ਼ ਕੀਤੀ ਸੀ। ਸਤਿਗੁਰੂ ਜੀ ਓਹਨਾਂ ਨੂੰ ਮਿਲਣ ਆਏ ਤੇ ਬੜਾ ਮੇਲਾ ਵੀ ਹੋਇਆ ਸੀ। ਸਤਿਗੁਰੂ ਜੀ ਨੂੰ ਪਤਾ ਸੀ ਕਿ ਮੇਰਾ ਪਿੰਡ ਚਿੱਟੀ ਹੈ ਇਸੇ ਲਈ ਹੀ ਕਿਹਾ ਸੀ।

ਜਲੰਧਰ ਰਹਿੰਦੇ ਟੈਕਸੀ ਲੈ ਕੇ ਭੈਣੀ ਸਾਹਿਬ ਕਦੇ ਕਦੇ ਦਰਸ਼ਨ ਕਰਨ ਚਲੇ ਜਾਈਦਾ ਸੀ। ਪ੍ਰੋਗਰਾਮ ਇਹ ਹੁੰਦਾ ਸੀ ਕਿ ਦੁਪਹਿਰ ਦੇ ਨਾਮ ਸਿਮਰਨ ਤੇ ਪਹੁੰਚ ਜਾਣਾ। ਜਦ ਸਤਿਗੁਰੂ ਜੀ ਨੂੰ ਨਮਸਕਾਰ ਕਰਨੀ ਤਾਂ ਓਹਨਾਂ ਮਿਠੀ ਮੁਸਕਾਨ ਨਾਲ ਦੇਖਣਾ ਅਤੇ ਸਾਹਮਣੇ ਬੈਠਣ ਦਾ ਇਸ਼ਾਰਾ ਕਰ ਦੇਣਾ। ਨਾਮ ਸਿਮਰਨ ਤੋਂ ਬਾਅਦ ਕੀਰਤਨ ਦਾ ਅਨੰਦ ਲੈਣਾ। ਸਮਾਪਤੀ ਤੇ ਛੁੱਟੀ ਲੈਣੀ ਅਤੇ ਵਾਪਿਸ ਆ ਜਾਣਾ।

ਇਕ ਵਾਰੀ ਕੀ ਹੋਇਆ ਕਿ ਵਿਆਹਾਂ ਕਰਕੇ ਕੋਈ ਟੈਕਸੀ ਵਾਲਾ ਭੈਣੀ ਸਾਹਿਬ ਜਾਣ ਲਈ ਤਿਆਰ ਹੀ ਨਾ ਹੋਵੇ। ਆਖਰ ਇਕ ਤਿਆਰ ਤਾਂ ਹੋ ਗਿਆ ਪਰ ਇਸ ਸ਼ਰਤ ਤੇ ਕਿ ਵਾਪਸ ਜਲਦੀ ਆਣਾ ਹੋਵੇਗਾ ਕਿਉਂਕਿ ਉਸਨੇ ਸਵਾਰੀ ਨੂੰ ਦਿੱਲੀ ਛੱਡਣ ਜਾਣਾ ਸੀ। ਖੈਰ ਅਸੀਂ ਭੈਣੀ ਸਾਹਿਬ ਚਲੇ ਗਏ। ਨਮਸਕਾਰ ਕਰਨ ਵੇਲੇ ਸਤਿਗੁਰੂ ਜੀ ਨੇ ਸਦਾ ਵਾਂਗ ਮਿਠੀ ਮੁਸਕਾਨ ਨਾਲ ਦੇਖਿਆ ਅਤੇ ਸਾਹਮਣੇ ਬੈਠਣ ਦਾ ਇਸ਼ਾਰਾ ਕਰ ਦਿੱਤਾ। ਬੈਠਣ ਤੇ ਦੇਖਿਆ ਕਿ ਜਿੰਜਾ (ਯੂਗੰਡਾ) ਵਾਲੇ ਠੇਕੇਦਾਰ ਸ. ਪ੍ਰੀਤਮ ਸਿੰਘ ਹੁਰਾਂ ਦਾ ਸਪੁੱਤਰ ਸਤਵਿੰਦਰ ਸਿੰਘ ਵੀ ਬੈਠਾ ਸੀ। ਇਹ ਸੂਬਾ ਦਰਸ਼ਨ ਸਿੰਘ ਨੈਰੋਬੀ ਦਾ ਸਕਾ ਭਤੀਜਾ ਸੀ। ਇਹ ਯੂਗੰਡਾ ਛੱਡਣ ਤੋਂ ਬਾਅਦ ਕੀਨੀਆ ਚਲਾ ਗਿਆ ਸੀ ਅਤੇ


ਹੁਣ ਕਿਸੁਮੋ ਸ਼ਹਿਰ ਵਿਚ ਰਹਿੰਦਾ ਸੀ। ਕਈ ਸਾਲਾਂ ਬਾਅਦ ਉਸ ਨਾਲ ਮੁਲਾਕਾਤ ਹੋਈ ਸੀ। ਉਸਨੂੰ ਜਲੰਧਰ ਦਾ ਐਡਰੈਸ ਦਿੱਤਾ ਕਿ ਕੀਨੀਆ ਵਾਪਸ ਜਾਣ ਤੋਂ ਪਹਿਲਾਂ ਮਿਲ ਕੇ ਜਾਵੀਂ। ਦੀਵਾਨ ਵਿਚੋਂ ਉਠਣ ਨੂੰ ਜੀਅ ਤਾਂ ਨਹੀਂ ਸੀ ਕਰਦਾ ਪਰ ਟੈਕਸੀ ਵਾਲੇ ਨਾਲ ਵਾਅਦਾ ਕੀਤਾ ਕਰਕੇ ਉਠਣਾ ਪੈਣਾ ਸੀ। ਇਸ ਲਈ ਜਦ ਸਤਿਗੁਰੂ ਜੀ ਕਿਸੇ ਨਾਲ ਬਚਨ ਕਰ ਰਹੇ ਸਨ ਅਤੇ ਮੂੰਹ ਦੂਸਰੇ ਪਾਸੇ ਸੀ ਮੈਂ ਉੱਠ ਕੇ ਆ ਗਿਆ। ਦੀਵਾਨ ਦੀ ਸਮਾਪਤੀ ਤੇ ਸਤਿਗੁਰੂ ਜੀ ਸਤਵਿੰਦਰ ਸਿੰਘ ਨੂੰ ਪੁੱਛਣ ਲੱਗੇ ਕਿ ਤੇਰੇ ਪਾਸ ਚਿੱਟੀ ਵਾਲੇ ਗੁਰਬਖਸ਼ ਸਿੰਘ ਬੈਠੇ ਸਨ ਉਹ ਕਿਥੇ ਹਨ? ਯੁਗੰਡਾ ਸਾਡਾ ਰੇਡੀਓ ਦਾ ਕਾਰੋਬਾਰ ਹੁੰਦਾ ਸੀ ਅਤੇ ਦੁਕਾਨ ਦਾ ਨਾਮ ਬ੍ਰਾਡਵੇਜ਼ ਰੇਡੀਓ ਹੁੰਦਾ ਸੀ। ਇਸ ਕਰਕੇ ਸਾਰੇ ਬ੍ਰਾਡਵੇ ਵਾਲੇ ਕਰਕੇ ਹੀ ਬੁਲਾਂਦੇ ਸਨ। ਪਰ ਸਤਿਗੁਰੂ ਜੀ ਚਿੱਟੀ ਵਾਲਾ ਕਰਕੇ ਹੀ ਬੁਲਾਂਦੇ ਸਨ। ਸਤਿਗੁਰਾਂ ਦੇ ਪੁੱਛਣ ਤੇ ਸਤਵਿੰਦਰ ਸਿੰਘ ਕਹਿਣ ਲੱਗਾ ਕਿ ਚਿੱਟੀ ਦਾ ਤਾਂ ਪਤਾ ਨਹੀਂ ਮੇਰੇ ਪਾਸ ਤਾਂ ਬ੍ਰਾਡਵੇ ਵਾਲੇ ਬੈਠੇ ਸੀ ਓਹ ਚਲੇ ਗਏ ਹਨ। ਤਾਂ ਸਤਿਗੁਰਾਂ ਕਿਹਾ ਕਿ ਓਹੋ ਹੀ ਚਿੱਟੀ ਵਾਲੇ ਹਨ। ਦੂਸਰੇ ਦਿਨ ਸਤਵਿੰਦਰ ਸਿੰਘ ਜਲੰਧਰ ਮਿਲਣ ਆਇਆ ਤਾਂ ਦੱਸਿਆ ਕਿ ਦੀਵਾਨ ਦੀ ਸਮਾਪਤੀ ਤੋਂ ਬਾਅਦ ਸਤਿਗੁਰੂ ਜੀ ਪੁੱਛਣ ਲੱਗੇ ਕਿ ਚਿੱਟੀ ਵਾਲੇ ਕਿਥੇ ਹਨ। ਇਹ ਜਾਣ ਕੇ ਬੜਾ ਮਹਿਸੂਸ ਹੋਇਆ ਕਿ ਮਜਬੂਰੀਵਸ ਉਹਨਾਂ ਨੂੰ ਮਿਲੇ ਬਗੈਰ ਸਮਾਪਤੀ ਤੋਂ ਪਹਿਲਾਂ ਹੀ ਆ ਗਿਆ ਪਰ ਫਿਰ ਭੀ ਉਹਨਾਂ ਮੈਨੂੰ ਭੁਲਾਇਆ ਨਹੀਂ।

੧੯੭੮ ਦੇ ਸ਼ੁਰੂ ਵਿਚ ਉਨ੍ਹਾਂ ਦੇ ਜਲੰਧਰ ਦਰਸ਼ਨ ਹੋਏ ਜਦ ਉਹ ਇਕ ਸੰਗੀਤ ਪ੍ਰੋਗਰਾਮ ਵਿਚ ਹਿੱਸਾ ਲੈਣ ਆਏ। ਇਸ ਪ੍ਰੋਗਰਾਮ ਵਿਚ ਮਸ਼ਹੂਰ ਸੰਗੀਤਕਾਰ ਪੰਡਿਤ ਰਾਜਨ ਅਤੇ ਸਾਜਨ ਮਿਸ਼ਰਾ ਹੁਰਾਂ ਨੇ ਸ਼ਿਰਕਤ ਕੀਤੀ ਸੀ। ਉਸ ਤੋਂ ਬਾਅਦ ਜੂਨ ੧੯੭੮ ਵਿਚ ਭਤੀਜੀ ਦੇ ਵਿਆਹ ਕਰਕੇ ਲੰਡਨ ਜਾਣਾ ਪਿਆ। ੧੯੭੯ ਵਿਚ ਵਾਪਸ ਆਏ ਤਾਂ ਬੜੇ ਭਾਈ ਸਾਹਿਬ ਹੁਰਾਂ ਨੇ ਕੈਨੇਡਾ ਦੀ ਤਿਆਰੀ ਕਰ ਲਈ। ਅਸੀਂ ਯੂ. ਪੀ ਵਿਚ ਫਾਰਮ ਲਿਆ ਸੀ। ਪਹਿਲੇ ਤਾਂ ਭਾਈ ਸਾਹਿਬ ਓਥੇ ਰਹਿੰਦੇ ਸੀ ਪਰ ਓਹਨਾਂ ਦੇ ਜਾਣ ਤੋਂ ਬਾਅਦ ਖੁਦ ਰਹਿਣਾ ਪਿਆ। ਇਸ ਤਰ੍ਹਾਂ ਕਈ ਸਾਲ ਭੈਣੀ ਸਾਹਿਬ ਦਰਸ਼ਨ ਕਰਨ ਨਾ ਜਾ ਹੋਇਆ। ੧੯੮੭ ਵਿਚ ਛੋਟੀ ਬੇਟੀ ਸਤਵਿੰਦਰ ਕੌਰ ਦਾ ਵਿਆਹ ਕਰਨ ਲੰਡਨ ਆਏ ਤਾਂ ਪਤਾ ਲੱਗਾ ਕਿ ਸਤਿਗੁਰੂ ਜੀ ਵੀ ਆਏ ਹੋਏ ਹਨ। ਸਾਊਥਾਲ ਦੇ ਇਕ ਚਰਚ ਵਿਚ ਸ਼ਾਮ ਦਾ ਦੀਵਾਨ ਸੀ।

ਜਦ ਨਮਸਕਾਰ ਕੀਤੀ ਤਾਂ ਸਦਾ ਵਾਂਗ ਮੁਸਕਰਾਏ ਤੇ ਪੁੱਛਣ ਲੱਗੇ ਕਿ ਬਹੁਤ ਦੇਰ ਤੋਂ ਦੇਖੇ ਨਹੀਂ। ਕੀ ਹੁਣ ਲੰਡਨ ਆ ਗਏ ਹੋ। ਮੈਂ ਕਿਹਾ ਕਿ ਪੱਕੇ ਤੋਰ ਤੇ ਨਹੀਂ ਬੇਟੀ ਦੇ ਵਿਆਹ ਕਰਕੇ ਆਏ ਸੀ। ਮੈਂ ਪੁੱਛਿਆ ਕਿ ਤੁਹਾਡਾ ਕਿੰਨੇ ਦਿਨ ਦਾ ਪ੍ਰੋਗਰਾਮ ਹੈ ਤਾਂ ਕਹਿਣ ਲੱਗੇ ਕਿ ਇਹ ਤਾਂ ਸਿਰਫ ਖਾਨ ਸਾਹਿਬ ਵਲੈਤ ਖਾਂ ਸਾਬਿ ਹੁਰਾਂ ਦੇ ਦਿਲ ਦੇ ਆਪਰੇਸ਼ਨ ਕਰਕੇ ਹੀ ਆਣਾ ਪਿਆ। ਇਹ ਆਪਰੇਸ਼ਨ ਸਤਿਗੁਰੂ ਜੀ ਨੇ ਹੀ ਕਰਵਾ ਕੇ ਦਿੱਤਾ ਸੀ। ਇਸੇ ਦੀਵਾਨ ਵਿਚ ਹੀ ਖੜਕ ਸਿੰਘ ਭੰਵਰਾ ਹੁਰਾਂ ਨਾਲ ਮੁਲਾਕਾਤ ਹੋਈ। ਇਹ ੧੯੫੩ ਵਿਚ ਕੰਮ ਦੇ ਸਿਲਸਲੇ ਵਿਚ ਕੇਨੀਆ ਤੋਂ ਯੂਗੰਡਾ ਆਏ ਤਾਂ ਜਿੰਜਾ ਸ਼ਹਿਰ ਸਾਡੇ ਗਵਾਂਢ ਵਿਚ ਰਹਿਣ ਆ ਗਏ। ਦੋ ਘਰ ਛੱਡ ਕੇ ਸ. ਗੁਰਬਖਸ਼ ਸਿੰਘ ਸ਼ੌਕ ਹੁਰੀਂ ਰਹਿੰਦੇ ਸੀ। ਸ਼ੌਕ ਹੁਰੀਂ ਸ਼ਾਸਤ੍ਰੀ ਸੰਗੀਤ ਦੇ ਉਸਤਾਦ ਸਨ ਅਤੇ ਸੁਲਝੇ ਹੋਏ ਕਵੀ ਵੀ ਸਨ। ਮੇਰਾ ਤਾਂ ਓਹਨਾਂ ਨਾਲ ਸੰਗੀਤ ਕਰਕੇ ਮੇਲ ਜੋਲ ਸੀ ਪਰ ਖੜਕ ਸਿੰਘ ਹੁਰੀਂ ਉਹਨਾਂ ਪਾਸੋਂ ਕਵਿਤਾ ਦੇ ਗੁਰ ਸਿਖਦੇ ਸੀ। ਸੋ ਇਸ ਤਰ੍ਹਾਂ ਸਾਡੀ ਦੋਸਤੀ ਹੋ ਗਈ। ਇਹ ੧੯੬੨ ਵਿਚ ਲੰਡਨ ਆ ਗਏ। ਇਥੇ ਆਣ ਕੇ ਇਹਨਾਂ ਨਾਮਧਾਰੀ ਸੰਗਤ ਲਈ ਬੜਾ ਕੰਮ ਕੀਤਾ। ਵੈਸੇ ਇਹਨਾਂ ਨਾਲ ਲੰਡਨ ਵਿਚ ਪਹਿਲੀ ਮੁਲਾਕਾਤ ੧੯੭੮ ਵਿਚ ਹੋਈ ਸੀ ਜਦ ਭਤੀਜੀ ਦਾ ਵਿਆਹ ਕਰਨ ਆਏ ਸੀ। ਇਨ੍ਹਾਂ ਦੇ ਇਕ ਕਾਰਨਾਮੇ ਦਾ ਜ਼ਿਕਰ ਕਰਦਾ ਹਾਂ। ੧੯੭੮ ਦੀ ਗੱਲ ਹੈ ਕਿ ਭਤੀਜੀ ਦੇ ਵਿਆਹ ਤੋਂ ਬਾਅਦ ਹਾਲੇ ਲੰਡਨ ਹੀ ਸੀ ਕਿ ਪਤਾ ਲੱਗਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਮੁਰਾਰ ਜੀ ਡੇਸਾਈ ਸਾਊਥਾਲ ਦੇ ਟਾਊਨ ਹਾਲ ਆ ਰਹੇ ਹਨ। ਮੈਂ ਤੇ ਮੇਰਾ ਮਾਮੇ ਦਾ ਲੜਕਾ ਹਰਬੰਸ ਸਿੰਘ ਕਲਸੀ ਦੋਨੋਂ ਉਹਨਾਂ ਨੂੰ ਦੇਖਣ ਚਲੇ ਗਏ। ਟਾਊਨ ਹਾਲ ਦੇ ਬਾਹਰ ਬੜੀ ਭੀੜ ਸੀ ਪਰ ਮਾਹੌਲ ਬੜਾ ਗਰਮ ਸੀ ਕਿਉਂਕਿ ਸਾਰੇ ਹੀ ਉਹਨਾਂ ਦੇ ਖਿਲਾਫ ਨਾਅਰੇ ਲਾ ਰਹੇ ਸੀ। ਸਿੱਖ ਦਰਬਾਰ ਸਾਹਿਬ ਤੋਂ ਰੇਡੀਓ ਪ੍ਰਸਾਰਨ ਕਰਕੇ ਨਾਰਾਜ਼ ਸਨ ਜਿਸਦੀ ਗੌਮਿੰਟ ਇਜਾਜ਼ਤ ਨਹੀਂ ਸੀ ਦੇ ਰਹੀ। ਬਾਕੀ ਬਰਾਦਰੀਆਂ ਵੀ ਕਿਸੇ ਨਾ ਕਿਸੇ ਗਲੋਂ ਉਹਨਾਂ ਨਾਲ ਨਾਰਾਜ਼ ਸਨ। ਇਸ ਲਈ ਸਭ ਬੈਨਰਾਂ ਉਪਰ ਉਹਨਾਂ ਦੇ ਖਿਲਾਫ ਹੀ ਲਿਖਿਆ ਸੀ। ਇਨ੍ਹੇ ਨੂੰ ਸ. ਖੜਕ ਸਿੰਘ ਭੰਵਰਾ ਹੋਰੀਂ ਆਏ ਅਤੇ ਇਕ ਬੈਨਰ ਸਾਨੂੰ ਦੋਹਾਂ ਨੂੰ ਪਕੜਾ ਦਿੱਤਾ ਜਿਸ ਉਪਰ ਲਿਖਿਆ ਸੀ, "Namdhari Sangat U.K. Welcomes The Prime Minister of India (ਨਾਮਧਾਰੀ ਸੰਗਤ ਯੂ. ਕੇ. ਵਲੋਂ ਭਾਰਤ ਦੇ ਪ੍ਰਧਾਨ ਮੰਤਰੀ ਦਾ ਸੁਆਗਤ ਹੈ) ਪ੍ਰਧਾਨ ਮੰਤਰੀ ਕਰਕੇ ਦੁਨੀਆ ਦਾ ਪ੍ਰੈਸ ਆਇਆ ਹੋਇਆ ਸੀ। ਜਦ ਉਹਨਾਂ ਦੇਖਿਆ ਕਿ ਇਕ ਛੋਟਾ ਜਿਹਾ ਗਰੁੱਪ ਹੀ ਵੈਲਕਮ ਕਰ ਰਿਹਾ ਹੈ ਤਾਂ ਸਭ ਪ੍ਰੈਸ ਫੋਟੋਗ੍ਰਾਫਰ ਸਾਡੇ ਵਲ ਆ ਗਏ। ਅਸੀਂ ਸਿਰਫ ਤਿੰਨ ਹੀ ਸੀ ਅਤੇ ਨਾਲ ਤਿੰਨ ਹੀ ਮਾਈਆਂ ਸਨ ਜਿਨ੍ਹਾਂ ਵਿਚੋਂ ਇਕ ਦਮੀਂ ਹੁਰਾਂ ਦੇ ਮਾਤਾ ਜੀ ਸਨ। ਜਦੋਂ ਮੁਰਾਰ ਜੀ ਡੀਸਾਈ ਹੁਰੀਂ ਆਏ ਤਾਂ ਉਹਨਾਂ ਦੇ ਗਲੇ ਵਿਚ ਉਨ ਦੀ ਮਾਲਾ ਪਾਈ ਹੋਈ ਸੀ। ਪੁੱਛਣ ਤੇ ਖੜਕ ਸਿੰਘ ਹੁਰਾਂ ਨੇ ਦੱਸਿਆ ਕਿ ਕਲ ਭਾਰਤੀ ਹਾਈ ਕਮਿਸ਼ਨ ਦੇ ਦਫਤਰ ਜਾ ਕੇ ਉਨ੍ਹਾਂ ਨੂੰ ਦੇ ਆਇਆ ਸੀ।

3, Abbaydole House, Fleming Road,
Southall UB 1 3PN,
00447417548236






ਜਥੇਦਾਰ ਮਨਜੀਤ ਸਿੰਘ ਰਾਗੀ



ਹਰਪਾਲ ਸਿੰਘ



ਨਵਨੀਤ ਸਿੰਘ



ਬੀਤੇ ਦੀਆਂ ਪੈੜਾਂ



ਪ੍ਰੀਤਮ ਸਿੰਘ ਕਵੀ

ਮੇਰੀ ਮਸੂਰੀ ਜਾਣ ਦੀ ਮੁਸ਼ਕਲ ਕੁਸ਼ਾਈ ਲਈ ਉਨ੍ਹਾਂ ਸ. ਸੁਰਿੰਦਰ ਸਿੰਘ ਮਨਚੰਦਾ ਨੂੰ ਫੋਨ ਕੀਤਾ। ਉਨ੍ਹਾਂ ਕਿਹਾ ਸੰਗੀਤਕਾਰ ਬੱਚੇ ਤਾਂ ਸਵੇਰ ਦੇ ਚਲੇ ਗਏ। ਹੁਣ ਇਕ ਜੀਪ ਜਾਣੀ ਹੈ। ਰਾਜਿੰਦਰ ਨਗਰ ਆ ਜਾਣ। ਏਨੇ ਚਿਰ ਨੂੰ ਇਕ ਜੀਪ ਹੰਸਪਾਲ ਜੀ ਦੇ ਗੇਟ ਅੱਗੇ ਆ ਖਲੋਤੀ। ਇਹ ਮੈਨੂੰ ਲੈਣ ਆਈ ਸੀ।

ਸੰਤ ਸਾਧਾ ਸਿੰਘ ਜੀ ਦਾ ਲੜਕਾ ਸਤਪਾਲ ਸਿੰਘ ਕਾਲਾ ਜੀਪ ਲੈ ਕੇ ਮੈਨੂੰ ਘਰ ਲੈ ਗਿਆ ਤੇ ਏਥੋਂ ਅਸੀਂ ਰਮੇਸ਼ ਨਗਰ ਗਏ। ਫਿਰ ਜੀਪ ਰਘੁਬੀਰ ਨਗਰ ਉਸਤਾਦ ਹਰਭਜਨ ਸਿੰਘ ਨੂੰ ਲੈਣ ਗਈ। ਰਮੇਸ਼ ਨਗਰੋਂ ਸੁਰਜੀਤ ਸਿੰਘ ਸਾਰੰਗੀ ਨਿਵਾਜ਼ ਨੂੰ ਲਿਆ ਤੇ ਅਸੀਂ ੧੧ ਵੱਜਦੇ ਨੂੰ ਰਾਜਿੰਦਰ ਨਗਰ ਮਨਚੰਦਾ ਦੇ ਘਰ ਜਾ ਪੁਜੇ। ਉਸ ਦੇ ਗੇਟ ਤੇ ਕਾਰ ਵਿਚ ਸਵਾਰ ਕਲਾਕਾਰ ਬਲਜੀਤ ਸਿੰਘ, ਸੁਖਵਿੰਦਰ ਸਿੰਘ ਪਿੰਕੀ ਤੇ ਸੁਖਦੇਵ ਸਿੰਘ ਅੰਗ ਰਖਿਅਕ ਸੰਤ ਕਰਨੈਲ ਸਿੰਘ ਹੁਰੀਂ ਬੈਠੇ ਸਨ! ਇਸ ਗੱਡੀ ਦਾ ਡਰਾਈਵਰ ਭੈਣੀ ਸਾਹਿਬ ਤੋਂ ਸੰਤ ਰਘੁਬੀਰ ਸਿੰਘ ਰੰਧਾਵਾ ਸੀ ਅਤੇ ਸਾਡੀ ਜੀਪ ਨੂੰ ਸਤਪਾਲ ਸਿੰਘ ਦੇ ਛੋਟੇ ਭਰਾ ਟਹਿਲ ਸਿੰਘ ਨੇ ਡਰਾਈਵ ਕਰਨਾ ਸੀ। ਦੋ ਸਵਾਰੀਆਂ ਲੈਣ ਕੋਠੀ ਪੂਸਾ ਰੋਡ ਪੁੱਜੇ ਸਤਿਗੁਰੂ ਜੀ ਦਾ ਬਸਤਰ-ਸੇਵਕ ਸੰਤ ਗੁਰਤੇਜ ਸਿੰਘ ਅਗੇ ਧਰਮਪਾਲ-ਮਨਜੀਤ ਸਿੰਘ ਮੰਡੀ ਵਾਲਿਆਂ ਦੀ ਮਾਂ ਬੀਬੀ ਹਰਚਰਨ ਕੌਰ ਸਾਡੇ ਨਾਲ ਜੀਪ ਤੇ ਆ ਗਈ। ਵਾਪਸ ਰਾਜਿੰਦਰ ਨਗਰ ਜਾ ਸਾਬਣ, ਦਾਲਾਂ ਆਟਾ ਆਦਿ ਲੈ ਕੇ ਮਸਾਂ ਹੀ ੧੧.੩੦ ਵਜੇ ਦਿੱਲੀਓਂ ਚਲ ਸਕੇ। ਹਦਾਇਤ ਸੀ ਕਿ ਕਾਰ ਵਾਲੇ ਸਾਡੇ ਪਿਛੇ ਰਹਿਣ ਪਰ ਮੇਰਠੋਂ ੧੦ ਕਿਲੋਮੀਟਰ ਉਰਿਓਂ ਹੀ ਉਹ ਹਦਾਇਤ ਉਲੰਘ ਗਏ। ਥੱਲੇ ਸਤਿਗੁਰੂ ਜੀ ਵਾਲੀ ਗੱਡੀ ਵਿਚ ਜਵਾਨੀ ਤੇ ਉਹ ਵੀ ਕਲਾਕਾਰ ਸਾਡੇ ਪਿਛੇ ੪੦-੪੫ ਕਿਲੋਮੀਟਰ ਦੀ ਰਫਤਾਰ ਤੇ ਕਿਵੇਂ ਆਉਂਦੇ।

ਅਸਾਂ ਦਿਲੀਓਂ ੮੬ ਕਿਲੋਮੀਟਰ ਦੇ ਮੁਕਾਮ ਚੀਤਲੀ ਤੇ ਅਟਕ ਕੁਝ ਛਕਣ ਛਕਾਣ ਕੀਤਾ ਤੇ ਅਗੇ ਚਲ ਪਏ। ਦਿਲੀਓਂ ਰਾਹ ਦੇ ਵੱਡੇ ਸ਼ਹਿਰ ਮੋਦੀ ਨਗਰ, ਮੇਰਠ, ਖਲੌਤੀ, ਛੁਟਮੁਲਪੁਰ, ਰੁੜਕੀ, ਦੇਹਰਾਦੂਨ ਦਾ ਸਫਰ ਕਰ ਰਾਤੀ ੮ ਵਜੇ ਮਸੂਰੀ ਦੇ ਹੋਟਲ ਵਿਸ਼ਨੂੰ ਪੈਲੇਸ ਵਿਚ ਪਹੁੰਚ ਗਏ। ਦਿੱਲੀਓਂ ੨੬੫ ਕਿਲੋਮੀਟਰ ਦਾ ਫਾਸਲਾ। ਅੰਬਾਲਿਓਂ ੨੧੫ ਕਿਲੋਮੀਟਰ ਦੀ ਦੂਰੀ।

ਰਾਹ ਵਿਚ ਕੱਚੀਆਂ ਪਹਾੜੀਆਂ ਮੋਹੰਡ ਲੰਘ ਕੇ ਸ਼ੁਰੂ ਹੋਈਆਂ। ਹਰੇ ਭਰੇ ਜੰਗਲ, ਖੁਸ਼ਕ ਨਾਲੇ ਛੱਡ ਕੇ ਇਕ ਛੋਟੀ ਜਿਹੀ ਸੁਰੰਗ ਪਾਰ ਕੀਤੀ ਤਾਂ ਜ਼ਿਲ੍ਹਾ ਸਹਾਰਨਪੁਰ ਮੁਕ ਡੇਹਰਾਦੂਨ ਸ਼ੁਰੂ ਹੋ ਗਿਆ। ਸ਼ਹਿਰ ਡੇਹਰਾਦੂਨ ਵੀ ਪੱਧਰੇ ਇਲਾਕੇ



ਵਿਚ ਵਿਦਮਾਨ ਹੈ। ਤਕੜਾ ਸ਼ਹਿਰ ਹੈ ਅਤੇ ਸੁੰਦਰ ਬਿਲਡਿੰਗਾਂ ਖੁਲ੍ਹੀਆਂ ਸੜਕਾਂ ਮੋਕਲੇ ਚੌਕ! ਜਦੋਂ ਨੂੰ ਮਸੂਰੀ ਦੀ ਚੜ੍ਹਾਈ ਸ਼ੁਰੂ ਹੋਈ ਹਨੇਰਾ ਪਸਰ ਗਿਆ ਸੀ। ਬਰਸਾਤੀ ਫੁਹਾਰਾਂ ਦੇ ਕਈ ਵਾਰ ਟਾਕਰੇ ਹੋਏ। ਡੇਹਰਾਦੂਨ ਤੋਂ ਮਸੂਰੀ ੩੧-੩੨ ਕਿਲੋਮੀਟਰ ਹੈ।

ਠੰਢੇ ਜਿਹੇ ਹੋਟਲ ਦੀ ਸਿਫ਼ਤ ਇਹ ਸੀ ਕਿ ਇਹ ਵੈਸ਼ਨਵ ਤਾਂ ਸੀ ਹੀ ਸੋਧੀ ਸਿੰਘਾਂ ਵਾਸਤੇ ਕੁਦਰਤੀ ਚਸ਼ਮਾਂ ਵੀ ਏਥੇ ਸੰਭਾਲਿਆ ਹੋਇਆ ਸੀ। ਸ੍ਰੀ ਧਰਮਪਾਲ ਸਿੰਘ ਨੇ ਸੋਧ ਦਾ ਲੰਗਰ ਤਿਆਰ ਕੀਤਾ ਹੋਇਆ ਸੀ। ਉਹਦੀ ਪਤਨੀ ਅਤੇ ਬੱਚਾ ਵੀ ਏਥੇ ਹੀ ਸਨ। ਸਾਡੇ ਏਥੇ ਪਹੁੰਚਣ ਵਾਲੇ ਜਥੇ ਵਿਚ ਦੋ ਅੰਗ ਰਖਿਅਕ ਸਵਿੰਦਰ ਸਿੰਘ ਅਤੇ ਮੁਖਤਿਆਰ ਸਿੰਘ (ਅੰਮ੍ਰਿਤਸਰ ਕਲਾਂ) ਬੱਸਾਂ ਦਾ ਸਫਰ ਕਰਕੇ ਸਾਡੇ ਨਾਲ ਹੀ ਪਹੁੰਚ ਗਏ।

ਹਨ੍ਹੇਰੇ ਵਿਚ ਗੁਆਚੀ ਮਸੂਰੀ ਬਾਰੇ ਅਜੇ ਕੁਝ ਕਹਿਣਾ ਬਣਦਾ ਹੀ ਨਹੀਂ ਕਿਉਂਕਿ ਅਸਾਂ ਇਸਦੀ ਉਚਾਈ ਅਤੇ ਪੈਰ ਪੈਰ ਤੇ ਘੁਮਾਵਦਾਰ ਮੋੜ ਹਨ੍ਹੇਰੇ ਵਿਚ ਹੀ ਪਾਰ ਕੀਤੇ। ਹਾਂ ਸ੍ਰੀ ਟਹਿਲ ਸਿੰਘ (੨੨) ਸਪੁਤ੍ਰ ਸੰਤ ਸਾਧਾ ਸਿੰਘ ਨੂੰ ਦਾਦ ਦੇਣੀ ਬਣਦੀ ਹੈ। ਜਿਸ ਨੇ ਆਪਣੀ ਖ਼ੂਬਸੂਰਤੀ ਵਾਂਗ ਹੀ ਸਾਡਾ ਇਹ ਸਫ਼ਰ ਸੁਹਾਣਾ ਬਣਾਈ ਰੱਖਿਆ ਅਤੇ ਮਸੂਰੀ ਆਪਣੇ ਦਿੱਤੇ ਹੋਏ ਬੋਲ, ੮ ਵਜੇ ਤਕ ਪਹੁੰਚ ਜਾਵਾਂਗੇ। ਨੂੰ ਪੂਰਾ ਕਰ ਵਖਾਇਆ।

੩ ਸਤੰਬਰ ੧੯੮੫, ਮੰਗਲਵਾਰ ਮਸੂਰੀ (ਉੱਤਰ-ਪ੍ਰਦੇਸ਼)

ਮੈਂ ਤਾਂ ਆਪਣੇ ਰੋਜ ਮੱਰਾ ਦੇ ਟਾਈਮ ਅਨੁਸਾਰ ਸੂਰਜ ਤੋਂ ਇਕ ਘੰਟਾ ਪਹਿਲਾਂ ਉਠ ਕੇ ਇਸ਼ਨਾਨ ਪਾਣੀ ਕਰ ਲਿਆ। ਪਰ ਉਸਤਾਦ ਹਰਭਜਨ ਸਿੰਘ ਮੇਰਾ ਰੂਮਮੇਟ-ਸਾਰੀ ਰਾਤ ਜ਼ੁਕਾਮ ਦੇ ਕਾਬੂ ਆਇਆ ਸੌ ਨਹੀਂ ਸਕਿਆ। ਉਹ ਤਕਲੀਫ ਜ਼ਦਹ ਤਾਂ ਕਦ ਦਾ ਹੀ ਹੈ ਪਰ ਸਫ਼ਰ ਦੀ ਥਕਾਨ ਤੇ ਜ਼ੁਕਾਮ ਦੇ ਜ਼ੋਰ ਨੇ ਉਸਨੂੰ ਰਾਤ ਭਰ ਬੇਚੈਨ ਰੱਖਿਆ ਹੈ।

ਸੁੰਦਰ ਸੁਖਦ ਛੋਟੇ ਜਿਹੇ ਵਿਸ਼ਨੂੰ ਪੈਲੇਸ ਹੋਟਲ ਦਾ ਆਲਾ ਦੁਆਲਾ ਫੁੱਲਾਂ ਭਰਿਆ ਮੱਥੇ ਲੱਗਾ। ਥੱਲੇ ਦੂਰ ਘਾਟੀਆਂ ਤਕ ਨਜ਼ਰ ਮਾਰੀ ਤਾਂ ਮਾਲੂਮ ਹੋਇਆ ਕਿ ਸੂਰਜ ਦਰਸ਼ਨ ਭਾਗਾਂ ਨਾਲ ਹੀ ਹੋਣਗੇ। ਧੁੰਧ ਦੇ ਪਹਾੜ ਤੁਰ ਪੈਂਦੇ ਤੇ ਸਥੂਲ ਪਹਾੜਾਂ ਦੀ ਸ਼ਕਲ ਲੁਪਤ ਹੋ ਜਾਂਦੀ। ਧੁੱਪ ਵਿਚਾਰੀ ਵਖਤਾਂ ਦੀ ਮਾਰੀ ਕਦੇ ਕਿਸੇ ਨੁਕਰੇ ਚਮਕਦੀ ਕਦੇ ਕਿਸੇ। ਕਦੇ ਇਕ ਦੋ ਬੰਗਲੇ ਜਗ ਉਠਦੇ ਕਦੇ ਘਾਟੀ ਦੀ ਹਰਿਆਲੀ ਉਜਾਗਰ ਹੋ ਜਾਂਦੀ। ਸੁੰਦਰ ਸ਼ਹਿਰ, ਮੁਕੰਮਲ ਸੜਕਾਂ, ਵਧੀਆਂ ਬਿਲਡਿੰਗਾਂ, ਸਮਾਨ ਭਰੇ ਬਾਜ਼ਾਰ, ਸਾਧਾਰਨ ਤੇ ਸੁਹਣੇ ਰੂਪ ਰੰਗ ਦੇ ਤੀਵੀਆਂ ਮਰਦ, ਪੈਦਲ ਧੂਹਣ ਵਾਲੇ ਰਿਕਸ਼ੇ, ਟੱਟੂ, ਟੈਕਸੀਆਂ ਕਾਰਾਂ, ਆਵਾ ਗੁਮੀ ਬੱਸਾਂ ਤੇ ਭਾਰ ਢੋਂਦੇ ਟ੍ਰੱਕ ਇਹ ਮਨੁੱਖ ਸਿਰਜੀ ਦੁਨੀਆਂ ਹੈ। ਸਾਡੇ ਹੋਟਲ ਦੇ ਮਾਲਕ ਸ੍ਰੀ ਰਾਜ ਕੁਮਾਰ ਨੇ ਦੱਸਿਆ ਕਿ ਮਸੂਰੀ ਵਿਚ ਇਸ ਵੇਲੇ ੧੦੪ ਹੋਟਲ ਹਨ ਛੋਟੇ ਵੱਡੇ। ਮਈ ਜੂਨ ਟੂਰਿਸਟਾਂ ਦਾ ਭਰਪੂਰ ਮੌਸਮ ਹੈ, ਸਤੰਬਰ ਅਕਤੂਬਰ ਅੱਧ ਵਰਿੱਤਾ। ਪਿਛਲੇ ੧੦ ਸਾਲਾਂ ਤੋਂ ਟੂਰਿਜ਼ਮ ਦੀ ਮਹੱਤਤਾ ਵਧੀ ਹੈ ਤੇ ਮਸੂਰੀ ਵੀ ਨਿੱਖਰੀ ਹੈ। ਹਰ ਹੋਟਲ ਵਾਲੇ ਨੂੰ ਉਸਦਾ ਕੋਟਾ ਮਿਲ ਜਾਂਦਾ ਹੈ।

ਕੁਦਰਤ ਦੀ ਦਾਤ ਇਹ ਹੈ ਕਿ ਦਿੱਲੀਓਂ ਸਭ ਤੋਂ ਨੇੜੇ ਦਾ ਮੁਕਾਮ ੨੬੫ ਕਿਲੋਮੀਟਰ ਦੇ ਫਾਸਲੇ ਤੇ ਹੈ। ਹਿਮਾਲੀਆ ਦੀ ਸ਼ਰਿਖਲਾ ਦੇ ਪਹਾੜਾਂ ਦੀ ਮਸੂਰੀ ਵਾਲੀ ਚੋਟੀ ੬੫੦੦ ਤੋਂ ੭੫੦੦ ਫੁਟ ਤਕ ਦੀ ਉਚਾਈ ਤੇ ਹੈ। ਦਿਨੇ ਹੀ ਰਾਤ ਪਈ ਰਹਿੰਦੀ ਹੈ, ਜਿਵੇਂ ਮਸੂਰੀ ਸਦਾ ਘੁੰਡ ਹੀ ਕੱਢ ਕੇ ਰੱਖਦੀ ਹੋਵੇ। ਉੱਚੇ ਲੰਮੇ ਵਿਵਧ ਭਾਂਤ ਦੇ ਰੁੱਖ, ਦੂਰ ਦੂਰ ਤੱਕ ਦਿਸਦੀਆਂ ਪਹਾੜੀਆਂ ਦੇ ਪਿੱਛੇ ਤੇ ਉਭਰੇ ਖਲੋਤੇ ਹਨ ਜਿਵੇਂ ਬਾਬਾ ਹਿਮਾਲੀਆ ਦੇ ਹੋਮ ਹੋਣ।

ਅਸੀਂ ਸਾਰੇ ਹੀ ਸਤਿਗੁਰੂ ਜੀ ਦੀ ਉਡੀਕ ਕਰ ਰਹੇ ਹਾਂ। ਸੰਤ ਰਘੁਬੀਰ ਸਿੰਘ ਅਤੇ ਟਹਿਲ ਸਿੰਘ ੬ ਵਜੇ ਸਵੇਰ ਦੇ ਹੀ ਗੱਡੀਆਂ ਲੈ ਕੇ ਡੇਹਰਾਦੂਨ ਦੇ ਹਵਾਈ ਅੱਡੇ ਤੇ ਗਏ ਹੋਏ ਹਨ। ਇਹ ਅੱਡਾ ਸ਼ਹਿਰ ਡੇਹਰਾਦੂਨ ਤੋਂ ਵੀ ੨੧-੨੨ ਕਿਲੋਮੀਟਰ ਦੂਰ ਹੈ। ਜਹਾਜ਼ ੭.੪੫ ਤੇ ਡੇਹਰਾਦੂਨ ਪੁੱਜਦਾ ਹੈ। ਵਾਯੂ ਦੂਤ ਨਾਂ ਦੀ ਸੰਸਥਾ ਹੀ ਜਹਾਜ਼ਾਂ ਦਾ ਪ੍ਰਬੰਧ ਕਰਦੀ ਹੈ।

੧੦.੩੦ ਵਜਦੇ ਨੂੰ ਸੰਤ ਪੂਰਬਾ ਹੀ ਪਹੁੰਚਾ ਹੈ। ਪਤਾ ਲੱਗਾ ਹੈ ਕਿ ਸੱਚੇ ਪਾਤਸ਼ਾਹ ਉਸਤਾਦ ਵਲਾਇਤ ਖਾਂ ਨੂੰ ਦਰਸ਼ਨ ਦੇ ਕੇ ਆਉਣਗੇ।

ਪਲ ਪਲ ਉਡੀਕਦਿਆਂ ਨੂੰ ਸਤਿਗੁਰੂ ਜੀ ਆਪਣੀ ਗੱਡੀ ਤੇ ਜਿਸਨੂੰ ਸ. ਮਨਚੰਦਾ ਚਲਾ ਰਿਹਾ ਸੀ, ਸੇਵਕ ਬਲਦੇਵ ਸਿੰਘ ਨਾਲ ੧੧.੪੫ ਤੇ ਮਸੂਰੀ ਪਹੁੰਚ ਗਏ। ਜਿਵੇਂ ਸੂਰਜ ਚੜ੍ਹ ਪਿਆ। ਮੈਨੂੰ ਆਪ ਦੇ ਸੁਆਗਤ ਦਾ ਪ੍ਰਥਮ ਸੋਭਾਗ ਪ੍ਰਾਪਤ ਹੋਇਆ। ਸ੍ਰੀ ਸਤਿਗੁਰੂ ਜੀ ਨੇ ਦੱਸਿਆ-ਖਾਂ ਸਾਹਿਬ ਵਲਾਇਤ ਖਾਂ ਡੇਹਰਾਦੂਨ ਹੀ ਸਨ। ਉਹਨਾਂ ਨੂੰ ਮਿਲਣ ਚਲੇ ਗਏ। ਉਹਨਾਂ ਕੁਝ ਵਧੇਰੇ ਹੀ ਪ੍ਰੇਮ ਕੀਤਾ, ਰੋਕ ਲਿਆ ਤੇ ਨਾਲ ਹੀ ਇਹ ਵੀ ਕਿਹਾ-ਮੈਂ ਵੀ ਆਪ ਦੀ ਸੰਗੀਤ ਮਹਿਫ਼ਲ ਵਿਚ ਸ਼ਾਮਲ ਹੋ ਸਕਦਾ ਹਾਂ! ਮੈਂ ਕਿਹਾ, ਕਿਉਂ ਨਹੀਂ ਜਿਵੇਂ ਤੁਹਾਡੀ ਇੱਛਾ। ਉਹਨਾਂ ਕਿਹਾ, ਜਾਂ ਆਪਣਾ ਡਰਾਈਵਰ ਭੇਜ ਦਿਓ ਜਾਂ ਗੱਡੀ। ਮੈਂ ਆਪਣੀ ਗੱਡੀ ਚਲਾ ਕੇ ਮਸੂਰੀ ਨਹੀਂ ਜਾਂਦਾ। ਡਰ ਲੱਗਦਾ ਹੈ। ਰਘੁਬੀਰ ਸਿੰਘ ਨੂੰ ਓਥੇ ਹੀ ਛੱਡ ਆਏ ਹਾਂ। ਸ਼ਾਮ ਨੂੰ ਉਨ੍ਹਾਂ ਦੀ ਗੱਡੀ ਚਲਾ ਕੇ ਲੈ ਆਵੇਗਾ।

ਏਨੇ ਚਿਰ ਨੂੰ ਮਸੂਰੀ ਦਾ ਨਾਮਧਾਰੀ ਪਰਵਾਰ, ਭੈਣੀ

ਸਾਹਿਬੀਏ ਬਾਬਾ ਅਰਜਨ ਸਿੰਘ ਮਠਾੜੂ ਦੇ ਲੜਕੇ ਸ. ਮਹਿੰਦਰ ਸਿੰਘ ਉਹਦੀ ਪਤਨੀ ਤੇ ਬੱਚੇ, ਇਸਦੇ ਵੱਡੇ ਸਵਰਗਵਾਸੀ ਭਰਾ ਸ. ਉਜਾਗਰ ਸਿੰਘ ਦੀ ਵਿਧਵਾ ਤੇ ਉਸਦਾ ਨੂੰਹ ਪੁੱਤ ਦਰਸ਼ਨ ਕਰਨ ਨੂੰ ਆ ਗਏ। ਸ. ਸ਼ਿੰਗਾਰਾ ਸਿੰਘ, ਸਾਡੇ ਮਿੱਤਰ ਗੁਰਬਖਸ਼ ਸਿੰਘ ਰਾਮਪੁਰੀ ਦਾ ਦਾਮਾਦ। ਮਿਆਦੀ ਬੁਖਾਰ ਨਾਲ ਪਿਆ ਹੋਣ ਕਰਕੇ ਦਰਸ਼ਨ ਕਰਨ ਨਹੀਂ ਆ ਸਕਿਆ। ਸੱਚੇ ਪਾਤਸ਼ਾਹ ਜੀ ਨੇ ਮਸੂਰੀ ਦੇ ਸੇਵਕਾਂ ਨੂੰ ਦਰਸ਼ਨ ਦੇ ਬਚਨ ਕਰ ਖੁਸ਼ੀਆਂ ਬਖ਼ਸ਼ੀਆਂ।

ਸਤਿਗੁਰੂ ਜੀ ਦੀ ਆਮਦ ਤੋਂ ਥੋੜ੍ਹਾ ਚਿਰ ਪਿਛੋਂ ਹੀ ਇਕ ਟੈਕਸੀ ਆ ਗਈ ਜਿਸ 'ਚੋਂ ਸ੍ਰੀ ਰਾਜਨ ਮਿਸ਼ਰਾ, ਪੰ. ਦੁਰਗਾ ਲਾਲ ਕੱਥਕ, ਅਤੇ ਮੋਹਣ ਸਿੰਘ ਮਿਸ਼ਰਾ ਸ਼ਾਗਿਰਦ ਆਣ ਉੱਤਰੇ।

ਜਦੋਂ ਰਾਜਨ-ਦੁਰਗਾ ਦੇ ਕਮਰੇ ਵਿਚ ਸਾਰੇ ਕਲਾਕਾਰਾਂ ਦੀ ਰੌਣਕ ਲੱਗੀ ਹੋਈ ਸੀ, ਵਕਤ ਕੋਈ ੪ ਕੁ ਵਜੇ ਦਾ ਸੀ, ਸਤਿਗੁਰੂ ਜੀ ਅਚਾਨਕ ਅੰਦਰ ਆਏ ਹੱਸਦੇ ਹੱਸਦੇ। ਪੰ. ਦੁਰਗਾ ਲਾਲ ਨੂੰ ਪੁੱਛਿਆ-ਤੁਸਾਂ ਕਦੋਂ ਵਾਪਸੀ ਕਰਨੀ ਹੈ? ੫ ਤਾਰੀਖ ਨੂੰ ਜਾ ਕੇ। ਉਹਨਾਂ ਆਪਣਾ ਲੰਮਾ ਚੌੜਾ ਪ੍ਰੋਗਰਾਮ ਸੁਣਾ ਦਿੱਤਾ ਤੇ ਨਾਲ ਹੀ ਆਪਣੇ ੧੧ ਸਤੰਬਰ ਨੂੰ ਲਖਨਊ ਪ੍ਰੋਗਰਾਮ ਲਈ ਪਿੰਕੀ ਨੂੰ ਮੰਗ ਲਿਆ। ਸੱਚੇ ਪਾਤਸ਼ਾਹ ਜੀ ਬਚਨ ਕੀਤਾ-ਪਿੰਕੀ ਚਲਾ ਤਾਂ ਜਾਵੇਗਾ ਪਰ ਹੁਣ ਉਸਦੇ 'ਗੁਰੂ ਜੀ' (ਉਸਤਾਦ) ਨੇ ਕਿਹਾ ਹੈ ਕਿ ਕੁਝ ਸਮਾਂ ਉਹਨਾਂ ਪਾਸ ਟਿਕ ਕੇ ਲਾਵੇ, ਓਥੋਂ ਬਨਾਰਸ ਚਲਾ ਜਾਵੇਗਾ। ਏਧਰੋਂ ਹਰਭਜਨ ਸਿੰਘ ਬੋਲਿਆ-ਸਾਡੇ ਉਸਤਾਦ (ਅਮਜਦ ਅਲੀ) ਜੀ ਨਾਲ ਵੀ ਬ੍ਰਿੰਦਾਬਨ ਵਿਚ ੧੭ ਤਾਰੀਖ ਨੂੰ ਵਜਾਣਾ ਹੈ। ਸਤਿਗੁਰਾਂ ਬਚਨ ਕੀਤਾ-ਬਨਾਰਸੋਂ ਹੋ ਕੇ ਆ ਜਾਏਗਾ।

ਪੰ. ਦੁਰਗਾ ਲਾਲ ਨੇ ਫ਼ਰਮਾਇਸ਼ ਪਾਈ-ਐਤਕਾਂ ਆਪ ਜੀ ਤੋਂ ਮਲ੍ਹਾਰ ਸੁਣਨਾ ਹੈ। ਬਚਨ ਕੀਤਾ-ਜਿੰਨ ਦਿਨ ਰਹੋਗੇ ਓਨੇ ਮਲ੍ਹਾਰ ਸੁਣਾਵਾਂਗਾ। ਮਿਸ਼ਰਾ ਜੀ ਨੇ ਤਾਈਦ ਕੀਤਾ, ਫਿਰ ਤਾਂ ਦੁਰਗਾ ਲਾਲ ਜੀ ੧੯-੨੦ ਦਿਨ ਤੁਹਾਨੂੰ ਮਸੂਰੀ ਹੀ ਕੱਟਣੇ ਪੈਣਗੇ।

ਨਿੱਕੇ ਮੋਟੇ ਹੋਰ ਬਚਨ ਕਰਦਿਆਂ, ਖਲੇ ਖਲੋਤੇ ਮੁੜਨ ਲੱਗੇ ਹਰਭਜਨ ਸਿੰਘ ਨੂੰ ਬੁਲਾ ਕੇ ਲੈ ਗਏ। ਮੈਂ ਵੀ ਪਿਛੇ ਨਿਕਲ ਆਇਆ ਕਿਉਂਕਿ ਮੈਂ ਜ਼ਰਾ ਮਨਾਲੀ ਘੁੰਮਣਾ ਚਾਹੁੰਦਾ ਸਾਂ।

ਮੈਨੂੰ ਪਿੱਛੇ ਆਇਆ ਵੇਖ ਸਤਿਗੁਰੂ ਜੀ ਵਿਗਸੇ: ਹਰਭਜਨ ਨੂੰ ਤਾਂ ਮੈਂ ਸੱਦ ਕੇ ਲਿਆਇਆ ਸਾਂ। ਕਵੀ ਹੋਰੀਂ ਆਪ ਹੀ ਆ ਗਏ। ਅਤੇ ਹਜ਼ੂਰ ਨੇ ਟਹਿਲ ਸਿੰਘ ਵਾਲੀ ਜੀਪ ਵਿਚ ਇਕ ਦੋ ਹੋਰ ਸੱਜਣਾਂ ਨੂੰ ਉਤਾਰ ਮੈਨੂੰ ਵਿਚ ਬੈਠਾਣ ਦੀ ਕ੍ਰਿਪਾ ਕੀਤੀ ਅਤੇ ਗੱਡੀ ਗੁਰੂ ਨਾਨਕ ਪਬਲਿਕ ਸਕੂਲ ਨੂੰ ਚਲ ਪਈ। ਅਸਮਾਨ ਗਹਿਰਾ ਹੁੰਦਾ ਜਾਂਦਾ ਸੀ ਅਤੇ ਮਹਾਰਾਜ ਨਾਭਾ ਦਾ ਮਹੱਲ ਲੰਘ ਕੇ ਅਗਲਾ ਮੋੜ ਮੁੜੇ ਤਾਂ ਜੀਪ ਦਾ ਗੇਅਰ ਬੈਠ ਗਿਆ। ਸਾਡੀ ਗੱਲ ਹੀ ਗੁਆਚ ਗਈ।

ਸ. ਸੁਰਿੰਦਰ ਸਿੰਘ ਮਨਚੰਦਾ ਸਤਿਗੁਰੂ ਜੀ ਵਾਲੀ ਗੱਡੀ ਲੈਣ ਚਲਾ ਗਿਆ ਤਾਂ ਸਤਿਗੁਰੂ ਜੀ ਨੇ ਟਹਿਲ ਸਿੰਘ ਦੇ ਆਪੂ ਜਤਨਾਂ ਨੂੰ ਵੇਖ ਇਕ ਦੋ ਬਚਨ ਆਪਣੀ ਜ਼ਿੰਦਗੀ ਨਾਲ ਸੰਬੰਧਤ ਕੀਤੇ।

ਮਸੂਰੀ ਬਾਰੇ, ਆਪ ਜੀ ਨੇ ਦੱਸਿਆ ਕਿ ਸ੍ਰੀ ਹਜ਼ੂਰ ਓਦੋਂ ਕੇਵਲ ਤਿੰਨ ਸਾਲ ਦੇ ਸਨ ਜਦੋਂ ਮਸੂਰੀ ਆਏ। ਏਥੇ ਆਇਆਂ ਦੀ ਇਕ ਫੋਟੋ ਵੀ ਹੈ ਜਿਸ ਵਿਚ ਆਪ ਸੰਤ ਹਜ਼ਾਰਾ ਸਿੰਘ ਮਾਛੀ ਦੇ ਕੁੱਛੜ ਵਿਚ ਹਨ।

ਦੂਜੀ ਗੱਲ ਸਤਿਗੁਰੂ ਜੀ ਇਹ ਦੱਸੀ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਦੋਂ ਆਪ ਨੂੰ ਫੀਅਟ ਕਾਰ ਲੈ ਕੇ ਦਿੱਤੀ ਤਾਂ ਨਾਲ ਹੀ ਇਹ ਆਦੇਸ਼ ਕੀਤਾ ਕਿ ਇਹ ੩੦ ਮੀਲ ਤੋਂ ਵੱਧ ਸਪੀਡ ਤੋਂ ਨਹੀਂ ਚਲਾਣੀ। ਸਤਿਗੁਰੂ ਜੀ ਦੱਸਿਆ-ਜਦ ਤਕ ਉਹ ਫੀਅਟ ਮੇਰੇ ਕੋਲ ਰਹੀ ਹੈ ੩੦ ਮੀਲ ਤੋਂ ਕਦੇ ਵੱਧ ਨਾ ਚਲਾਈ। ਕਈ ਵਾਰ ਹੋਰਨਾਂ ਨੇ ਆਖਣਾ ਕਿ ਫ਼ਰਾਟੇ ਮਾਰ ਕੇ ਨੱਸਣ ਵਾਲੀ ਕਾਰ ਨੂੰ ਆਪ ਏਨੀ ਹੌਲੀ ਕਿਉਂ ਚਲਾਉਂਦੇ। ਮੈਂ ਦੱਸਣਾ, ਸਤਿਗੁਰਾਂ ਦਾ ਹੁਕਮ ਹੈ ਤੇ ਮੈਂ ਇਸ ਕਾਰ ਨੂੰ ਤਾਂ ਏਸੇ ਰਫ਼ਤਾਰ ਤੇ ਚਲਾਵਾਂਗਾ।

ਤੀਜੀ ਗੱਲ ਕਿ ਇਕ ਵਾਰ ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੋਟਰ ਸਾਈਕਲ ਲੈ ਕੇ ਦਿੱਤਾ। "ਉਹ ਮੈਨੂੰ ੨੫ ਮੀਲਾਂ ਤੋਂ ਵੱਧ ਨਾ ਚਲਾਣ ਦਾ ਆਦੇਸ਼ ਦਿੱਤਾ। ਤੇ ਜਦ ਤਕ ਮੇਰੇ ਪਾਸ ਰਿਹਾ ਉਹ ਆਪਣਾ ਪੰਝੀ ਮੀਲ ਦੀ ਰਫ਼ਤਾਰ ਤੋਂ ਅੱਗੇ ਨਹੀਂ ਵਧਣ ਦਿੱਤਾ।" ਸਤਿਗੁਰੂ ਜਗਜੀਤ ਸਿੰਘ ਜੀ ਨੇ ਦੱਸਿਆ ਤੇ ਨਾਲ ਹੀ ਫ਼ਰਮਾਇਆ-ਗੱਲ ਮਨ ਦੀ ਰਫ਼ਤਾਰ ਨੂੰ ਸਤਿਗੁਰੂ ਜੀ ਦੇ ਪਿੱਛੇ ਲਾਣ ਦੀ ਹੈ। ਜਦੋਂ ਉਨ੍ਹਾਂ ਦੇ ਹੁਕਮ ਵਿਚ ਹੀ ਸੁਖ ਲੱਗਣ ਲੱਗ ਪਏ ਮਨੁੱਖ ਲਈ ਜ਼ਿੰਦਗੀ ਦੇ ਅਰਥ ਹੀ ਬਦਲ ਜਾਂਦੇ ਹਨ।

ਸਤਿਗੁਰੂ ਜੀ ਨੇ ਇਹ ਵੀ ਦੱਸਿਆ ਕਿ ੧੯੩੯ ਵਿਚ ਜਦੋਂ ਉਹ ਮਾਤਾ ਨਿਕਲਣ ਪਿਛੋਂ ਸਿਹਤ ਬਹਾਲੀ ਲਈ ਕੁੱਲੂ ਗਏ। ਨਾਲ ਮਹਾਰਾਜ ਜੀ, ਹਰਨਾਮ ਸਿੰਘ ਕੁੰਡਾ, ਸੁੰਦਰ ਸਿੰਘ, ਉਸਤਾਦ ਨੱਥਾ ਸਿੰਘ, ਵਰਿਆਮ ਸਿੰਘ ਆਦਿ ਵੀ ਗਏ। ਇਕ ਗਊ ਵੀ ਸਾਡੇ ਪਾਸ ਸੀ। ਕੁਝ ਦਿਨ ਐਸੇ ਆਏ ਕਿ ਬਿਨਾਂ ਸੰਤ ਆਤਮਾ ਸਿੰਘ (ਪਿੰਡ ਸ਼ਾਇਦ ਭੂਰੇ ਆਸਲ ਜ਼ਿ. ਅੰਮ੍ਰਿਤਸਰ) ਜੀ ਤੋਂ ਸਭ ਨੂੰ ਬੁਖ਼ਾਰ ਹੋ ਗਿਆ। ਓਦੋਂ ਸਤਿਗੁਰੂ ਜੀ ਨੇ ਗਊ ਨੂੰ ਪੱਠੇ ਵੀ ਪਾਣੇ ਚੋਣਾ ਵੀ ਅਤੇ ਪ੍ਰਸ਼ਾਦੇ ਤਕ ਵੀ ਆਪ ਪਕਾਣੇ। ਮਹਾਰਾਜ ਬੀਰ ਸਿੰਘ ਜੀ ਵੀ ਚੇਚਕ ਤੋਂ ਪਿਛੋਂ ਸਵਾਸਥ ਲਾਭ ਕਰਨ ਹੀ ਸਤਿਗੁਰੂ ਜੀ ਨਾਲ ਗਏ ਸਨ, ਓਦੋਂ ਹੈਣ ਵੀ ਛੋਟੇ ਹੀ

ਸਨ। ਇੰਜ ਸਤਿਗੁਰੂ ਜੀ ਨੇ ਸਮਾਂ ਆਉਣ ਤੇ ਕੰਮ ਕਰਨੋਂ ਕਦੇ ਸੰਕੋਚ ਨਹੀਂ ਕੀਤਾ।

ਸਾਡੇ ਗੱਲਬਾਤ ਕਰਦਿਆਂ ਨੂੰ ਸ. ਮਨਚੰਦਾ ਇਕ ਟੈਕਸੀ ਤੇ ਦੂਜੀ ਸਤਿਗੁਰੂ ਜੀ ਵਾਲੀ ਕਾਰ ਲੈ ਆਇਆ। ਮੈਂ ਤੇ ਹਰਭਜਨ ਸਿੰਘ ਟੈਕਸੀ ਵਿਚ ਬੈਠ ਕੇ ਗੁਰੂ ਨਾਨਕ ਸਕੂਲ ਨੂੰ ਗਏ। ਸਾਡੇ ਹੋਟਲ ਤੋਂ ਲਗਭਗ ਦੋ ਕਿਲੋਮੀਟਰ ਦਾ ਫਾਸਲਾ। ਅਸਾਂ ਵੇਖਿਆ ਸਕੂਲ ਪਾਸ ਗਿਆਂ ਸਕੂਲ ਦੀ ਇਕ ਅਧਿਆਪਕਾ ਨਮਸਕਾਰ ਕਰਨ ਹਿਤ ਆਈ।

ਸ. ਮਨਚੰਦਾ ਦੇ ਦੋ ਬੱਚੇ ਲੜਕਾ ਗੁਰਮੁਖ ਸਿੰਘ ਤੇ ਪੁੱਤਰੀ ਟਵਿੰਕਲ ਇਸ ਸਕੂਲ ਵਿਚ ਪੜ੍ਹਦੇ ਹਨ। ਬੱਚੇ ਸਤਿਗੁਰੂ ਜੀ ਨੂੰ ਨਮਸਕਾਰ ਕਰਨ ਆਏ। ੫-੪ ਹੋਰ ਕੁੜੀਆਂ ਵੀ ਆਈਆਂ, ਸ਼ਾਇਦ ਨਾਮਧਾਰੀਆਂ ਦੀਆਂ ਧੀਆਂ ਹੋਣ...ਤੇ ਏਥੇ ਹੀ ਬਰਸਾਤ ਸ਼ੁਰੂ ਹੋ ਗਈ।

ਸਾਡੀ ਟੈਕਸੀ ਦੇ ਮਾਲਕ ਸ. ਜੀ ਨੇ ਇਕ ਰਾਜ਼ ਦੀ ਗੱਲ ਦੱਸੀ ਕਿ ਅੱਗੇ ਸਿੰਘ ਬੇਧਿਆਨੀ ਵਿਚ ਮਾਰੇ ਗਏ ਹਨ। ਹੁਣ ਹਰੇਕ ਪਾਸ ਕਾਨੂੰਨੀ ਜਾਂ ਬੇ-ਕਾਨੂੰਨੀ ਅਸਲਾ ਹੈ, ਮਾਰਨ ਆਇਆਂ ਨੂੰ ਮਜ਼ਾ ਚਖਾ ਕੇ ਹੀ ਮਰਨਗੇ।

ਬੱਚਿਆਂ ਨੂੰ ਨਾਲ ਲਿਆਂਦਾ ਤਾਂ ਗੁਰਮੁਖ ਸਿੰਘ ਮਨਚੰਦਾ ਸਾਡੇ ਨਾਲ ਬੈਠਾ। ਉਸ ਦੱਸਿਆ ਕਿ ਸਕੂਲ ਵਿਚ ਨੀਲਾ ਪਹਿਨਣ ਦੀ ਮਜਬੂਰੀ ਹੈ, ਅਸਾਂ ਅਰਜ਼ ਕਰਨੀ ਹੈ। ਸਾਡਾ ਸਕੂਲ ਉਹ ਹੋਵੇ ਜਿਥੇ ਚਿੱਟੇ ਕੱਪੜੇ ਹੀ ਪਾਏ ਜਾਣ। ਚੌਥੀ ਪੰਜਵੀਂ ਵਿਚ ਪੜ੍ਹਦੇ ਬੱਚੇ ਦੇ ਸੰਸਕਾਰਾਂ ਨੂੰ ਹੁਣ ਤੋਂ ਹੀ ਨਾਮਧਾਰੀਆਂ ਵਾਲੀ ਸੇਧ ਮਿਲੀ ਹੋਈ ਸੀ।

ਮਹਾਰਾਜਾ ਨਾਭਾ ਦੀ ਕੋਠੀ ਮੁਰੰਮਤ ਅਧੀਨ ਹੋਣ ਕਰਕੇ ਰਿਹਾਇਸ਼ ਲਈ ਪਰਵਾਨ ਨਹੀਂ ਕੀਤੀ ਗਈ। ਸਤਿਗੁਰੂ ਜੀ ਦੱਸਿਆ। ਅਸੀਂ ਕੋਲ ਦੀ ਲੰਘੇ ਤਾਂ ਸਤਿਗੁਰੂ ਦੱਸਿਆ ਵੀ ਪਰ ਉਹ ਸਾਨੂੰ ਨਜ਼ਰੀਂ ਨਹੀਂ ਪੈ ਸਕੀ।

ਬਰਸਾਤ ਦੀ ਕਿਣਮਿਣ ਸਾਡੇ ਗਾਂਧੀ ਚੌਕ ਆਉਣ ਤਕ ਰੁਕ ਗਈ ਅਤੇ ਸਤਿਗੁਰੂ ਜੀ ਹਰਭਜਨ ਸਿੰਘ ਨੂੰ ਨਾਲ ਬੈਠਾ ਕੇ ਸੰਤ ਸ਼ਿੰਗਾਰਾ ਸਿੰਘ ਮਸੂਰੀ ਦੇ ਘਰ ਪਤਾ ਕਰਨ ਲਈ ਆਈ ਕਾਰ ਤੇ ਚਲੇ ਗਏ।

ਸ਼ਾਮੀ ੬.੦੦ ਵੱਜੇ ਤਾਂ ਉਪਰਲੀ ਛੱਤੇ, ਸਤਿਗੁਰੂ ਜੀ ਦੇ ਕਮਰੇ ਦੇ ਸਾਹਵੇਂ ਦੇ ਹਾਲ ਵਿਚ ਕੀਰਤਨ ਦੀ ਤਿਆਰੀ ਹੋਣ ਲੱਗੀ। ਸੱਚੇ ਪਾਤਸ਼ਾਹ ਆਸਣ ਤੇ ਸ਼ੋਭਨੀਕ ਸਨ ਕਿ ਸ. ਅਵਤਾਰ ਸਿੰਘ ਘੁੰਮਣ ਨੇ ਆ ਮੱਥਾ ਟੇਕਿਆ। ਇਸਦੇ ਨਾਲ ਗੁਰਦੇਵ ਸਿੰਘ ਨੰਬਰਦਾਰ ਸੰਤ ਨਗਰ ਤੇ ਗੁਰੂ ਕਾ ਲਾਂਗਰੀ ਸਤਨਾਮ ਸਿੰਘ ਵੀ ਆਏ ਹਨ। ਇਹ ਸਵੇਰੇ ੯ ਵਜੇ ਦੇ ਬਸ ਦੁਆਰਾ ਚੱਲੇ ਹੋਏ ਹੁਣ ਜਾ ਕੇ ਮਸੂਰੀ ਅੱਪੜੇ ਹਨ।

੬.੧੫ ਵਜਦੇ ਨੂੰ ਉਸਤਾਦ ਵਲਾਇਤ ਖਾਨ ਵੀ ਆਪਣੀ ਪਤਨੀ, ਪੁੱਤਰੀ, ਜ਼ਿਲ੍ਹਾ ਦੇ ਛੋਟੇ ਪੁੱਤਰ ਹਦਾਇਤ ਹੁਸੈਨ ਨਾਲ ਆ ਗਏ। ਨਮਸਕਾਰ ਕੀਤੀ। ਇਕ ਬੱਚਾ ਖਾਂ ਸਾਹਿਬ ਨਾਲ ਹੋਰ ਵੀ ਸੀ। ਸ਼ਾਗਿਰਦ ਦਾ ਭਤੀਜਾ ਨਾਰਾਇਣ ਬੈਨਰਜੀ। ਰਘੁਬੀਰ ਸਿੰਘ ਦੀ ਡਰਾਈਵਿੰਗ ਦੀ ਸਤਿਗੁਰੂ ਜੀ ਨੇ ਖਾਂ ਸਾਹਿਬ ਪਾਸ ਤਾਰੀਫ਼ ਕੀਤੀ-ਮੇਰਾ ਖਿਆਲ ਹੈ ਆਪ ਨੂੰ ਅੱਛੀ ਤਰ੍ਹਾਂ ਲਿਆਇਆ ਹੋਵੇਗਾ ਇਸਨੇ ਬਹੁਤ ਸਮਾਂ ਇੰਗਲੈਂਡ ਵਿਚ ਬੱਸ ਡਰਾਈਵਰੀ ਕੀਤੀ ਹੈ।

ਸ੍ਰੀ ਰਾਜਨ ਮਿਸ਼ਰਾ, ਪੰ. ਦੁਰਗਾ ਲਾਲ ਵੀ ਦੀਵਾਨ ਸਥਾਨ ਆ ਗਏ। ਮਸੂਰੀ ਪਰਿਵਾਰ ਵੀ ਮੀਂਹ ਹਨੇਰੇ ਦੀ ਪਰਵਾਹ ਨਾ ਕਰਕੇ ਸ੍ਰੀ ਸਤਿਗੁਰੂ ਜੀ ਦੇ ਚਰਨ ਅਤੇ ਦਰਸ਼ਨ ਪਰਸਨ ਆ ਗਏ।

ਹੋਟਲ ਹੀ ਗੁਰਦੁਆਰਾ ਬਣ ਗਿਆ ਸੀ। ਸ੍ਰੀ ਸਤਿਗੁਰੂ ਜੀ ਦਰਸ਼ਨ ਦੇ ਰਹੇ ਅਤੇ ਸੰਗਤ ਫੈਜ਼ਯਾਬ ਹੋ ਰਹੀ ਸੀ। ਸ੍ਰੀ ਸਤਿਗੁਰੂ ਜੀ ਨੇ ਕੀਰਤਨ ਦਾ ਸ਼ਬਦ, ਪ੍ਰਥਮ ਮਧ ਕੈਟ ਮਧ ਮਥਨ ਮਹਖਾਸੁਰੇ ਮਾਨ ਮਰਦਨ ਕਰਨ ਤਰਕ ਬਰ ਬੰਦਸ਼ ਦੀਆਂ ਸਾਰੀਆਂ ਤੁਕਾਂ ਗੁਣੀ ਕਲਾਕਾਰਾਂ ਨੂੰ ਸੁਣਾਈਆਂ ਸਮਝਾਈਆਂ ਅਤੇ ਫਿਰ ਦਸ਼ਮੇਸ਼ ਦੇ ਏਸ ਕਬਿੱਤ ਨੂੰ ਸਾਹਮਣੇ ਬੈਠੇ ਕਲਾਕਾਰਾਂ, ਬਲਜੀਤ ਸਿੰਘ, ਮੋਹਣ ਸਿੰਘ, ਸੁਖਦੇਵ ਸਿੰਘ ਨੇ ਪਿੰਕੀ ਦੀ ਤਬਲਾ ਸੰਗਤ ਨਾਲ ਭੀਮ ਪਲਾਸੀ ਵਿਚ ਗੰਵਿਆ। ਧਰੁਪਦ ਬੜਾ ਨਿੱਠ ਕੇ ਗੰਵਿਆ ਗਿਆ। ਵੱਡੇ ਕਲਾਕਾਰ ਪ੍ਰਸੰਨ ਹੋਏ। ਫਿਰ ਕੀਰਤਨ ਦੀ ਅਰਦਾਸ ਪੂਰਬਾ ਨੇ ਕਰ ਦਿੱਤੀ।

ਅਤੇ ਸੰਗੀਤ ਸਭਾ ਜਾਰੀ ਹੋਈ

ਸ੍ਰੀ ਸਤਿਗੁਰੂ ਜੀ ਨੇ ਵਲਾਇਤ ਖਾਂ ਸਾਹਿਬ ਨੂੰ ਸ਼ੁਧ ਮਲ੍ਹਾਰ ਦੀ ਲੱਭਤ ਦੀ ਗਾਥਾ ਸੁਣਾਈ ਤੇ ਦੱਸਿਆ ਕਿਵੇਂ ਬੱਚੇ ਤਿੰਨ ਦਿਨ ਤਕ ਇਸ ਨੂੰ ਅਭਿਆਸ ਕਰਦਿਆਂ ਇਸ ਸਿੱਟੇ ਤੇ ਪੁੱਜੇ ਕਿ ਇਹ ਦੁਰਗਾ ਨਹੀਂ ਮਲ੍ਹਾਰ ਹੀ ਹੈ। ਨਹੀਂ ਤਾਂ ਬਲਜੀਤ ਹੁਰੀਂ ਦੁਰਗਾ ਹੀ ਦੁਰਗਾ ਕਹਿੰਦੇ ਰਹੇ। ਜਦੋਂ ਉਹਨਾਂ ਹੀ ਸੁਰਾਂ ਤੇ ਮਲ੍ਹਾਰ ਉਜਾਗਰ ਹੋਇਆ ਤਾਂ ਜਾ ਕੇ ਤੀਜੇ ਦਿਨ ਮੰਨੇ।

ਫਿਰ ਧਰੁਪਦ ਸ਼ੁਧ ਮਲ੍ਹਾਰ ਜਾਰੀ ਹੋਇਆ। ਬੱਚੇ ਗਾ ਰਹੇ ਸਨ। ਖਾਂ ਸਾਹਿਬ, ਰਾਜਨ ਅਤੇ ਦੁਰਗਾ ਲਾਲ ਜੀ ਇਕਾਗਰਚਿੱਤ ਹੋ ਸੁਣ ਸਮਝ ਰਹੇ ਸਨ। ਠੀਕ ਸੁਰਾਂ ਵਿਚ ਮਲ੍ਹਾਰ ਦਾ ਧਰੁਪਦ ਖ਼ਤਮ ਹੋਇਆ ਤਾਂ ਖਾਂ ਸਾਹਿਬ ਨੇ ਸ਼ੁਧਤਾ ਦੀ ਦਾਦ ਇਨ੍ਹਾਂ ਸ਼ਬਦਾਂ ਵਿਚ ਦਿੱਤੀ। ਹਜ਼ੂਰ, ਪਹਿਲੇ ਭੀ ਜਬ ਕਭੀ ਕਿਸੀ ਰਾਗ ਪਰ ਤਕਰਾਰ ਹੋਤਾ-ਕੋਈ ਕਹਿਤਾ ਮਲ੍ਹਾਰ ਐਸੇ ਨਹੀਂ ਐਸੇ ਹੈ, ਦੂਸਰਾ ਕਹਿਤਾ

ਐਸਾ ਹੈ ਤੀਸਰਾ ਆਪਨੇ ਹੀ ਸੁਰੋਂ ਮੇਂ ਪੇਸ਼ ਕਰਤਾ ਤੋਂ ਫੈਸਲਾ ਇਸ ਬਾਤ ਪੇ ਹੋਤਾ ਕਿ ਜੋ ਕੋਈ ਜੈਸੇ ਸੁਰ ਲਗਾਤਾਰ ਗਾਤਾ ਹੈ ਜ਼ਿੰਦਗੀ ਭਰ ਵੁਹ ਵੈਸੇ ਹੀ ਨਿਭਾਤਾ ਹੈ। ਉਸ ਕੀ ਗਵਾਇਸ਼ ਮੇਂ ਫ਼ਰਕ ਤੋਂ ਨਹੀਂ ਪੜਤਾ, ਤਬ ਉਸ ਕੋ ਭੀ ਸ਼ੁਧ ਮਾਨਾ ਜਾਤਾ। ਬੱਚੋਂ ਨੇ ਜਿਨ ਸੁਰੋਂ ਕੋ ਸ਼ਕਲ ਦੀ ਵੁਹੀ ਅੰਤ ਤਕ ਚਲਤੇ ਰਹੇ ਹੈਂ। ਦਰਬਾਰੀ ਮੇਂ ਭੀ ਸੁਰੋਂ ਕਾ ਝਮੇਲਾ ਛਿੜਾ ਤੋਂ ਇਸੀ ਢੰਗ ਪੇ ਉਸ ਕੋ ਭੀ ਤਸਲੀਮ ਕੀਆ ਗਇਆ।

ਗੱਲਬਾਤ ਦੇ ਅੰਤ ਤੇ ਸ੍ਰੀ ਸਤਿਗੁਰੂ ਜੀ ਨੇ ਗੁਣੀ ਜਨਾਂ ਨੂੰ ਇਕ ਤਿੰਨ ਤਾਲਾ ਬੰਦਸ਼ ਸੁਣਾਨ ਵਾਸਤੇ ਜਵਾਨ ਕਲਾਕਾਰਾਂ ਨੂੰ ਆਦੇਸ਼ ਦਿੱਤਾ। ਸ਼ੁਧ ਮਲ੍ਹਾਰ ਵਿਚ ਹੀ ਗੁਰਬਾਣੀ ਦਾ ਇਹ ਸ਼ਬਦ ਗਾਇਆ ਜਾਣ ਲੱਗਾ-

ਸਾਵਣੁ ਆਇਆ ਹੇ ਸਖੀ
ਜਲਹਰੁ ਬਰਸਨਹਾਰੁ।
ਨਾਨਕ ਸੁਖਿ ਸਵਨਿ ਸੋਹਾਗਣੀ
ਜਿਨ ਸਹ ਨਾਲਿ ਪਿਆਰੁ।

ਸ਼ਬਦ ਸਮਾਪਤੀ ਤੇ ਸਤਿਗੁਰੂ ਜੀ ਨੇ ਇਸਦੀ ਉਤਪਤੀ ਦੱਸੀ। ਅਰਥਾਤ ਸਤਿਗੁਰੂ ਜੀ ਓਦੋਂ ਤਨਜ਼ਾਨੀਆ ਸਨ (ਪਿਛਲੇ ਜੂਨ-ਜੁਲਾਈ ਦੇ ਦਿਨੀਂ) ਉਸਤਾਦ ਪਿਆਰਾ ਸਿੰਘ ਦਿੱਲੀ ਵਾਲੇ ਇੰਗਲੈਂਡ ਵਿਚ ਸਨ। ਟੈਲੀਫੋਨ ਤੇ ਹੀ ਇਸ ਸ਼ਬਦ ਦੀਆਂ ਸੁਰਾਂ ਦਾ ਮਿਲ ਕੇ ਸੰਬੋਧਨ ਕੀਤਾ ਗਿਆ।

ਸ਼ਬਦ ਬੰਦਸ਼ ਨੂੰ ਅਤੇ ਪਹਿਲੇ ਨਿਸਚਿਤ ਸ਼ੁਧ ਮਲ੍ਹਾਰ ਦੀਆਂ ਸੁਰਾਂ ਵਿਚ ਇਸਦੇ ਜੋੜ ਨੂੰ ਸਭ ਨੇ ਹੀ ਖ਼ੂਬ ਸਲਾਹਿਆ।

੭.੩੫ ਸ਼ਾਮ ਦੇ ਹੋਏ ਤਾਂ ਸ੍ਰੀ ਸਤਿਗੁਰੂ ਜੀ ਨੇ ਪੰ. ਦੁਰਗਾ ਲਾਲ ਜੀ ਨੂੰ ਸੰਕੇਤ ਕੀਤਾ ਕਿ ਉਹ ਕਿਰਪਾ ਕਰਨ। ਪ੍ਰੌਢ ਕਲਾਕਾਰ ਨੇ ਅਸਮਾਨੀ ਰੇਸ਼ਮੀ ਮੋਟੇ ਖੱਦਰ ਦਾ ਕੁਰਤਾ ਤੇ ਫੈਲਵੀ ਧੋਤੀ ਪਹਿਨੇ ਹੋਏ ਸਨ। ਉਹ ਸਾਹਮਣੇ ਆ ਗਏ। ਸੁਰ ਹੋਣ ਲੱਗੇ ਮ੍ਰਿਦੰਗ ਅਤੇ ਪਿੰਕੀ ਦਾ ਤਬਲਾ। ਸ੍ਰੀ ਸਤਿਗੁਰੂ ਜੀ ਦੇ ਵਿਸ਼ੇਸ਼ ਆਦੇਸ਼ ਤੇ ਇਕ ਮ੍ਰਿਦੰਗ ਪੂਨੇ ਤੋਂ ਹਵਾਈ ਯਾਤਰਾ ਕਰ ਦਿੱਲੀ ਤੇ ਦਿੱਲੀਓਂ ਸਾਡੇ ਨਾਲ ਮਸੂਰੀ ਪੁੱਜਾ ਸੀ। ਪਰ ਜਿਸ ਕਲਾਕਾਰ ਵਾਸਤੇ ਇਹ ਉਚੇਚਾ ਮੰਗਵਾਇਆ ਗਿਆ ਸੀ, ਉਹ ਪੰ. ਦੁਰਗਾਲਾਲ ਤਾਂ ਉਸ ਦੇ ਪੁੜੇ ਨੂੰ ਛੇੜਦਿਆਂ ਹੀ ਉਸਦੀ 'ਰਿਣ-ਰਿਣ' ਸੁਣ ਕੇ ਪਰੇਸ਼ਾਨ ਹੋ ਗਿਆ। ਉਹ ਇਕ ਪਾਸੇ ਰੱਖ ਦਿੱਤਾ ਗਿਆ। ਉਸਨੇ ਆਪਣਾ ਮਾਂਗਵਾਂ ਲਿਆਂਦਾ ਮ੍ਰਿਦੰਗ ਸੁਰ ਕੀਤਾ।

ਉਸਦਾ ਆਪਣਾ ਮ੍ਰਿਦੰਗ ਤਾਂ ਅਜੇ ਵੀ ਵਲਾਇਤ ਵਿਚ ਹੀ ਕਿਧਰੇ ਖੋ ਗਿਆ ਹੈ।

ਬਸ ਫਿਰ ਦੋਵੇਂ ਉਸਤਾਦ ਕਲਾਕਾਰ ਅਤੇ ਨੌਜਵਾਨ ਕਲਾਕਾਰ ਵਾਰੋਵਾਰੀ ਧੁਮ ਕਿਟ ਧਿਰਕਿਟ ਕਰਦੇ ਸਾਜ਼ਾਂ ਤੇ ਅਦਭੁਤ ਬੋਲ ਕੱਢਦੇ ਪਿਆਰੀ ਭਿੜੰਤ ਕਰਨ ਲੱਗੇ। ਵਾਜੇ ਤੇ ਨਗਮਾ ਬਲਜੀਤ ਸਿੰਘ ਦਿੰਦਾ ਰਿਹਾ।

ਅੱਧਾ ਘੰਟਾ ਇਸ ਤਰ੍ਹਾਂ ਦੀ ਸ਼ਾਨਦਾਰ ਮ੍ਰਿਦੰਗ ਵੇਖਣ ਸੁਣਨ ਤੋਂ ਪਿਛੋਂ ਬੱਤੀਆਂ ਗੁੱਲ ਹੋ ਗਈਆਂ। ਦਰਸ਼ਕਾਂ-ਸਰੋਤਿਆਂ ਅਤੇ ਕਲਾਕਾਰਾਂ ਨੇ ਘੋਰ ਹਨੇਰੇ ਵਿਚ ਬੈਠ ਕੇ ਵੀ ਪੰਜ-ਸੱਤ ਮਿੰਟ ਅਨੰਦ ਲੁਟਿਆ। ਫੇਰ ਕਿਤੇ ਬੈਟਰੀ ਅਤੇ ਮੋਮਬਤੀਆਂ ਦਾ ਚਾਨਣ ਹੋਇਆ।

ਲਗਭਗ ਘੰਟਾ ਭਰ ਦੁਹਾਂ ਧਿਰਾਂ ਵਲੋਂ ਤਬਲੇ ਤੇ ਮ੍ਰਿਦੰਗ ਤੇ ਚਮਤਕਾਰੀ ਬੋਲਾਂ ਦਾ ਰਸ ਲੈਣ ਪਿਛੋਂ ਸ੍ਰੀ ਦੁਰਗਾ ਲਾਲ ਨੇ ਜ਼ਬਾਨੀ ਬੋਲਾਂ ਦੀ ਝੜੀ ਲਾ ਦਿੱਤੀ। ਏਨੀ ਤੇਜ਼ ਰਫ਼ਤਾਰੀ ਨਾਲ ਪੜ੍ਹਤ ਹੋ ਰਹੀ ਸੀ ਜਿਵੇਂ ਮਸ਼ੀਨੀ ਆਰੀ ਸ਼ਬਦਾਂ ਨੂੰ ਕੱਟ ਕੱਟ ਸੁੱਟੀ ਜਾ ਰਹੀ ਹੋਵੇ।

ਸਾਹਮਣੇ ਸ੍ਰੀ ਸਤਿਗੁਰੂ ਜੀ ਜੈਸਾ ਗੁਣਵਾਨ ਤੇ ਕਦਰਦਾਨ ਮੁੱਖ ਸਰੋਤਾ, ਫਿਰ ਖਾਂ ਸਾਹਿਬ ਜੈਸਾ ਬਜ਼ੁਰਗ ਤੇ ਵਿਸ਼ਵ ਪ੍ਰਸਿੱਧ ਕਲਾਕਾਰ ਬੈਠਾ ਹੋਵੇ ਤਾਂ ਗੁਣਵਾਨ ਨੂੰ ਬਦੋਬਦੀ ਆਪਣੇ ਖਜ਼ਾਨੇ ਖੁਲ੍ਹਦੇ ਜਾਪਦੇ ਹਨ। ਇਕ ਤੋਂ ਇਕ ਚੜ੍ਹੰਦੀਆਂ ਪਰਨਾਂ, ਮੁਖੜੇ, ਚੱਕਰੀਆਂ ਅਤੇ ਠਾਠਾਂ ਦਾ ਇਕ ਦਰਿਆ ਹੀ ਵਹਿ ਤੁਰਿਆ। ਓਧਰੋਂ ਦਾਦ ਦੇਣ ਵਾਲੇ ਵਾਹਵਾ-ਆਹਾ ਹਾਹਾ ਕਿਆ ਬਾਤ ਕਹਿੰਦੇ ਕਲਾਕਾਰ ਨੂੰ ਹੋਰ ਵੀ ਨਿਖਰਨ ਲਈ ਜਿਵੇਂ ਉਤੇਜਿਤ ਕਰ ਰਹੇ ਹੋਣ। ਸ੍ਰੀ ਰਾਜਨ ਤਾਂ ਭਲਾ ਵੈਸੇ ਹੀ ਦੁਰਗਾ ਲਾਲ ਜੀ ਦੇ ਜੁਟ ਦੇ ਹੋਏ।

੯.੦੦ ਵਜ ਗਏ ਰਾਤ ਦੇ। ਬਾਹਰ ਬਰਸਾਤ ਕਿੰਨੀ ਵਾਰੀ ਆਈ ਤੇ ਗਈ। ਏਨੇ ਚਿਰ ਨੂੰ ਰੋਸ਼ਨੀ ਵੀ ਆ ਗਈ ਸੀ। ਖਾਂ ਸਾਹਿਬ ਮੁਗਧਮਨ ਬੋਲੇ-ਹੋਰ ਵੀ ਬਹੁਤ ਕਲਾਕਾਰ ਸੁਣੇ ਹਨ ਪਰ ਦੁਰਗਾ ਲਾਲ ਜੀ ਦਾ ਰੰਗ ਨਿਆਰਾ ਹੀ ਹੈ। ਕਿਆ ਨਫਾਸਤ ਹੈ ਹੱਥਾਂ ਵਿਚ ਤੇ ਕਿਆ ਸ਼ੁਧਤਾ ਹੈ? ਕੰਠ ਬੋਲਾਂ ਵਿਚ।

ਸ੍ਰੀ ਸਤਿਗੁਰੂ ਜੀ ਮੁਸਕਰਾਏ-ਦੁਰਗਾ ਲਾਲ ਜੀ ਫੋਰ ਇਨ ਵਨ ਹਨ।

ਕਲਾਕਾਰ ਹੱਥ ਜੋੜੀ ਪ੍ਰਸ਼ੰਸਾ ਅਤੇ ਬਖ਼ਸ਼ਸ਼ ਨੂੰ ਸਨਿਮਰ ਭਾਵ ਨਾਲ ਪ੍ਰਾਪਤ ਕਰ ਰਿਹਾ ਸੀ।

ਮਹਿਫਲ ਸਮਾਪਤੀ ਤੇ ਸੱਚੇ ਪਾਤਸ਼ਾਹ ਜੀ ਨੇ ਉਸਤਾਦ ਵਲਾਇਤ ਖਾਂ ਸਾਹਿਬ ਨੂੰ ਪੁੱਛਿਆ-ਕਿਵੇਂ ਚਾਹੁੰਦੇ ਹੋ ਆਪ, ਵਾਪਸ ਜਾਣਾ ਜਾਂ ਏਥੇ ਹੀ ਰਹਿਣਾ।

ਭਾਰਤ ਦਾ ਮਾਇਆ ਨਾਜ਼ ਤੇ ਸਿਰਮੌਰ ਕਲਾਕਾਰ (੫੮) ਹੱਥ ਜੋੜ ਬੋਲਿਆ-ਜੈਸੇ ਹਜ਼ੂਰ ਕਾ ਹੁਕਮ, ਮੈਂ ਤੋਂ ਆਪ ਕਾ ਗੁਲਾਮ ਹੂੰ!



ਸ੍ਰੀ ਸਤਿਗੁਰੂ ਜੀ, ਸ੍ਰੀ ਪ੍ਰੀਤਮ ਸਿੰਘ ਕਵੀ ਨਾਲ ਬਚਨ ਬਿਲਾਸ ਕਰਦੇ ਹੋਏ।

ਸਤਿਗੁਰੂ ਜੀ ਨੇ ਰਾਤ ਹੋਟਲ ਵਿਚ ਹੀ ਠਹਿਰਨ ਦਾ ਆਦੇਸ਼ ਦਿੱਤਾ ਅਤੇ ਸ. ਸੁਰਿੰਦਰ ਸਿੰਘ ਮਨਚੰਦਾ ਨੂੰ ਪ੍ਰਬੰਧ ਕਰਨ ਲਈ ਬਚਨ ਕੀਤਾ। ਆਪ ਜੀ ਆਰਾਮ ਕਰਨ ਚਲੇ ਗਏ। ਤੇ ਕਲਾਕਾਰ ਆਪਸ ਵਿਚ ਦੀ ਵਿਚਾਰ ਵਟਾਂਦੇ ਆਪਣੇ ਆਪਣੇ ਕਮਰਿਆਂ ਵਲ।

ਸ. ਮਨਚੰਦਾ ਹੀ, ਅਸਲ ਵਿਚ ਮਸੂਰੀ ਪ੍ਰੋਗਰਾਮ ਦਾ ਨਿਯੋਜਕ ਹੈ।

ਲੰਗਰ ਦਾ ਇੰਤਜ਼ਾਮ ਵੀ ਹੋਟਲ ਦੇ ਇਕ ਕਮਰੇ ਵਿਚ ਆਪਣਾ ਹੈ-ਸੋਧ ਦਾ ਲੰਗਰ। ਸੰਤ ਧਰਮਪਾਲ ਸਿੰਘ ਮੰਡੀ ਅਤੇ ਉਨ੍ਹਾਂ ਦੀ ਮਾਤਾ ਬੀਬੀ ਹਰਭਜਨ ਕੌਰ ਸੁਪਤਨੀ ਸੰਤ ਪਿਆਰਾ ਸਿੰਘ ਸੇਵਾ ਭਾਵਨਾ ਤੇ ਪ੍ਰੇਮ ਨਾਲ ਲੰਗਰ ਕਰਦੇ ਤੇ ਛਕਾਂਦੇ ਹਨ। ਦੁੱਧ ਮਸੂਰੀ ਵਾਲਾ ਨਾਮਧਾਰੀ ਪਰਵਾਰ ਲਿਆ ਦਿੰਦਾ ਹੈ। ਰਾਸ਼ਨ ਦਿੱਲੀਓਂ ਆ ਗਿਆ ਸੀ। ਸਬਜ਼ੀ ਤਾਜ਼ੀ ਤੋਂ ਤਾਜ਼ੀ ਮਸੂਰੀਓਂ ਮਿਲ ਜਾਂਦੀ ਹੈ।

ਉਸਤਾਦ ਹਰਭਜਨ ਸਿੰਘ ਨੇ ਇਹ ਦੱਸਿਆ ਕਿ ਸ੍ਰੀ ਰਾਜਨ ਮਿਸ਼ਰਾ ਕਹਿਣ ਲੱਗੇ ਸਤਿਗੁਰੂ ਜੀ ਅੰਤਰਜਾਮੀ ਹਨ। ਮੇਰਾ ਜੀ ਅੱਜ ਗਾਉਣ ਤੇ ਨਹੀਂ ਸੀ ਕਰਦਾ ਤੇ ਮੈਂ ਪੰ. ਦੁਰਗਾ ਲਾਲ ਨੂੰ ਦੱਸ ਦੱਸ ਕੇ ਹੋਰ ਹੋਰ ਚੀਜ਼ਾਂ ਸੁਣਨ ਲਈ ਕਹਿ ਰਿਹਾ ਸਾਂ। ਸਤਿਗੁਰੂ ਜੀ ਨੇ ਸਭਾ ਅੰਤ ਉਤੇ ਕਿਹਾ-ਰਾਜਨ ਬਹੁਤ ਹੁਸ਼ਿਆਰ ਆਦਮੀ ਹੈ। ਇਹ ਦੁਰਗਾ ਲਾਲ ਨੂੰ ਤਾਂ ਹੋਰ ਹੋਰ ਪ੍ਰੇਰਦਾ ਰਿਹਾ ਹੈ ਤਾਂਕਿ ਅੱਜ ਦੀ ਸ਼ਾਮ ਇਹ ਗਾਉਣੋਂ ਬਚ ਰਹੇ।


ਰਾਤ ੧੧.੩੦ ਵਜੇ ਜਾ ਬਿਰਾਜੇ।

ਸ੍ਰੀ ਸਤਿਗੁਰੂ ਜੀ ਨੇ ਅੱਜ ਜੋ ਸ਼ੁਧ ਮਲ੍ਹਾਰ, ਜਵਾਨ ਕਲਾਕਾਰਾਂ ਨਾਲ ਮਿਲ ਕੇ ਗਾਈ। ਇਹ ਮਾਅਰਫੁਨ ਨਗਮਾਤ ਵਿਚੋਂ ਲਈ ਗਈ ਹੈ। ਇਸਨੂੰ ਕਿਸੇ ਮੁਹੰਮਦ ਅਲੀ ਸਾਹਿਬ ਨੇ ਗੰਵਿਆ ਹੈ। ਅਤੇ ਇਸ ਦੀ ਬੰਦਸ਼ ਦੇ ਬੋਲ ਇਸ ਪ੍ਰਕਾਰ ਹਨ-

ਅਸਥਾਈ-ਕਨਕ ਬਰਨ ਬ੍ਰਿਜ ਰਛਨ ਬਛਨ ਕਾਰੇ ਕੌਬਨ ਬਿਸਥਾਰ, ਪਰਸੇ ਬਾਰ।

ਅੰਤਰਾ- ਸਨਮੁਖ ਧਾਏ ਚਪਲਾ ਆਧਾਰ ਮਹਾ ਮੇਘ ਬਨ ਬੇ ਸ਼ੁਮਾਰ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ੯੩ਵੇਂ ਪ੍ਰਕਾਸ਼ ਦਿਵਸ ਦੀਆਂ ਲੱਖ-ਲੱਖ ਮੁਬਾਰਕਾਂ !



ਸ੍ਰੀ ਸਤਿਗੁਰੂ ਜੀ ਸੁਰਜੀਤ ਸਿੰਘ ਜੀਤ ਨੂੰ ਸਨਮਾਨ ਬਖ਼ਸ਼ਦੇ ਹੋਏ

CONGRATULATIONS

ON BLISSFUL AUSPICIOUS PARKASH DIWAS OF :

H.H. SHRI SATGURU JAGJIT SINGH JEE

From

SURJEET SINGH JEET

H.H. Shri Satguru Jagjit Singh Ji Library

36 Margery Park Road, Forest Gate, London E7 9JY

ਵੱਲੋਂ :

ਸੁਰਜੀਤ ਸਿੰਘ ਜੀਤ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਲਾਇਬ੍ਰੇਰੀ ਤੇ ਸੱਚ ਸੈਂਟਰ *(ਯੂ.ਕੇ.)*

ਹੈਰੋਇਨ

ਇਤਿਹਾਸ ਤੇ ਭਵਿਖ



ਡਾ: ਹਰਸ਼ਿੰਦਰ ਕੌਰ,
ਐਮ ਡੀ



ਲਾਲ ਪਰੀ ਤੋਂ ਵੀ ਜ਼ਿਆਦਾ ਨਸ਼ੀਲੀ, ਫਿਲਮੀ ਹੀਰੋਈਨ ਵਾਂਗ ਖਿਚ ਪਾਉਣ ਵਾਲੀ, ਜ਼ਿੰਦਗੀ ਨੂੰ ਧੂੰਏਂ ਵਾਂਗ ਉਡਾ ਦੇਣ ਵਾਲੀ ਅਤੇ ਸਰੀਰ ਨੂੰ ਪੂਰੀ ਤਰ੍ਹਾਂ ਖੋਰਾ ਲਾਉਣ ਵਾਲੀ ਇਸ ਕਲਮੂੰਹੀਂ ਬਾਰੇ ਯੂਨਾਈਟਿਡ ਨੇਸ਼ਨਜ਼ ਨੇ ਸੰਨ ੨੦੧੧ ਤਕ ਦੀ ਕੀਤੀ ਜਾ ਚੁੱਕੀ ਖੋਜ ਰਾਹੀਂ ਖੁਲਾਸਾ ਕੀਤਾ ਹੈ ਕਿ ਹੈਰੋਇਨ ਵਾਸਤੇ ਕਦੇ ਸਿਰਫ ਇਕ ਲਾਂਘਾ ਸਮਝਿਆ ਜਾ ਰਿਹਾ ਭਾਰਤ, ਇਸ ਵੇਲੇ ਦੁਨੀਆ ਭਰ ਵਿੱਚੋਂ ਹੈਰੋਇਨ ਦਾ ਸਭ ਤੋਂ ਵਧ ਖਤਪਕਾਰ ਬਣ ਚੁੱਕਿਆ ਹੈ।

ਦੱਖਣੀ ਏਸ਼ੀਆ ਵਿਚ ਬਣਾਈ ਜਾ ਰਹੀ ਹਰ ੪੦ ਟਨ ਹੈਰੋਇਨ ਵਿੱਚੋਂ ੧੭ ਟਨ ਭਾਰਤ ਵਿਚ ਹਜ਼ਮ ਕੀਤੀ ਜਾ ਰਹੀ ਹੈ ਜਿੱਥੇ ਇਸਦਾ ਕਾਰੋਬਾਰ ੧.੪ ਬਿਲੀਅਨ ਡਾਲਰ ਦੀ ਹਦ ਪਾਰ ਕਰ ਚੁੱਕਿਆ ਹੈ।

ਜਿਵੇਂ ਕਿਹਾ ਜਾਂਦਾ ਹੈ ਨਾ - ਸਫਰ ਭਾਵੇਂ ੧੦,੦੦੦ ਮੀਲ ਦਾ ਹੋਵੇ ਭਾਵੇਂ ੧੦ ਮੀਲ ਦਾ, ਉਸ ਸਫਰ ਵਾਸਤੇ ਪਹਿਲਾ ਪੁੱਟਿਆ ਕਦਮ ਬਹੁਤ ਮਾਇਨੇ ਰਖਦਾ ਹੈ, ਬਿਲਕੁਲ ਉਸੇ ਤਰ੍ਹਾਂ ਨਸ਼ੇ ਵਿਚ ਗੜੁੱਚ ਹੋਣ ਲਈ ਤੇ ਪੱਕੀ ਤੌਰ ਉੱਤੇ ਆਦੀ ਬਣ ਜਾਣ ਲਈ ਵੀ ਪਹਿਲੀ ਵਾਰ ਸ਼ੌਕ ਸ਼ੌਕ ਵਿਚ ਸੁਆਦ ਚੱਖਣਾ ਬਹੁਤ ਮਾਇਨੇ ਰਖਦਾ ਹੈ।

ਏਸੇ ਸ਼ੌਕ ਸਦਕਾ ਭਾਰਤ ਲਾਂਘਾ ਬਣਦਾ ਬਣਦਾ ਨਸ਼ਾ ਸੇਵਨ ਦਾ ਸਭ ਤੋਂ ਵੱਡਾ ਕੇਂਦਰ ਬਣ ਗਿਆ ਹੈ।

ਮੈਨੂੰ ਦੂਰ ਜਾਣ ਦੀ ਲੋੜ ਹੀ ਨਹੀਂ। ਪੰਜਾਬ ਬਾਰੇ ਜੇ ਕੋਈ ਜਾਨਣਾ ਚਾਹੇ ਤਾਂ ਮੇਰੇ ਨਾਲ ਇੱਕਲੇ ਮੇਰੇ ਸ਼ਹਿਰ ਪਟਿਆਲੇ ਵਿਚ ਹੀ ਝਾਤ ਮਾਰੇ ਤਾਂ ਪੂਰੀ ਦੁਨੀਆ ਵਿਚ ਵਸ ਰਹੇ ਪੰਜਾਬੀਆਂ ਨੂੰ ਅਸਲ ਸਥਿਤੀ ਸਮਝ ਆ ਜਾਏਗੀ। ਸੰਨ ੨੦੧੨ ਜਨਵਰੀ ਤੋਂ ਜੂਨ ਤਕ ਪੁਲਿਸ ਵੱਲੋਂ ਫੜੀ ਗਈ ਨਸ਼ੇ ਦੀ ਤਸਕਰੀ ਵਿਚ 133 ਕਿੱਲੋ ਅਫੀਮ, ਅੱਠ ਹਜ਼ਾਰ ਅਠ ਸੌ ਦੋ (8802 ਕਿੱਲੋ) ਕਿੱਲੋ ਪੋਪੀ ਦੇ ਡੋਡੇ, ਚਾਰ ਕਿੱਲੋ ਸਮੈਕ, ੧੯ ਕਿੱਲੋ ਸੁਲਫਾ, ੪ ਕਿੱਲੋ ਚਰਸ, ੪੯ ਕਿੱਲੋ ਗਾਂਜਾ ਅਤੇ ੨੫੫ ਗ੍ਰਾਮ ਹੈਰੋਇਨ ਹੈ। ਅਸਲ ਵਿਚ ਤਾਂ ਵਰਤੇ ਜਾ ਰਹੇ ਨਸ਼ੇ ਦਾ ਇਹ ਸਿਰਫ ੨ ਪ੍ਰਤੀਸ਼ਤ ਹਿੱਸਾ ਹੈ।

ਇਸਤੋਂ ਇਲਾਵਾ ਛੋਟੀ ਉਮਰ ਦੇ ਬੱਚਿਆਂ ਵੱਲੋਂ ਕੀਤੇ ਜਾ ਰਹੇ ਨਸ਼ੇ ਦਾ ਕੱਚਾ ਚਿੱਠਾ ਵੀ ਖੁੱਲ ਗਿਆ ਹੈ ਜੋ ਦਵਾਈਆਂ ਦੀਆਂ ਦੁਕਾਨਾਂ ਉੱਤੇ ਖੁੱਲਾ ਵਿਕ ਰਿਹਾ ਹੈ। ਪੁਲਿਸ ਟੀਮ ਵੱਲੋਂ ਸਿਰਫ ਪਟਿਆਲੇ ਵਿਚ ੨੬,੦੫੨ ਨਸ਼ੇ ਦੇ ਕੈਪਸੂਲ, ੨੯ ਕਿੱਲੋ ਕੈਪਸੂਲਾਂ ਵਿਚ ਨਸ਼ੇ ਵਾਸਤੇ ਪੈ ਰਿਹਾ ਪਾਊਡਰ ਤੇ ਨਸ਼ੀਲੀਆਂ ਦਵਾਈਆਂ ਦੀਆਂ ਸ਼ੀਸ਼ੀਆਂ ਵਿਚਲਾ ੧੨ ਲਿਟਰ ਤਰਲ ਫੜਿਆ ਜਾ ਚੁੱਕਿਆ ਹੈ।

ਜਿਸਨੂੰ ਪਤਾ ਨਾ ਹੋਵੇ, ਉਸਨੂੰ ਮੈਂ ਦਸ ਦਿਆਂ ਕਿ ਹੈਰੋਇਨ ਬਣਾਉਣ ਲਈ ਪੋਪੀ ਬੂਟੇ ਦੇ ਡੋਡਿਆਂ ਨੂੰ ਮਹੀਨ ਚੀਰਾ ਦਿੱਤਾ ਜਾਂਦਾ ਹੈ ਤੇ ਉਸ ਵਿੱਚੋਂ ਨਿਕਲੇ ਰਸ ਨੂੰ ਸੁਕ ਜਾਣ ਦਿੱਤਾ ਜਾਂਦਾ ਹੈ। ਫੇਰ ਤਿੱਖੀ ਕਰਦ ਨਾਲ ਕਾਗਜ਼ ਉੱਤੇ ਉਸ ਸੁੱਕੇ

ਪਾਊਡਰ ਨੂੰ ਹੌਲੇ ਹੌਲੇ ਇੱਕਠਾ ਕੀਤਾ ਜਾਂਦਾ ਹੈ। ਉਸ ਵਿੱਚੋਂ ਮਰੀਜ਼ਾਂ ਵਾਸਤੇ ਲੈਬਾਟਰੀਆਂ ਵਿਚ ਮਾਰਫੀਨ ਦੇ ਟੀਕੇ ਬਣਾਏ ਜਾਂਦੇ ਹਨ ਜਿਹੜੇ ਹਾਰਟ ਅਟੈਕ ਦੇ ਜਾਂ ਜਮਾਂਦਰੂ ਦਿਲ ਦੇ ਰੋਗ ਦੇ ਮਰੀਜ਼ਾਂ ਨੂੰ ਲੱਗਦੇ ਹਨ। ਉਸੇ ਵਿੱਚੋਂ ਹੀ ਨਸ਼ੇ ਦੇ ਵਪਾਰੀਆਂ ਵੱਲੋਂ ਨਸ਼ੇ ਦਾ ਕਾਰੋਬਾਰ ਚਲਾਉਣ ਲਈ ਹੈਰੋਇਨ ਵੀ ਬਣਾ ਲਈ ਜਾਂਦੀ ਹੈ।

ਇਹ ਕੰਮ ਏਨਾ ਸਫਾਈ ਅਤੇ ਧਿਆਨ ਨਾਲ ਕਰਨ ਵਾਲਾ ਹੁੰਦਾ ਹੈ ਕਿ ਜੇ ਚੀਰਾ ਰਤਾ ਵੀ ਡੂੰਘਾ ਪੈ ਜਾਏ ਤਾਂ ਉਹ ਡੋਡਾ ਖ਼ਰਾਬ ਹੋ ਸਕਦਾ ਹੈ। ਸੋ ਨਪੇ ਤੁਲੇ ਹੱਥਾਂ ਨਾਲ ਹੀ ਇਹ ਕੰਮ ਕੀਤਾ ਜਾ ਸਕਦਾ ਹੈ।

ਜਿਸਨੇ ਬਿਲਕੁਲ ਸ਼ੁੱਧ ਹੈਰੋਇਨ ਦੇ ਦਰਸ਼ਨ ਕੀਤੇ ਹੋਣ, ਉਹ ਜਾਣਦਾ ਹੋਏਗਾ ਕਿ ਇਹ ਸਾਫ ਚਿੱਟੇ ਪਾਊਡਰ ਦੀ ਸ਼ਕਲ ਵਿਚ ਹੁੰਦੀ ਹੈ।

ਜਿਹੜੀ ਪੂਰਨ ਰੂਪ ਵਿਚ ਸ਼ੁੱਧ ਨਾ ਹੋਵੇ ਉਸ ਵਿਚ ਰਹਿ ਚੁੱਕੀ ਗੰਦਗੀ ਸਦਕਾ ਉਹ ਭੂਰੇ ਤੋਂ ਲੈ ਕੇ ਕਾਲੇ ਰੰਗ ਦੀ ਵੀ ਹੋ ਸਕਦੀ ਹੈ। ਇਹ ਭੂਰੇ ਰੰਗ ਵਿਚਲੀ ਹੈਰੋਇਨ ਕਿਉਂਕਿ ਚਿੱਟੇ ਰੰਗ ਵਾਲੀ ਤੋਂ ਕੁੱਝ ਸਸਤੀ ਹੁੰਦੀ ਹੈ ਤੇ ਅਸਰ ਵੀ ਪੂਰਾ ਵਿਖਾਉਂਦੀ ਹੈ, ਇਸਲਈ ਇਸਨੂੰ ਦੁਨੀਆ ਭਰ ਵਿਚ ਬਰਾਊਨ ਸ਼ੂਗਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਜਿਹੜੀ ਕਾਲੇ ਰੰਗ ਦੀ ਹੈਰੋਇਨ ਹੁੰਦੀ ਹੈ, ਉਸਨੂੰ 'ਬਲੈਕ ਟਾਰ' ਕਿਹਾ ਜਾਂਦਾ ਹੈ ਤੇ ਉਹ ਲੁੱਕ ਵਾਂਗ ਚਿਪਚਿਪੀ ਹੁੰਦੀ ਹੈ।

ਰਤਾ ਕੁ ਇਤਿਹਾਸ ਵਿਚ ਝਾਤ ਮਾਰੀਏ। ਸਿਰਫ ੧੧੮ ਸਾਲ ਪਹਿਲਾਂ ਦੀ ਗੱਲ ਹੈ ਜਦੋਂ ਇਸਦਾ ਕੋਈ ਖਰੀਦਦਾਰ ਨਹੀਂ ਸੀ ਹੁੰਦਾ। ਬੇਅਰ ਦਵਾਈਆਂ ਦੀ ਕੰਪਨੀ ਨੂੰ ਇਸ਼ਤਿਹਾਰਬਾਜ਼ੀ ਉੱਤੇ ਬੇਹਿਸਾਬ ਪੈਸਾ ਰੋੜ੍ਹਨਾ ਪਿਆ ਕਿ ਕੋਈ ਹੈਰੋਇਨ ਦੀ ਵਰਤੋਂ ਵਾਸਤੇ ਅੱਗੇ ਤਾਂ ਆਵੇ।

ਯੂਨਾਈਟਿਡ ਨੇਸ਼ਨਜ਼ ਵੱਲੋਂ ਕੀਤੀ ਖੋਜ ਦੇ ਸਿੱਟੇ ਦਸਦੇ ਹਨ ਕਿ ਦੁਨੀਆ ਭਰ ਵਿੱਚੋਂ ਅਫਗਾਨਿਸਤਾਨ ਪਹਿਲੇ ਨੰਬਰ ਦਾ ਨਸ਼ੇ ਦਾ ਗੜ੍ਹ ਹੈ ਜਿੱਥੇ ਪੋਪੀ ਦੀ ਖੇਤੀ ਸਦਕਾ ਸੰਨ ੨੦੦੪ ਵਿਚ ਦੁਨੀਆ ਦੀ ੮੭ ਪ੍ਰਤੀਸ਼ਤ ਹੈਰੋਇਨ ਬਣਾਈ ਗਈ। ਹੁਣ ਤਕ ਵੀ ਅਫਗਾਨੀ ਅਫੀਮ ਨਾਲ ਹਰ ਸਾਲ ਪੂਰੀ ਦੁਨੀਆ ਵਿਚਲੇ ਇਕ ਲਖ ਬੰਦੇ ਮਰ ਰਹੇ ਹਨ।

ਜਿਸਨੂੰ ਅੰਦਾਜ਼ਾ ਨਾ ਹੋਵੇ, ਉਸ ਨੂੰ ਮੈਂ ਦਸ ਦਿਆਂ ਕਿ ਸੰਨ 1999 ਵਿਚ ਅਫਗਾਨਿਸਤਾਨ ਵਿਚ ੯੧੦ ਸਕੁਏਰ ਕਿਲੋਮੀਟਰ ਥਾਂ ਉੱਤੇ ਪੋਪੀ ਫੁੱਲ ਉਗਾਏ ਜਾਂਦੇ ਸਨ ਜੋ ਸੰਨ ੨੦੦੬ ਵਿਚ ਇਸਤੋਂ ਕਿਤੇ ਵਧ ਥਾਂ ਉੱਤੇ ਬੀਜੇ ਜਾਣ ਲੱਗ ਪਏ ਤੇ ਹੁਣ ੩੩ ਲੱਖ ਅਫਗਾਨ ਬੰਦੇ ਯੂਨਾਈਟਿਡ ਨੇਸ਼ਨਜ਼ ਅਨੁਸਾਰ ਇਸ ਵੇਲੇ ਅਫੀਮ ਉਗਾ ਕੇ ਅੱਗੇ ਵੇਚਣ ਦੇ ਕਾਰੋਬਾਰ ਵਿਚ ਲੱਗੇ ਹਨ।

ਜੇ ਕੁੱਝ ਹੋਰ ਪਿੱਛੇ ਇਤਿਹਾਸ ਵੱਲ ਝਾਤ ਮਾਰੀਏ ਤਾਂ ਸੰਨ ੧੯੦੦ ਵਿਚ ਹੈਰੋਇਨ ਦੀ ਅੰਤਰਰਾਸ਼ਟਰੀ ਪੱਧਰ ਉੱਤੇ ਹੋ ਰਹੀ ਤਸਕਰੀ ਰੋਕਣ ਲਈ ਕੁੱਝ ਦੇਸਾਂ ਵਿਚ ਕਾਨੂੰਨ ਬਣ ਜਾਣ ਦਾ ਜ਼ਿਕਰ ਮਿਲਦਾ ਹੈ। ਬਾਕੀ ਦੇਸਾਂ ਵਿਚ ਇਹ ਤਸਕਰੀ ਨਾਜਾਇਜ਼ ਨਹੀਂ ਸੀ ਗਿਣੀ ਜਾਂਦੀ। ਸੰਨ ੧੯੨੦ ਦੇ ਅੱਧ ਵਿਚ ਦੁਨੀਆ ਦੇ ਕਾਫੀ ਹਿੱਸਿਆਂ ਵਿਚ ਇਸ ਤਸਕਰੀ ਨੂੰ ਗ਼ੈਰਕਾਨੂੰਨੀ ਕਰਾਰ ਕਰ ਦਿੱਤਾ ਗਿਆ ਤੇ ਉਸ ਸਮੇਂ ਜ਼ਿਆਦਾਤਰ ਚੀਨ (ਖ਼ਾਸ ਕਰ ਸ਼ੰਘਾਈ ਤੇ ਤਿਆਜਿਨ) ਵਿੱਚੋਂ ਗੈਰਕਾਨੂੰਨੀ ਢੰਗ ਨਾਲ ਹੈਰੋਇਨ ਹੋਰ ਦੇਸ਼ਾਂ ਵਿਚ ਪਹੁੰਚਾਈ ਜਾ ਰਹੀ ਸੀ। ਸੰਨ ੧੯੩੦ ਵਿਚ ਫਰਾਂਸ ਵੀ ਲਾਂਘਾ ਬਣ ਗਿਆ। ਅਮਰੀਕਾ ਵਿਚ ਇਸ ਦੀ ਵਰਤੋਂ ਉਦੋਂ ਵੀ ਜ਼ੋਰਾਂ ਉੱਤੇ ਸੀ ਪਰ ਦੂਜੀ ਵਿਸ਼ਵ ਜੰਗ ਦੌਰਾਨ ਚੀਨ ਤੇ ਜਪਾਨ ਦੀ ਜੰਗ ਨੇ ਅਮਰੀਕਾ ਵਿਚ ਇਸਦਾ ਵੜਨਾ ਲਗਭਗ ਬੰਦ ਹੀ ਕਰ ਦਿੱਤਾ। ਮਾਫੀਏ ਵਾਲੇ ਕਿੱਥੇ ਟਿਕਣ ਵਾਲੇ ਸੀ ਸੋ ਜੰਗ ਦੇ ਤੁਰੰਤ ਬਾਅਦ ਇਟਲੀ ਦੀ ਸਰਕਾਰੀ ਹਾਲਤ ਨਾਜ਼ੁਕ ਵੇਖਦੇ ਹੋਏ ' ਸਿਸਲੀ ' ਵਿਖੇ ਹੈਰੋਇਨ ਬਣਾਉਣ ਦੀਆਂ ਵਡੀਆਂ ਲੈਬਾਟਰੀਆਂ ਸਥਾਪਤ ਕਰ ਦਿੱਤੀਆਂ ਗਈਆਂ ਜਿੱਥੋਂ ਇਹ ਯੂਰਪ ਤੇ ਅਮਰੀਕਾ ਵਿਖੇ ਪਹੁੰਚਾਈ ਜਾਣ ਲੱਗ ਪਈ। ਇਸੇ ਸਦਕਾ ੧੯੪੦ ਵਿਚ ਚੀਨ ਵਿਚ ਇਸਦਾ ਕਾਰੋਬਾਰ ਲਗਭਗ ਠੱਪ ਹੀ ਹੋ ਗਿਆ।

ਧਿਆਨ ਦੇਣ ਯੋਗ ਗੱਲ ਇਹ ਵੀ ਹੈ ਕਿ ਵੀਹਵੀਂ ਸਦੀ ਦੇ ਅਖੀਰ ਤਕ ਹੈਰੋਇਨ ਦੇ ਵਪਾਰ ਉੱਤੇ ਪੂਰੀ ਤਰ੍ਹਾਂ ਪਾਬੰਦੀ ਨਹੀਂ ਲਗੀ ਸੀ ਹਾਲਾਂਕਿ ਇਸਦੇ ਅਸਰ ਹੇਠ ਪੱਛਮੀ ਦੇਸਾਂ ਦੀਆਂ ਹਜ਼ਾਰਾਂ ਜਵਾਨੀਆਂ ਫਨਾਹ ਹੋ ਚੁੱਕੀਆਂ ਸਨ।

ਸੰਨ ੧੯੭੦ ਦੇ ਸ਼ੁਰੂ ਵਿਚ ਬਰਮਾ ਦੇ ਬਾਰਡਰ ਉੱਤੇ ਹੈਰੋਇਨ ਦੀ ਸਮਗਲਿੰਗ ਤਗੜੇ ਤਰੀਕੇ ਨਾਲ ਸ਼ੁਰੂ ਹੋ ਗਈ ਤੇ ਨਤੀਜੇ ਵਜੋਂ 'ਸੁਨਿਹਰੀ ਤਿਕੋਨ' ਹੋਂਦ ਵਿਚ ਆ ਗਿਆ। ਬਰਮਾ ਨੂੰ ਸੁਨਿਹਰੀ ਤਿਕੋਨ ਦਾ ਦਿਲ ਮੰਨਿਆ ਗਿਆ ਤੇ ਅਫਗਾਨਿਸਤਾਨ ਤੋਂ ਬਾਅਦ ਇਸੇ ਨੂੰ ਹੈਰੋਇਨ ਉਗਾਉਣ ਲਈ

ਦੁਨੀਆ ਭਰ ਵਿੱਚੋਂ ਦੂਜੇ ਨੰਬਰ ਦਾ ਦੇਸ ਮੰਨ ਲਿਆ ਗਿਆ।

ਇਸੇ ਸਦਕਾ ੧੯੭੩ ਵਿਚ ਅਮਰੀਕਾ ਵਿਚ ਵਰਤੀ ਜਾ ਰਹੀ ਇਕ ਤਿਹਾਈ ਹੈਰੋਇਨ ਸੁਨਿਹਰੀ ਤਿਕੋਨ ਰਾਹੀਂ ਪਹੁੰਚਾਈ ਜਾਣ ਲੱਗ ਪਈ।

'ਸੁਨਿਹਰੀ ਤਿਕੋਨ' ਵਜੋਂ ਜਾਣੇ ਜਾਂਦੇ ਬਰਮਾ, ਥਾਈਲੈਂਡ, ਵਿਆਤਨਾਮ, ਲਾਓਸ ਅਤੇ ਯੂਨਾਂ (ਚੀਨ) ਵਿਚ ਵੀ ਇਸ ਦੀ ਲਹਿਲਹਾਉਂਦੀ ਖੇਤੀ ਵੇਖੀ ਜਾ ਸਕਦੀ ਹੈ। ਮੇਕਸੀਕੋ ਤੇ ਕੋਲੰਬੀਆ ਵੀ ਪਿੱਛੇ ਨਹੀਂ ਰਹੇ। ਜਿਨੀ ਵੀ ਹੈਰੋਇਨ ਅਮਰੀਕਾ ਵਿਚ ਵਰਤੀ ਜਾ ਰਹੀ ਹੈ, ਉਹ ਇਸ ਵੇਲੇ ਮੈਕਸੀਕੋ ਤੇ ਕੋਲੰਬੀਆ ਹੀ ਸਪਲਾਈ ਕਰ ਰਹੇ ਹਨ।

ਅਫਗਾਨ - ਰੂਸ ਲੜਾਈ ਸਦਕਾ ਹੈਰੋਇਨ ਦੇ ਵਪਾਰੀਆਂ ਨੇ ਪਾਕਿਸਤਾਨ ਅਫਗਾਨਿਸਤਾਨ ਬਾਰਡਰ ਵੱਲ ਨੂੰ ਮੂੰਹ ਕਰ ਲਿਆ ਤੇ ਅਮਰੀਕਾ ਤੋਂ ਮੁਜਾਹੀਦੀਨਾਂ ਨੂੰ ਅਸਲਾ ਖਰੀਦਣ ਲਈ ਜਬਰੀ ਅਫੀਮ ਵੇਚਣੀ ਪਈ ਤਾਂ ਜੋ ਪੈਸਾ ਇੱਕਠਾ ਕੀਤਾ ਜਾ ਸਕੇ। ਇਸ ਨਾਲ ਸੁਨਿਹਰੀ ਤਿਕੋਨ ਹੋਰ ਤਾਕਤਵਰ ਬਣ ਗਿਆ।

ਇਹੀ ਵਜ੍ਹਾ ਸੀ ਕਿ ਸੰਨ ੧੯੯੦ ਵਿਚ ਅਮਰੀਕਾ ਵਿਚ ਪਹੁੰਚਾਈ ਜਾ ਰਹੀ ੬੦ ਪ੍ਰਤੀਸ਼ਤ ਹੈਰੋਇਨ ਅਫਗਾਨਿਸਤਾਨ ਵਿਚ ਹੋ ਰਹੀ ਉਪਜ ਤੋਂ ਸੀ।

ਸੰਨ ੨੦੦੪ ਤਕ ਇਹ ਜਿੰਮਾ ਪਾਕਿਸਤਾਨ ਦੇ ਵੀ ਹੱਥ ਸੀ ਜਿਸਨੂੰ ਯੂਨਾਈਟਿਡ ਨੇਸ਼ਨਜ਼ ਨੇ ਉਸ ਸਮੇਂ ਦੁਨੀਆ ਦਾ ਸਭ ਤੋਂ ਵੱਡਾ ਅਫੀਮ ਉਗਾ ਕੇ ਤੇ ਅੱਗੇ ਤੋਰਨ ਦਾ ਅੱਡਾ ਕਰਾਰ ਕਰ ਦਿੱਤਾ ਸੀ।

ਸੰਨ ੨੦੦੭ ਤੋਂ ੨੦੧੧ ਤਕ ਮੇਕਸੀਕੋ ਵਿਚ ਏਨੀ ਜਿਆਦਾ ਹੈਰੋਇਨ ਉਗਾਉਣੀ ਸ਼ੁਰੂ ਕਰ ਦਿੱਤੀ ਗਈ ਕਿ ਨਤੀਜੇ ਵਜੋਂ ਅਜ ਦੇ ਦਿਨ ਮੈਕਸੀਕੋ ਦੁਨੀਆ ਭਰ ਵਿਚ ਹੈਰੋਇਨ ਉਗਾਉਣ ਵਿਚ ਦੂਜੇ ਨੰਬਰ ਉੱਤੇ ਪਹੁੰਚ ਚੁੱਕਿਆ ਹੈ।

ਮਾਰਚ ੧੩, ੨੦੧੨ ਵਿਚ ਅਮਰੀਕਾ ਦੇ ਕੋਰਟ ਵਿਚ ਇਕ ਤਾਲਿਬਾਨ ਨੇ ਮੰਨਿਆ ਕਿ ਨਾਰਕੋ ਟੈਰਾਰਿਜਮ ਫੈਲਾਉਣ ਲਈ ਹੈਰੋਇਨ ਨੂੰ ਵੱਡੇ ਪੱਧਰ ਉੱਤੇ ਗ਼ੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਪਹੁੰਚਾਇਆ ਜਾ ਰਿਹਾ ਹੈ।

ਬਹਿਸ ਦੌਰਾਨ ਇਹ ਸਾਬਤ ਹੋਇਆ ਕਿ ਉਹੀ ਬਗਰੋ ਤਾਲਿਬਾਨ ਪੂਰੀ ਦੁਨੀਆ ਵਿਚਲੇ ਹੈਰੋਇਨ ਦੇ ੨੦ ਪ੍ਰਤੀਸ਼ਤ ਵਪਾਰ ਦਾ ਮਾਲਕ ਸੀ।

ਇਸਦਾ ਅਰਥ ਸਮਝਣ ਲਈ ਕਿ ਉਹ ਕਿੰਨੇ ਕੁ ਪੈਸਿਆਂ ਦਾ ਮਾਲਕ ਸੀ, ਇਹ ਦੱਸਣਾ ਜ਼ਰੂਰੀ ਹੈ ਕਿ ਤੁਰਕੀ ਵਿਚ ਹੈਰੋਇਨ ਦੀ ਕੀਮਤ ੧੪.੫ ਪਾਉਂਡ ਪ੍ਰਤੀ ਗ੍ਰਾਮ ਹੈ ਤੇ ਯੂਰਪ ਵਿਚਲੀਆਂ ਬਹੁਤੀਆਂ ਥਾਵਾਂ ਉੱਤੇ ੩੫-੪੦ ਪਾਉਂਡ ਪ੍ਰਤੀ ਗ੍ਰਾਮ ਵਿਕਦੀ ਹੈ। ਸਵੀਡਨ ਵਿਖੇ ਪਹੁੰਚਦਿਆਂ ਹੈਰੋਇਨ ਦੀ ਕੀਮਤ ੧੧੦ ਪਾਉਂਡ ਪ੍ਰਤੀ ਗ੍ਰਾਮ ਹੋ ਜਾਂਦੀ ਹੈ। ਜਦੋਂ ਇਹ ਅਮਰੀਕਾ ਵਿਚ ਪਹੁੰਚਦੀ ਹੈ ਤਾਂ ੧੭੨ ਡਾਲਰ ਪ੍ਰਤੀ ਗ੍ਰਾਮ ਦੀ ਵਿਕਦੀ ਹੈ।

੨੦ ਪ੍ਰਤੀਸ਼ਤ ਦਾ ਮਾਲਕ ਮਤਲਬ ਖਰਬਾਂ ਡਾਲਰਾਂ ਦੇ ਬਿਜ਼ਨੈਸ ਦਾ ਇੱਕਲਾ ਵੱਡਾ ਹਿੱਸੇਦਾਰ।

ਨਸ਼ਿਆਂ ਦੇ ਵਪਾਰੀਆਂ ਨੂੰ ਅੰਦਾਜ਼ਾ ਵੀ ਨਹੀਂ ਹੋਣਾ ਕਿ ਵੱਡਿਆਂ ਉੱਤੇ ਵਾਰ ਕਰਦੇ ਕਰਦੇ ਉਨ੍ਹਾਂ ਨੇ ਨਿੱਕੇ ਬੱਚਿਆਂ ਨੂੰ ਕਿਵੇਂ ਨਸ਼ਿਆਂ ਦੇ ਹੜ੍ਹ ਵਿਚ ਰੋੜ੍ਹ ਦਿੱਤਾ ਹੈ।

ਹੈਰੋਇਨ ਨਾ ਖਰੀਦ ਸਕਣ ਵਾਲੇ ੯ ਤੋਂ ੧੪ ਸਾਲ ਦੇ ਬੱਚੇ ਖੰਘ ਦੀਆਂ ਦਵਾਈਆਂ, ਦਰਦ ਨੂੰ ਦੂਰ ਕਰਨ ਵਾਲੀਆਂ ਮਲ੍ਹਮਾਂ ਨੂੰ ਚੱਟਣਾ, ਗੂੰਦ, ਪੇਂਟ, ਪੈਟਰੋਲ ਸੁੰਘਣਾ, ਟਾਈਪ ਦਾ ਕਲੀਨੀਂਗ ਫਲਿਊਡ ਪੀਣਾ, ਕਿਰਲੀ ਮਾਰ ਕੇ ਖਾਣੀ, ਆਇਓਡੇਕਸ ਚੱਟਣੀ ਆਦਿ ਸ਼ੁਰੂ ਕਰਨ ਲੱਗ ਪਏ ਹਨ। ਪਿੰਡਾਂ ਵਿਚ ਇਹ ਚੇਟਕ ਖਾਸ ਤੌਰ ਉੱਤੇ ਵੇਖੀ ਜਾ ਸਕਦੀ ਹੈ ਜਿੱਥੇ ਨਸ਼ੇ ਦੇ ਨਾਲ ਨਾਲ ਬੀੜੀ ਸਿਗਰਟ ਵੀ ਪੀਣ ਵਾਲੇ ਬੱਚਿਆਂ ਦੀ ਗਿਣਤੀ ਭਾਰਤ ਵਿਚ ੫੫,੦੦੦ ਬੱਚੇ ਰੋਜ਼ ਤਕ ਪਹੁੰਚ ਰਹੀ ਹੈ ਤੇ ਸਾਲ ਵਿਚ ਲਗਭਗ ਵੀਹ ਮਿਲੀਅਨ ਨਵੇਂ ਬੱਚੇ ਸਿਗਰਟ ਪੀਣ ਦੀ ਆਦਤ ਵਲ ਧੱਕੇ ਜਾ ਰਹੇ ਹਨ। ਜੇ ਸਿਗਰਟ ਪੀਣ ਵਾਲੇ ਬੱਚਿਆਂ ਦੀ ਗਿਣਤੀ ਅਮਰੀਕਾ ਵਿਚ ਕੀਤੀ ਜਾਏ ਤਾਂ ਸਿਰਫ ੩੦੦੦ ਬੱਚੇ ਹਰ ਰੋਜ਼ ਇਹ ਲਤ ਪਾਲ ਰਹੇ ਹਨ।

ਇੱਥੋਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਮਰੀਕਾ ਦੇ ੩੦੦੦ ਤੇ ਭਾਰਤ ਵਿਚ ੫੫,੦੦੦ ਬੱਚੇ ਜੇ ਸਿਰਫ ਸਿਗਰਟ ਪੀਣ ਦੀ ਆਦਤ ਵੱਲ ਧੱਕੇ ਜਾ ਰਹੇ ਹਨ ਤਾਂ ਭਾਰਤ ਕਿਉਂ ਨਹੀਂ ਦੁਨੀਆ ਭਰ ਵਿੱਚੋਂ ਨਸ਼ਿਆਂ ਦੇ ਵਪਾਰੀਆਂ ਦਾ ਪਹਿਲੇ ਨੰਬਰ ਦਾ ਸ਼ਿਕਾਰ ਗਿਣਿਆ ਜਾ ਸਕਦਾ?

ਸੰਨ ੨੦੦੮ ਵਿਚ ਤਾਂ ਮਨੀਪੁਰ ਵਿਚ ਇੰਡੀਆ ਫਾਊਂਡੇਸ਼ਨ ਚਾਈਲਡ ਲਾਈਨ ਨੇ ਖੋਜ ਕਰ ਕੇ ਦੱਸਿਆ ਕਿ ਹੈਰੋਇਨ ਤੋਂ ਲੈ ਕੇ ਸਪਾਜ਼ਮੋਪਰੌਕਸੀਵੋਨ ਕੈਪਸੂਲ ਤੇ ਨਸਾਂ ਵਿਚ ਟੀਕੇ ਲਾਉਣ ਦਾ ਰੁਝਾਨ, ਬੱਚਿਆਂ, ਖਾਸ ਕਰ ਗਲੀਆਂ ਵਿਚ ਰੁਲ ਰਹਿਆਂ, ਵਿਚ ਏਨਾ ਵਧ ਚੁੱਕਿਆ ਹੈ ਕਿ ਲਗਭਗ ਹਰ ਚੌਥਾ ਬੱਚਾ ਜੋ ਨਸ਼ੇ ਕਰ ਰਿਹਾ ਹੈ (ਨਸਾਂ ਵਿਚ ਟੀਕੇ ਲਾ ਕੇ) ਏਡਜ਼ ਜਾਂ

ਐਚ.ਆਈ.ਵੀ. ਦਾ ਸ਼ਿਕਾਰ ਹੋ ਚੁੱਕਿਆ ਹੈ।

ਬੀ.ਬੀ.ਸੀ. ਨੇ ਹੁਣੇ ਜਿਹੇ ਖ਼ਬਰ ਨਸ਼ਰ ਕੀਤੀ ਹੈ ਕਿ ਦੁਨੀਆ ਭਰ ਵਿਚ ਲਗਭਗ ੫੦ ਮਿਲੀਅਨ ਲੋਕ ਹੈਰੋਇਨ, ਕੋਕੀਨ ਤੇ ਨਸ਼ੇ ਦੀਆਂ ਹੋਰ ਦਵਾਈਆਂ ਲੈ ਰਹੇ ਹਨ। ਕੱਚੀ ਹੈਰੋਇਨ (ਡਾਈਐਸੀਟਾਈਲ ਮੌਰਫੀਨ) ਨੂੰ ਵਰਤਣ ਵਾਲੇ ੧੫ ਤੋਂ ੬੪ ਸਾਲ ਦੇ ਲਗਭਗ ੨੨ ਮਿਲੀਅਨ ਲੋਕ ਹਨ।

ਇਸ ਹੈਰੋਇਨ ਉੱਤੇ ਜਾਨ ਛਿੜਕਣ ਵਾਲੇ ਇਸਨੂੰ ਸੁੰਘ ਕੇ, ਨਾੜ ਵਿਚ ਟੀਕੇ ਲਾ ਕੇ ਤੇ ਸਿਗਰਟ ਰਾਹੀਂ ਅੰਦਰ ਲੰਘਾ ਕੇ ਆਪਣੇ ਦਿਮਾਗ਼ ਨੂੰ ਸੁੰਨ ਕਰਦੇ ਹਨ। ਇਹ ਦਰਅਸਲ ਦਿਮਾਗ਼ ਨੂੰ ਕੁੱਝ ਦੇਰ ਬਾਅਦ ਕਾਫ਼ੀ ਚਿਰ ਲਈ ਢਹਿੰਦੀ ਕਲਾ ਵਿਚ ਲੈ ਜਾਂਦੀ ਹੈ ਪਰ ਸ਼ੁਰੂ ਵਿਚ ਅਜਿਹਾ ਨਹੀਂ ਹੁੰਦਾ।

ਜਿਉਂ ਹੀ ਨਾੜ ਵਿਚ ਟੀਕਾ ਲੱਗਿਆ, ਤਾਂ ਲਾਉਣ ਵਾਲੇ ਦੇ ਸਰੀਰ ਅੰਦਰ ਇਕਦਮ ਸਫੂਰਤੀ ਤੇ ਆਨੰਦ ਦਾ ਅਹਿਸਾਸ ਹੁੰਦਾ ਹੈ। ਮੂੰਹ ਸੁਕ ਜਾਂਦਾ ਹੈ ਤੇ ਬੰਦਾ ਅੱਗੇ ਪਿੱਛੇ ਸਿਰ ਹਿਲਾਉਣਾ ਸ਼ੁਰੂ ਹੋ ਜਾਂਦਾ ਹੈ। ਲੱਤਾਂ ਬਾਹਵਾਂ ਭਾਰੀਆਂ ਤੇ ਰਬੜ ਵਾਂਗ ਮਹਿਸੂਸ ਹੋਣ ਲੱਗ ਪੈਂਦੀਆਂ ਹਨ। ਸਮਝ ਸਕਣ ਦੀ ਤਾਕਤ ਤਾਂ ਘਟਦੀ ਹੀ ਹੈ ਪਰ ਯਾਦ ਸ਼ਕਤੀ ਵੀ ਘਟ ਜਾਂਦੀ ਹੈ। ਅਜਿਹਾ ਅਸਰ ਹਰ ਟੀਕੇ ਤੋਂ ਬਾਅਦ ਲਗਭਗ ਤਿੰਨ ਚਾਰ ਘੰਟੇ ਰਹਿ ਜਾਂਦਾ ਹੈ।

ਜਿਹੜੇ ਜਣੇ ਹੈਰੋਇਨ ਨੂੰ ਸਿਗਰਟ ਰਾਹੀਂ ਅੰਦਰ ਲੰਘਾ ਰਹੇ ਹਨ ਜਾਂ ਕੁੱਝ ਕੁ ਨਾੜ ਵਿਚ ਟੀਕੇ ਲਾਉਣ ਵਾਲਿਆਂ ਵਿਚ ਵੀ ਦਿਮਾਗ਼ ਵਿਚ ਇਕ ਕਸਰ ਸ਼ੁਰੂ ਹੋ ਸਕਦੀ ਹੈ ਜਿਸਨੂੰ 'ਟੌਕਸਿਕ ਲਿਊਕੋ ਐਨਸੈਫਲੋਪੈਥੀ' ਕਹਿੰਦੇ ਹਨ। ਜਿਉਂ ਹੀ ਹੈਰੋਇਨ ਗਰਮ ਹੋਵੇ, ਇਸ ਅੰਦਰ ਪਿਆ ਇਕ ਮਾੜਾ ਅੰਸ਼ (ਸ਼ੁਧ ਹੈਰੋਇਨ ਵਿਚ ਇਹ ਘਟ ਹੀ ਵਾਪਰਦਾ ਹੈ) ਦਿਮਾਗ਼ ਦੇ ਸੈੱਲਾਂ ਉੱਤੇ ਅਸਰ ਪਾ ਕੇ ਬੰਦੇ ਦਾ ਤੁਰਨਾ ਔਖਾ ਕਰ ਦਿੰਦਾ ਹੈ ਤੇ ਜ਼ਬਾਨ ਵੀ ਥਥਲਾਉਣ ਲਗ ਜਾਂਦੀ ਹੈ।

ਹੈਰੋਇਨ ਨਾਲ ਕੋਕੀਨ ਰਲਾ ਕੇ ਵਰਤਣ ਨਾਲ ਵਖਰੀ ਹੀ ਕਿਸਮ ਦਾ ਇਹਸਾਸ ਹੁੰਦਾ ਹੈ। ਟੀਕਾ ਲਗਦੇ ਸਾਰ ਬੰਦੇ ਨੂੰ ਇਜ ਲੱਗਦਾ ਹੈ ਜਿਵੇਂ ਤੇਜ਼ ਬੌਲ ਵਾਂਗ ਅੰਦਰ ਕੁੱਝ ਠੱਕ ਵੱਜਿਆ ਹੋਵੇ। ਲੋਕ ਇਸਨੂੰ 'ਸਪੀਡ ਬੌਲ' ਦਾ ਨਾਂ ਦਿੰਦੇ ਹਨ। ਜਦੋਂ ਦੋਵਾਂ ਨੂੰ ਸਿਗਰਟ ਰਾਹੀਂ ਲਿਆ ਜਾਵੇ ਤਾਂ 'ਮੂਨ ਰੌਕਸ' ਨਾਂ ਦਿੱਤਾ ਗਿਆ ਹੈ।

ਦਰਅਸਲ ਦੋਹਾਂ ਦੇ ਅਸਰ ਵੱਖੋ ਵੱਖ ਹਨ। ਕੋਕੀਨ ਸਫੂਰਤੀ ਦਾ ਇਹਸਾਸ ਦਵਾਉਂਦੀ ਹੈ ਜਦਕਿ ਹੈਰੋਇਨ ਢਹਿੰਦੀ ਕਲਾ ਵੱਲ ਲੈ ਜਾਂਦੀ ਹੈ। ਜਦੋਂ ਦੋਵੇਂ ਇੱਕਠੀਆਂ ਲਈਆਂ ਜਾਣ ਤਾਂ ਇਕਦਮ ਸਰੀਰ ਅੰਦਰ ਏਨੀ ਹਲਚਲ ਮਚ ਜਾਂਦੀ ਹੈ ਕਿ ਬੰਦਾ ਆਨੰਦਿਤ ਹੋ ਕੇ ਹਵਾ ਵਿਚ ਉਡਦਾ ਮਹਿਸੂਸ ਕਰਨ ਲੱਗਦਾ ਹੈ। ਇਹ ਅਸਰ ਏਨਾ ਜ਼ਬਰਦਸਤ ਹੁੰਦਾ ਹੈ ਕਿ ਘਬਰਾਹਟ ਤੇ ਸੁਸਤੀ ਵਾਲਾ ਅਸਰ ਕੁੱਝ ਸਮੇਂ ਲਈ ਦਬ ਜਾਂਦਾ ਹੈ। ਜਿਉਂ ਹੀ ਕੋਕੀਨ ਦਾ ਅਸਰ ਘਟਿਆ, ਹੈਰੋਇਨ ਵਾਲੇ ਘਬਰਾਹਟ ਦੇ ਲੱਛਣ ਸਾਹਮਣੇ ਦਿਸਣ ਲਗ ਪੈਂਦੇ ਹਨ। ਇਸੇ ਲਈ ਕਈ ਲੋਕ ਘਬਰਾਹਟ ਰੋਕਣ ਲਈ ਨਸ਼ੇ ਦੀ ਲੋੜ ਤੋਂ ਵਧ ਵਰਤੋਂ ਕਰ ਲੈਂਦੇ ਹਨ ਤੇ ਉਸ ਨਾਲ ਸਾਹ ਰੁਕਣ ਕਾਰਣ ਮੌਤ ਹੋ ਜਾਂਦੀ ਹੈ।

ਬਾਕੀ ਸਾਰੇ ਤਰ੍ਹਾਂ ਦੇ ਨੁਕਸ ਜੋ ਸਾਫ ਸੂਈ ਨਾ ਵਰਤਣ ਸਦਕਾ ਹੁੰਦੇ ਹਨ, ਉਹ ਤਾਂ ਹੋਣੇ ਹੀ ਹਨ ਪਰ ਰਤਾ ਕੁ ਵੱਧ ਟੀਕਾ ਲਾਉਂਦੇ ਸਾਰ ਮੌਤ ਹੋਣ ਦਾ ਅਰਥ ਹੈ ਕਿ ਇਕ ਵਾਰ ਦਾ ਸਰੂਰ ਹਮੇਸ਼ਾ ਲਈ ਅਲਵਿਦਾ ਵਿਚ ਤਬਦੀਲ ਹੋਣਾ।

ਨਸਾਂ ਵਿਚ ਕਿਸੇ ਹੋਰ ਵੱਲੋਂ ਵਰਤੀ ਹੋਈ ਸੂਈ ਲਾਉਂਦੇ ਸਾਰ ਜਿੱਥੇ ਏਡਜ਼ ਜਾਂ ਹੈਪਾਟਾਈਟਿਸ ਦੀ ਬੀਮਾਰੀ ਹੋ ਸਕਦੀ ਹੈ, ਉੱਥੇ ਚਮੜੀ ਵਿਚ ਸੂਈ ਵਾਲੀ ਥਾਂ ਉੱਤੇ ਪੀਕ ਪੈਣੀ, ਦਿਲ ਦੇ ਵਾਲਵ ਵਿਚ ਅਤੇ ਫੇਫੜੇ ਉੱਤੇ ਕੀਟਾਣੂਆਂ ਦਾ ਹਮਲਾ, ਜਿਗਰ ਦੇ ਰੋਗ, ਆਦਿ ਹੋਣ ਦਾ ਖ਼ਤਰਾ ਵੀ ਕਈ ਗੁਣਾ ਵਧ ਜਾਂਦਾ ਹੈ।

ਹੈਰੋਇਨ ਦਾ ਅਸਰ ਸਰੀਰ ਅੰਦਰੋਂ ਘਟਦੇ ਸਾਰ ਘਬਰਾਹਟ, ਸਰੀਰ ਟੁੱਟਣਾ, ਨੀਂਦਰ ਨਾ ਆਉਣੀ, ਠੰਡੀਆਂ ਤਰੇਲੀਆਂ ਆਉਣੀਆਂ, ਪੱਠਿਆਂ ਵਿਚ ਦਰਦ, ਹੱਡੀਆਂ ਦੀ ਦਰਦ, ਝਟਕੇ ਲੱਗਣੇ, ਉੱਲਟੀਆਂ, ਟੱਟੀਆਂ ਆਦਿ ੪੮ ਤੋਂ ੭੨ ਘੰਟਿਆਂ ਦੇ ਅੰਦਰ ਅੰਦਰ ਸ਼ੁਰੂ ਹੋ ਜਾਂਦੇ ਹਨ ਤੇ ਹਫਤਾ ਭਰ ਤਕ ਰਹਿ ਸਕਦੇ ਹਨ।

ਜਿਹੜੇ ਲਗਾਤਾਰ ਇਸਦਾ ਸੇਵਨ ਕਰਦੇ ਰਹਿੰਦੇ ਹੋਣ, ਉਨ੍ਹਾਂ ਦੀ ਜੇ ਨਸ਼ੇ ਦੀ ਲਤ ਇਕਦਮ ਤੋੜ ਦਿੱਤੀ ਜਾਏ ਤਾਂ ਹੋਰ ਹੈਰੋਇਨ ਵੇਲੇ ਸਿਰ ਨਾ ਮਿਲਣ ਕਾਰਣ ਕਈ ਵਾਰ ਮੌਤ ਤਕ ਵੀ ਹੋ ਸਕਦੀ ਹੈ।

ਇਹ ਮਿੱਠਾ ਜ਼ਹਿਰ ਜੋ ਕੁੱਝ ਪਲਾਂ ਦੇ ਸੁਆਦ ਲਈ ਲਿਆ ਜਾ ਰਿਹਾ ਹੈ, ਇਕ ਤਰ੍ਹਾਂ ਨਾਲ ਮਨੁੱਖਤਾ ਦੀਆਂ ਜੜ੍ਹਾਂ ਵੱਢਣ ਦਾ ਕੰਮ ਕਰ ਰਿਹਾ ਹੈ। ਇਕ ਪਾਸੇ ਇਸਨੂੰ ਖਰੀਦਣ ਲਈ ਜੇਬਾਂ ਖਾਲੀ ਹੋ ਰਹੀਆਂ ਹਨ ਤੇ ਘਰ ਵਿਕ ਰਹੇ ਹਨ, ਉੱਥੇ ਦੂਜੇ ਪਾਸੇ ਇਸ ਲਤ ਨੂੰ ਚਾਲੂ ਰਖਣ ਲਈ ਪੈਸੇ ਖ਼ਾਤਰ ਲੁਟ ਖਸੁੱਟ, ਡਾਕੇ ਤੇ ਕਤਲ ਤਕ ਹੋਣੇ ਸ਼ੁਰੂ ਹੋ ਚੁੱਕੇ ਹਨ। ਨਸ਼ੇ ਦੇ ਅਸਰ ਹੇਠ

ਜਿਸਮਾਨੀ ਪੂਰਤੀ ਲਈ ਵੀ ਜੁਰਮਾਂ ਨੇ ਸਿਖਰ ਛੂਹ ਲਈ ਹੈ ਤੇ ਜੋ ਅਜ ਔਰਤ ਜ਼ਾਤ ਨਾਲ ਬੀਤ ਰਹੀ ਹੈ, ਅਖਬਾਰਾਂ ਉਸ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਪੇਸ਼ ਕਰ ਰਹੀਆਂ ਹਨ।

ਜਿੰਨੀ ਛੋਟੀ ਉਮਰ ਵਿਚ ਨਸ਼ੇ ਦੀ ਲਤ ਲੱਗ ਜਾਏ ਓਨਾ ਹੀ ਸਰੀਰ ਦਾ ਨੁਕਸਾਨ ਸਦੀਵੀ ਹੁੰਦਾ ਹੈ। ਦਿਮਾਗ਼ ਦੀ ਸੋਚਣ ਦੀ ਸ਼ਕਤੀ ਹੀ ਜਦ ਖ਼ਰਾਬ ਹੋ ਜਾਣੀ ਹੋਈ ਤਾਂ ਕਾਨੂੰਨ ਦਾ ਦਾਇਰਾ ਅਜਿਹੇ ਬੰਦੇ ਲਈ ਕੀ ਮਾਇਨੇ ਰਖ ਸਕਦਾ ਹੈ? ਜਿਗਰ, ਗੁਰਦੇ, ਦਿਲ ਤਾਂ ਖ਼ਰਾਬ ਹੋਣੇ ਹੀ ਹੋਏ ਪਰ ਸ਼ਕਰਾਣੂਆਂ ਦੀ ਕਮੀ ਅਜਿਹੇ ਬੰਦੇ ਨੂੰ ਨਾਮਰਦ ਵੀ ਬਣਾ ਦਿੰਦੀ ਹੈ। ਯਾਨੀ ਸਰੀਰ ਅਤੇ ਦਿਮਾਗ਼ ਅਸਲੋਂ ਹੀ ਖ਼ਾਲੀ ਤੇ ਨਕਾਰਾ ਹੋ ਗਏ ਸਮਝੋ।

ਦੁਨੀਆ ਭਰ ਵਿਚ ਫੈਲ ਰਿਹਾ ਖ਼ਰਬਾਂ ਦਾ ਇਹ ਕਾਰੋਬਾਰ ਪੂਰੀ ਦੁਨੀਆ ਦੇ ਬੱਚੇ ਤੇ ਜਵਾਨ ਹੜੱਪ ਕਰਦਾ ਜਾ ਰਿਹਾ ਹੈ ਤੇ ਹੁਣ ਤਾਂ ਇਸਦੀ ਰੋਕਥਾਮ ਕਰਨੀ ਲਗਭਗ ਨਾਮੁਮਕਿਨ ਹੁੰਦੀ ਜਾ ਰਹੀ ਹੈ।

ਜਿਹੜੇ ਅੰਕੜਿਆਂ ਨੇ ਯੂਨੀਸੈਫ ਦੀ ਨੀਂਦਰ ਉਡਾ ਦਿੱਤੀ ਹੈ, ਉਹ ਹਨ :-

੧. ੧੯੯੬ ਵਿਚ ਚੀਨ ਵਿਚ ਹੋਈ ਖੋਜ ਦੇ ਸਿੱਟੇ ਦਸ ਰਹੇ ਹਨ ਕਿ ਹੈਰੋਇਨ ਵਰਤਣ ਵਾਲੇ ਲੋਕਾਂ ਵਿਚੋਂ ਅੱਧੇ ਤੋਂ ਵਧ ਲੋਕ ੨੫ ਸਾਲ ਤੋਂ ਘਟ ਉਮਰ ਦੇ ਹਨ।

੨. ਸੰਨ ੧੯੯੯ ਵਿਚ ੧੨ ਤੋਂ ੨੧ ਸਾਲ ਦੇ ਵਿਦਿਆਰਥੀਆਂ ਵਿਚ ਵਿਐਨਟਿਐਨ ਵਿਖੇ ਕੀਤੀ ਖੋਜ ਨੇ ਖੁਲਾਸਾ ਕੀਤਾ ਕਿ ਨਸ਼ੇਹੜੀਆਂ ਵਿੱਚੋਂ ੪.੮ ਪ੍ਰਤੀਸ਼ਤ ਜ਼ਿੰਦਗੀ ਭਰ ਲਈ ਪੱਕੇ ਆਦੀ ਬਣ ਚੁੱਕੇ ਹੋਏ ਹਨ।

੩. ਭਾਰਤ ਵਿਚ ਹੋਈ ਖੋਜ ਦਸਦੀ ਹੈ ਕਿ ਜਿਹੜੇ ਨਸ਼ੇਹੜੀ ਨਸ਼ੇ ਛੱਡਣ ਦਾ ਇਲਾਜ ਕਰਵਾਉਣ ਹਸਪਤਾਲਾਂ ਵਿਚ ਰਿਪੋਰਟ ਕਰ ਰਹੇ ਹਨ, ਉਨ੍ਹਾਂ ਵਿੱਚੋਂ ੬੩.੬ ਪ੍ਰਤੀਸ਼ਤ ਮਰੀਜ਼ ੧੫ ਸਾਲਾਂ ਤੋਂ ਘਟ ਉਮਰ ਤੋਂ ਹੀ ਨਸ਼ੇ ਪੀਣ ਜਾਂ ਸੁੰਘਣ ਵੱਲ ਧੱਕੇ ਗਏ ਸਨ।

੪. ਭਾਰਤ ਵਿਚਲੇ ਨਸ਼ੇ ਵਲ ਧੱਕੇ ਜਾ ਚੁੱਕੇ ਬੱਚੇ ਅਫੀਮ, ਹੈਰੋਇਨ, ਸ਼ਰਾਬ, ਭੰਗ, ਭੁੱਕੀ, ਆਦਿ ਸਭ ਵਰਤ ਰਹੇ ਹਨ। ਜਿੱਥੋਂ ਤਕ ਸ਼ਰਾਬ, ਭੰਗ ਤੇ ਅਫੀਮ ਲੈ ਰਹੇ ਬੱਚਿਆਂ ਦਾ ਸਵਾਲ ਹੈ, ਸਾਰੇ ਹੀ ੧੮ ਵਰ੍ਹਿਆਂ ਦੀ ਉਮਰ ਪੂਰੀ ਕਰਨ ਤੋਂ ਪਹਿਲਾਂ ਇਹ ਲਤ ਪਾਲ ਚੁੱਕੇ ਸਨ।

੫. ਸਭ ਤੋਂ ਖ਼ਤਰਨਾਕ ਰੁਝਾਨ ਜੋ ਭਾਰਤ ਵਿਚ ਇਸ ਵੇਲੇ ਸਾਹਮਣੇ ਆ ਰਿਹਾ ਹੈ, ਉਹ ਇਹ ਹੈ ਕਿ ਬੱਚੇ ਇਸ ਵੇਲੇ ਕਈ ਤਰ੍ਹਾਂ ਦੀਆਂ ਨਸ਼ੇ ਦੀਆਂ ਦਵਾਈਆਂ ਇੱਕੋ ਸਮੇਂ ਵਰਤ ਰਹੇ ਹਨ ਯਾਨੀ ਕੌਕਟੇਲ! ਉਹ ਇੱਕੋ ਸਾਂਝੀ ਸੂਈ ਰਾਹੀਂ ਟੀਕੇ ਲਾ ਰਹੇ ਹਨ ਜਿਸ ਨਾਲ ਬੱਚਿਆਂ ਵਿਚ ਏਡਜ਼ ਬਹੁਤ ਤੇਜ਼ੀ ਨਾਲ ਫੈਲ ਰਹੀ ਹੈ।

ਕੁੱਝ ਪਲਾਂ ਲਈ ਮੇਰੇ ਨਾਲ ਵਾਪਸ ਲੇਖ ਦੇ ਸ਼ੁਰੂ ਵਿਚ ਧਿਆਨ ਦਿਓਗੇ – ਪਟਿਆਲੇ ਅੰਦਰਲੀ ਖਪਤ ਬਾਰੇ। ਪੰਜਾਬ ਦੇ ਗਭਰੂਆਂ ਦੀ ਮੂੰਹ ਬੋਲਦੀ ਤਸਵੀਰ! ਨਪੁੰਸਕ ਪੰਜਾਬੀ ਨੌਜਵਾਨ, ਨਸ਼ੇ ਵਿਚ ਗੜੂੰਦ ਨਾਲੀ ਵਿਚ ਮੂਧੇ ਪਏ ਹੋਏ, ਨਸ਼ੇ ਖਰੀਦਣ ਲਈ ਜ਼ਮੀਨਾਂ ਵੇਚ ਕੇ ਕਰਜ਼ਾਈ ਹੋਏ ਪੰਜਾਬੀ ਸ਼ੇਰ ਜੋ ਹੁਣ ਧੀਆਂ ਵੇਚਣ ਵੱਲ ਤੁਰ ਪਏ ਹਨ !

ਜਦੋਂ ਅੰਕੜੇ ਦੱਸਣ ਕਿ ੧੭ ਪ੍ਰਤੀਸ਼ਤ ਪੰਜਾਬੀ ਕੁੜੀਆਂ ਵੀ ਦੱਸਵੀਂ ਜਮਾਤ ਤਕ ਪਹੁੰਚਦੀਆਂ ਨਸ਼ੇ ਦੀ ਇਕ ਨਾ ਇਕ ਕਿਸਮ ਅਜ਼ਮਾ ਚੁੱਕੀਆਂ ਹੋਈਆਂ ਹਨ, ਤਾਂ ਫੇਰ ਅੱਗੇ ਆਉਣ ਵਾਲਾ ਸਮਾਂ ਕਿਸੇ ਤੋਂ ਲੁਕਿਆ ਹੋਇਆ ਨਹੀਂ।

ਪੰਜਾਬ, ਪੰਜਾਬੀ, ਪੰਜਾਬੀਅਤ ਲਈ ਮਨਾਂ ਅੰਦਰ ਦਰਦ ਪਾਲੀ ਬੈਠੇ ਸਾਰੇ ਸੱਜਣਾਂ ਨੂੰ ਅਪੀਲ ਹੈ ਕਿ ਹੁਣ ਨਸ਼ੇ ਵਿਰੁੱਧ ਜਿਹਾਦ ਛੇੜਨ ਦਾ ਸਮਾਂ ਹੈ। ਜੇ ਇਹ ਵੇਲਾ ਖੁੰਝ ਗਿਆ ਤਾਂ ਸਾਡੇ ਅੰਦਰ ਖੌਲਣ ਵਾਲੇ ਲਹੂ ਦਾ ਉਬਾਲ ਸਦੀਵੀ ਤੌਰ ਉੱਤੇ ਠੰਡਾ ਪੈ ਜਾਣ ਵਾਲਾ ਹੈ।

ਜੋਧੇ ਕਹਾਏ ਜਾਣ ਵਾਲੇ ਪੰਜਾਬੀ ਅਜ ਦੇ ਦਿਨ ਫੌਜ ਵਿਚ ਭਰਤੀ ਹੋਣ ਲਈ ਪਹਿਲੀ ਦੌੜ ਹੀ ਪਾਸ ਕਰਨ ਤੋਂ ਫਾਡੀ ਰਹਿ ਚੁੱਕੇ ਹੋਏ ਹਨ ਤੇ ਅੱਗੋਂ ਨਪੁੰਸਕ ਕੇਸਾਂ ਵਿਚ ਬੇਹਿਸਾਬ ਵਾਧੇ ਸਦਕਾ ਨਾਮਰਦ ਵੀ ਕਹਾਏ ਜਾਣ ਲੱਗ ਪੈਣਗੇ।

ਜਾਗੋ ਸੁੱਤੇ ਪੰਜਾਬੀਓ, ਹਾਲੇ ਵੀ ਸਮਾਂ ਹੈ! ਆਪਣੇ ਸੁੱਤੇ ਜ਼ਮੀਰ ਨੂੰ ਹਲੂਣਾ ਦਿਓ ਤੇ ਅਗਲੀ ਆਉਣ ਵਾਲੀ ਪੌਦ ਨੂੰ ਬਚਾ ਲਓ।

ਬੱਚਿਆਂ ਦੀ ਮਾਹਿਰ,

੨੮, ਪ੍ਰੀਤ ਨਗਰ, ਲੋਅਰ ਮਾਲ,

ਪਟਿਆਲਾ।

ਫੋਨ ਨੰ: 0175-2216783



ਹਰਨਾਮ ਸਿੰਘ ਰਾਗੀ (ਹਰਜਿੰਦਰ)

ਸੁਹਾਵਣੀਆਂ ਯਾਦਾਂ

ਰਾਗ ਸਿੱਖਣਾ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਦੇ ਨੇੜਲੇ ਖੇਤਰ ਵਿਚ ਪ੍ਰਵੇਸ਼ ਕਰਨ ਦਾ ਸਿੱਧਾ ਜ਼ਰੀਆ ਸੀ। ਸਤਿਗੁਰੂ ਜੀ ਨੂੰ ਸੰਗੀਤ ਅਤੇ ਸੰਗੀਤਕਾਰਾਂ ਨਾਲ ਬੇਹੱਦ ਲਗਾਵ ਹੈ। ਇਹ ਸ਼ੌਕ ਉਹਨਾਂ ਨੂੰ ਵਿਰਸੇ 'ਚ ਮਿਲਿਆ ਹੈ। ਆਪਣੇ ਪਿਤਾ ਸਤਿਗੁਰੂ ਵਾਂਗ ਉਹਨਾਂ ਦੀ ਵੀ ਇਹ ਪ੍ਰਬਲ ਇੱਛਾ ਹੈ ਕਿ ਹਰ ਨਾਮਧਾਰੀ ਬੱਚੇ ਵਿਚੋਂ ਸੰਗੀਤ ਦੀ ਖੁਸ਼ਬੂ ਜ਼ਰੂਰ ਹੀ ਆਉਣੀ ਚਾਹੀਦੀ ਹੈ। ਸਤਿਗੁਰੂ ਜੀ ਦੀ ਰਜ਼ਾ ਅੱਗੇ ਕਿਸੇ ਦੀ ਮਰਜ਼ੀ ਹੋਣ ਜਾਂ ਨਾ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਪਰ ਸਾਡੀ ਉਹ ਉਮਰ ਐਸੀ ਸੀ ਕਿ ਬਿਨਾਂ ਖੇਡਣ ਮੱਲਣ ਤੋਂ ਸਾਨੂੰ ਦੁਨੀਆਂ ਦੀ ਹਰ ਚੀਜ਼ ਬੇਸੁਆਦ ਲੱਗਦੀ ਸੀ। ਪੜ੍ਹਨਾ ਜਾਂ ਰਾਗ ਸਿੱਖਣਾ, ਇਹ ਦੋਵੇਂ ਕੰਮ ਤਾਂ ਸਾਨੂੰ ਨਿੰਮ ਪੀਣ ਦੇ ਬਰਾਬਰ ਲੱਗਦੇ। ਨਿੰਮ, ਜੋ ਪੀਣ ਤੋਂ ਬਾਅਦ ਭਾਵੇਂ ਫਾਇਦਾ ਤਾਂ ਬਹੁਤ ਕਰਦੀ ਏ ਪਰ ਪੀਣ ਲੱਗਿਆ ਇੱਕਵਾਰ ਦਿਲ ਵੀ ਬਾਹਰ ਨੂੰ ਆਉਂਦਾ ਏ।

ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ, ਭੈਣੀ ਸਾਹਿਬ ਰਹਿੰਦੇ ਹਰ ਬੱਚੇ ਵਿਚੋਂ ਸੰਗੀਤ ਦੀ ਖੁਸ਼ਬੂ ਲਿਆਉਣ ਲਈ ਦੋ ਤਰੀਕੇ ਬੜੀ ਨਿਪੁੰਨਤਾ ਨਾਲ ਵਰਤੇ ਜਾਂਦੇ ਸਨ। ਇਹ ਦੋ ਤਰੀਕੇ ਸਨ ਪਿਆਰ ਤੇ ਸਖਤੀ। ਪਿਆਰ ਸਤਿਗੁਰੂ ਜੀ ਦਾ ਅਤੇ ਸਖਤੀ ਮਸਤਾਨਾ ਹਰਦੇਵ ਸਿੰਘ ਦੀ। ਇਹਨਾਂ ਦੋਵੇਂ ਭਾਵਨਾਵਾਂ ਦੀਆਂ ਸਿਖਰਾਂ ਨਾਲ ਸਾਡਾ ਅੰਤਾਂ ਦਾ ਵਾਹ ਪਿਆ। ਸੱਚੇ ਪਾਤਸ਼ਾਹ ਜੀ ਦੇ ਪ੍ਰੇਮ ਪਿਆਰ ਦੇ ਕਿਆ ਕਹਿਣੇ। ਭੈਣੀ ਸਾਹਿਬ ਰਹਿੰਦਿਆਂ ਜਦੋਂ ਮੇਰੀ ਹੋਸ਼ ਦੀ ਅੱਖ ਖੁੱਲੀ, ਗੁਰੂ ਕੀ ਇਸ ਨਗਰੀ ਦਾ ਹਰ ਪਾਸਾ ਸਵਰ ਲਹਿਰੀਆਂ ਨਾਲ ਗੂੰਜ ਰਿਹਾ ਸੀ। ਗੁਰੂ ਜੀ ਏਹ ਕਰਕੇ ੬੫ ਸਾਲਾਂ ਤੋਂ ਕੁਝ ਉੱਤੇ ਹੋ ਚੁੱਕੇ ਸਨ। ਇਹ ਉਹ ਸਮਾਂ ਸੀ ਜਦੋਂ ਸੰਗੀਤਕ ਫੁੱਲਾਂ ਨਾਲ ਲੱਦਿਆ ਬੂਟਾ ਭਰ ਜੋਬਨ ਉੱਤੇ ਸੀ। ਕਈ ਪ੍ਰਕਾਰ ਦੇ ਮਾਜ਼ਾਂ ਨਾਲ ਵੀਹ-ਪੰਝੀ ਸੰਗੀਤਕਾਰਾਂ ਦਾ ਸਜਿਆ ਸਜਾਇਆ ਗੁਲਦਸਤਾ ਜਦੋਂ ਕੀਰਤਨ ਕਰਦਾ ਤਾਂ ਉਹ ਅਲੌਕਿਕ ਨਜ਼ਾਰਾ ਵੇਖਣ ਵਾਲਾ ਹੁੰਦਾ। ਇਹ ਸਾਰੇ ਫੁੱਲ ਉਹ ਸਨ ਜਿਨ੍ਹਾਂ ਨੂੰ ਸਤਿਗੁਰੂ ਜੀ ਨੇ ਬੜੀ ਮਿਹਨਤ ਨਾਲ ਆਪਣੀ ਬਗੀਚੀ ਵਿਚ ਤਿਆਰ ਕੀਤਾ ਸੀ। ਇਹ ਉਹਨਾਂ ਦੀ ਦੂਰ ਅੰਦੇਸ਼ੀ ਸੀ ਕਿ ਪਹਿਲਾਂ ਉਹਨਾਂ ਨੇ ਸ਼ਾਸ਼ਤਰੀ ਸੰਗੀਤ ਜਗਤ ਦੇ ਵੱਡੇ-ਵੱਡੇ ਉਸਤਾਦਾਂ ਨੂੰ ਹਰ ਸੰਭਵ ਹੀਲੇ ਵਸੀਲੇ ਵਰਤ ਕੇ ਕੀਲਿਆ ਅਤੇ ਫਿਰ ਉਹਨਾਂ ਉਸਤਾਦਾਂ ਦੀ ਸਹਾਇਤਾ ਨਾਲ ਇਹ ਗੁਲਦਸਤਾ

ਤਿਆਰ ਕੀਤਾ। ਇਸ ਗੁਲਦਸਤੇ ਵਿਚ ਲਗਭਗ ਸਾਰੇ ਹੀ ਸੰਗੀਤਕਾਰ ਐਸੇ ਸਨ ਜਿਨਾਂ ਦੇ ਮਾਤਾ ਪਿਤਾ ਨੇ ਭੈਣੀ ਸਾਹਿਬ ਆਉਣ ਤੋਂ ਪਹਿਲਾਂ ਹਾਰਮੋਨੀਅਮ ਤੱਕ ਨਹੀਂ ਸੀ ਵੇਖਿਆ ਪਰ ਸਤਿਗੁਰੂ ਜੀ ਦੇ ਪ੍ਰੇਮ ਅਤੇ ਧੀਰਜ ਨੇ ਪੱਥਰਾਂ ਉੱਤੇ ਫੁੱਲ ਉਗਾ ਕੇ ਵਿਖਾ ਦਿੱਤੇ।

ਏਨੇ ਪੰਥਕ ਰੁਝੇਵੇਂ ਹੋਣ ਦੇ ਬਾਵਜੂਦ ਸਤਿਗੁਰੂ ਜੀ ਦਾ ਸੰਗੀਤ ਨਾਲ ਲਗਾਤਾਰ ਜੁੜਿਆ ਰਹਿਣਾ ਸਾਡੇ ਲਈ ਹੈਰਾਨੀ ਦੀ ਗੱਲ ਸੀ। ਸੰਗੀਤ ਜਿਵੇਂ ਉਹਨਾਂ ਦੇ ਸਰੀਰ ਅਤੇ ਰੂਹ ਦੀ ਖੁਰਾਕ ਬਣ ਗਿਆ ਸੀ। ਮੈਨੂੰ ਯਾਦ ਹੈ ਇਕ ਵਾਰ ਪਾਤਸ਼ਾਹ ਜੀ ਬਹੁਤ ਲੰਮਾ ਸਫਰ ਤੈਅ ਕਰਕੇ ਭੈਣੀ ਸਾਹਿਬ ਪਰਤੇ ਸਨ। ਆਉਂਦਿਆਂ ਹੀ ਸੰਗੀਤ ਬੈਠਕ ਦਾ ਹੁਕਮ ਹੋ ਗਿਆ। ਕਿਸੇ ਪਹੁੰਚ ਵਾਲੇ ਨੇ ਕੋਲੋਂ ਆਖਿਆ 'ਆਪ ਜੀ ਏਨੇ ਲੰਮੇ ਸਫਰ ਤੋਂ ਆਏ ਹੋ, ਥੋੜ੍ਹਾ ਆਰਾਮ ਕਰ ਲੈਣਾ ਸੀ' ਤਾਂ ਸਤਿਗੁਰੂ ਜੀ ਨੇ ਮੁਸਕਰਾ ਕੇ ਬਚਨ ਕੀਤਾ 'ਆਰਾਮ ਹੀ ਤੇ ਕਰਨ ਲੱਗਾ ਹਾਂ।'

ਸਤਿਗੁਰੂ ਜੀ ਜਿਥੇ ਆਪ ਸੰਗੀਤ ਦੇ ਮਹਾਨ ਰਚਨਹਾਰ ਅਤੇ ਸਰਵਉੱਚ ਕੋਟੀ ਦੇ ਗਵੱਈਏ ਸਨ ਉਥੇ ਉਹਨਾਂ ਵਰਗਾ ਸਰੋਤਾ ਵੀ ਮੈਂ ਕੋਈ ਨਹੀਂ ਵੇਖਿਆ। ਕਿਉਂਕਿ ਗੁਰੂ ਦਾ ਦਰ ਸਾਰਿਆਂ ਲਈ ਖੁੱਲਾ ਹੁੰਦਾ ਹੈ ਇਸ ਲਈ ਕਈ ਵਾਰ ਉਹਨਾਂ ਦਾ ਵਾਹ ਸੰਗੀਤ ਜਗਤ ਦੇ ਹੇਠਲੀ ਸਿਖਰ ਨਾਲ ਵੀ ਪੈਂਦਾ। ਅਜਿਹੇ ਸਮੇਂ ਜਦੋਂ ਕਿ ਆਲੇ ਦੁਆਲੇ ਬੈਠੇ ਸਰੋਤਿਆਂ ਦੇ ਮੱਥੇ ਤਿਉੜੀਆਂ ਨਾਲ ਭਰੇ ਹੁੰਦੇ, ਸਤਿਗੁਰੂ ਜੀ ਬੜੀ ਸਹਿਜ ਅਵਸਥਾ ਵਿਚ ਹੁੰਦੇ। ਬੱਚਿਆਂ ਨੂੰ ਸੁਣਨ ਅਤੇ ਸਿਖਾਉਣ ਵੇਲੇ ਉਹ ਹੋਰ ਵੀ ਵਧੇਰੇ ਧੀਰਜ ਅਤੇ ਪ੍ਰੇਮ ਤੋਂ ਕੰਮ ਲੈਂਦੇ। ਸਹੀ ਸਮੇਂ ਅਤੇ ਸਹੀ ਗੱਲ ਲਈ ਹੌਸਲਾ ਵਧਾਉਣਾ ਉਹਨਾਂ ਦੀ ਆਦਤ ਵਿਚ ਸ਼ਾਮਲ ਸੀ।

ਇਹ ਸੱਚੇ ਪਾਤਸ਼ਾਹ ਜੀ ਦਾ ਵਡੱਪਣ ਸੀ ਕਿ ਉਹਨਾਂ ਨੇ ਸੰਗੀਤਕਾਰਾਂ ਨੂੰ ਉਹ ਦੁਨਿਆਵੀ ਸੁੱਖ ਸਹੂਲਤਾਂ ਪ੍ਰਦਾਨ ਕੀਤੀਆਂ ਜਿਨਾਂ ਦੀ ਕਲਪਨਾ ਸੰਗੀਤਕਾਰਾਂ ਅਗਲੇ ਕਈ ਜਨਮਾਂ ਤੱਕ ਨਹੀਂ ਸਨ ਕਰ ਸਕਦੇ। ਸਤਿਗੁਰੂ ਜੀ ਸੰਗੀਤਕਾਰਾਂ ਨੂੰ ਬੇਹੱਦ ਪਿਆਰ ਕਰਦੇ। ਉਹਨਾਂ ਦੀ ਵਿਸ਼ੇਸ਼ ਕ੍ਰਿਪਾ ਦ੍ਰਿਸ਼ਟੀ ਰਾਗੀਆਂ ਲਈ ਲਛਮਣ ਰੇਖਾ ਦਾ ਕੰਮ ਕਰਦੀ। ਮੈਂ ਵੇਖਦਾ ਕਿ ਉਹ ਸਮਰਥ ਆਗੂ ਜਿਨਾਂ ਦੀ ਕੇਵਲ ਇਕੋ ਰੋਹ ਭਰੀ ਤੱਕਣੀ ਕਿਸੇ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਕਾਫੀ ਸੀ, ਉਹ ਵੀ ਸੰਗੀਤਕਾਰਾਂ ਦੇ ਇਸ ਸਖਤ ਸੁਰੱਖਿਆ ਕਵਚ ਨੂੰ ਨਾ ਵਿੰਨ ਸਕੇ। ਇਹ ਸੁਰੱਖਿਆ ਕਵਚ ਉਦੋਂ ਤੱਕ ਅਭੇਦ ਸੀ ਜਦੋਂ ਤੱਕ ਕੋਈ ਸੰਗੀਤਕਾਰ ਆਪ ਲਛਮਣ ਰੇਖਾ ਤੋਂ ਬਾਹਰ ਨਾ ਆਇਆ। ਉਹ ਬੜੇ ਰੋਚਕ ਕਿੱਸੇ ਹਨ। ੧੯੮੦ ਈ. ਵਿਚ ਔਰੰਗਾਬਾਦ ਸੰਗੀਤ ਸੰਮੇਲਨ ਹੋਇਆ ਸੀ। ਹਾਲਾਂਕਿ ਸੰਗੀਤ ਸੰਮੇਲਨ ਬੇਹੱਦ ਸਫਲਤਾਪੂਰਵਕ ਸਿਰੇ ਚੜ੍ਹਿਆ ਸੀ ਪਰ ਫਿਰ ਵੀ ਉਸਤਾਦ ਹਰਭਜਨ ਸਿੰਘ ਜੀ ਅਤੇ ਉਸਤਾਦ ਗੁਰਦੇਵ ਸਿੰਘ ਦੀ ਦਿਨ ਰਾਤ ਦੀ ਭੱਜਦੌੜ ਨੂੰ ਦਰਕਿਨਾਰ ਕਰਦਿਆਂ ਕੁਝ ਸਖਸ਼ੀਅਤਾਂ ਵਲੋਂ ਸਤਿਗੁਰੂ ਜੀ ਕੋਲ ਉਹਨਾਂ ਵਿਰੁੱਧ ਸ਼ਿਕਾਇਤਾਂ ਦਾ ਤਕੜਾ ਪੁਲੰਦਾ ਪੇਸ਼ ਕੀਤਾ ਗਿਆ। ਸੁਭਾਵਿਕ ਤੌਰ ਤੇ ਸਤਿਗੁਰੂ ਜੀ ਨੇ ਸ਼ਿਕਾਇਤਕਰਤਾਵਾਂ ਦੇ ਸਾਹਮਣੇ ਕਲਾਕਾਰਾਂ ਲਈ ਆਪਣੀ ਨਰਾਜ਼ਗੀ ਜ਼ਾਹਿਰ ਕੀਤੀ। ਜਦੋਂ ਇਸ ਗੱਲ ਭਿਣਕ ਕਲਾਕਾਰਾਂ ਨੂੰ ਪਈ ਤਾਂ ਉਹ ਡਾਢੇ ਨਿਰਾਸ਼ ਹੋਏ। ਪਤਾ ਲੱਗਣ ਤੇ ਸਤਿਗੁਰੂ ਜੀ ਨੇ ਉਹਨਾਂ ਨੂੰ ਆਪਣੇ ਕੋਲ ਬੁਲਾਇਆ। ਅੱਗੇ ਕਵੀ ਪ੍ਰੀਤਮ ਸਿੰਘ ਜੀ ਦੀ ਲਿਖਤ ਨੂੰ ਹੂਬਹੂ ਪੇਸ਼ ਕਰਦਾ ਹਾਂ। ਅੰਦਰ ਆਉਂਦੇ ਸਾਰ ਸਤਿਗੁਰੂ ਜੀ ਨੇ ਗੁਰਦੇਵ-ਹਰਭਜਨ ਨੂੰ ਆਖਿਆ "ਜੀਵਨ ਵਿਚ ਕੌੜਾ ਫਿੱਕਾ ਅਤੇ ਉੱਚੀਆਂ-ਨੀਵੀਆਂ ਥਾਵਾਂ ਤਾਂ ਆਉਂਦੀਆਂ ਹੀ ਰਹਿੰਦੀਆਂ ਨੇ। ਇਹਨਾਂ ਵਿਚੋਂ ਸਮ-ਦ੍ਰਿਸ਼ਟੀ ਰੱਖ ਕੇ ਜਾਂ ਬਚਾਅ ਕਰਕੇ ਅੱਗੇ ਲੰਘਿਆ ਜਾਏ ਤਾਂ ਸ਼ਕਤੀ ਅਤੇ ਸਵੈ-ਵਿਸ਼ਵਾਸ ਵਧਦਾ ਹੈ।" ਸਤਿਗੁਰੂ ਜੀ ਨੇ ਪਿਆਰ ਤੇ ਡਾਢੇ ਦੁਲਾਰ ਕੇ ਇਹਨਾਂ ਬੱਚਿਆਂ ਨੂੰ ਆਖਿਆ, "ਮੇਰ ਹਜ਼ਾਰਾਂ ਲੋਕਾਂ ਨਾਲ ਰੋਜ਼ਾਨਾ ਵਾਸਤਾ ਪੈਂਦਾ ਏ ਤੇ ਹਰੇਕ ਨੂੰ ਨਾਲ ਲੈ ਕੇ ਚੱਲਣ ਦੀ ਕੋਸ਼ਿਸ਼ ਰੱਖਣੀ ਪੈਂਦੀ ਏ, ਇਸ ਲਈ ਜਦ ਕਦੀ ਵੀ ਤੁਹਾਨੂੰ ਮੇਰੇ ਬੋਲਾਂ ਵਿਚ ਤਲਖੀ ਜਾਂ ਫਿੱਕਾਪਣ ਜਾਪੇ ਤਾਂ ਤੁਸੀਂ ਉਸ ਨੂੰ ਮਹਿਸੂਸ ਨਾ ਕਰਿਆ ਕਰੋ।" ਸਤਿਗੁਰਾਂ ਇਹ ਵੀ ਦੱਸਿਆ ਕਿ ਉਹਨਾਂ ਨੂੰ ਦੂਜਿਆਂ ਨੂੰ ਨਾਲ ਰੱਖਣ ਲਈ ਕਈ ਵਾਰ ਨਰਾਜ਼ਗੀ ਦਾ ਸਾਂਗ ਵੀ ਭਰਨਾ ਪੈਂਦਾ ਏ। ਦੋ ਕੁ ਬਚਨ ਕਰਕੇ ਸਤਿਗੁਰੂ ਜੀ ਉੱਠ ਬੈਠੇ। ਜਦੋਂ ਮੈਂ ਬਾਹਰ ਆਇਆ, ਪਿੱਛੇ ਮੁੜ ਕੇ ਵੇਖਿਆ ਤਾਂ ਸਤਿਗੁਰੂ ਜੀ ਹਰਭਜਨ ਸਿੰਘ ਨੂੰ ਛਾਤੀ ਨਾਲ ਲਾਈ, ਖੱਬੇ ਹੱਥ ਦੇ ਘਸੁੰਨ ਨਾਲ ਉਹਦੀਆਂ ਗੱਲਾਂ ਨੂੰ ਗੁੰਨ੍ਹ ਰਹੇ ਸਨ। ਮੇਰੇ ਨਾਲ ਨਜ਼ਰ ਮਿਲੀ ਤਾਂ ਹੱਸ ਪਏ। ਸਤਿਗੁਰੂ ਜੀ ਉਹਨਾਂ ਨੂੰ ਪਿਆਰ ਕਰਦੇ ਹਨ ਜਿਨ੍ਹਾਂ ਨੂੰ ਨੇੜੇ ਦੇ ਕਈ ਬੇਹੱਦ ਨਫਰਤ ਕਰਦੇ ਹਨ।' ਹੋਰ ਵੀ ਹਜ਼ਾਰਾਂ ਐਸੇ ਕਿੱਸੇ ਹਨ ਜਿਨਾਂ ਦੇ ਅਸੀਂ ਖੁਦ ਗਵਾਹ ਹਾਂ। ਜੇ ਸਮੇਂ ਨੇ ਸਾਥ ਦਿੱਤਾ ਤਾਂ ਉਹ ਕਿਸੇ ਵੀ ਜ਼ਰੂਰ ਅੱਖਰਾਂ ਦਾ ਰੂਪ ਲੈਣਗੇ।

ਸ੍ਰੀ ਭੈਣੀ ਸਾਹਿਬ, ੯੮੦੩੫-੦੮੦੮੫

ਔਖੀ ਘਾਟੀ

ਹੁਕਮਨਾਮੇ ਭੇਜਣ ਦੀ



ਤਾਰਾ ਸਿੰਘ ਅਨਜਾਣ

ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਸਾਧਾਰਨ ਹਾਲਤ ਵਿਚ ਸਿੱਖਾਂ ਨੂੰ ਲਿਖੇ ਹੁਕਮਨਾਮੇ ਨਹੀਂ। ਇਹ ਹੁਕਮਨਾਮੇ ਲਿਖਣ ਵਾਲਾ ਬਰਤਾਨਵੀ ਸਰਕਾਰ ਦਾ ਰਾਜਨੀਤਕ ਕੈਦੀ ਸੀ। ਸਰਕਾਰ ਨੂੰ ਪੱਕਾ ਪਤਾ ਸੀ ਕਿ ਜੇ ਉਸਨੂੰ ਦੂਰ ਭੇਜ ਕੇ, ਨਜ਼ਰਬੰਦ ਕਰਕੇ ਨਾ ਰੱਖਿਆ ਗਿਆ ਤਾਂ ਉਸ ਦੇ ਪੈਰੋਕਾਰ ਸਾਮਰਾਜ ਵਿਰੁੱਧ ਐਸੀ ਬਗ਼ਾਵਤ ਕਰ ਸਕਦੇ ਹਨ ਜਿਹੜੀ ਸੰਭਾਲਣੀ ਹਾਕਮਾਂ ਲਈ ਔਖੀ ਹੋਵੇਗੀ। ਉਸਦੇ ਨਾਮਿਲਵਰਤਨ ਦੇ ਰੱਦੇ-ਅਮਲ ਤੋਂ ਉਹ ਪਹਿਲਾਂ ਹੀ ਪ੍ਰੇਸ਼ਾਨ ਸਨ। ਉਸਦਾ ਡਾਕ ਪ੍ਰਬੰਧ-ਕੂਕਾ ਪੋਸਟਲ ਸਿਸਟਮ ਹੀ ਸਰਕਾਰ ਕੋਲ ਉਸਦੀਆਂ ਸਰਗਰਮੀਆਂ ਦੀਆਂ ਖ਼ਬਰਾਂ ਨਹੀਂ ਸੀ ਪਹੁੰਚਣ ਦੇਂਦਾ। ਸੋ ਉਸਨੂੰ ਮਯਾਂਮਾਰ (ਬਰ੍ਹਮਾ) ਦੀ ਰਾਜਧਾਨੀ ਯਾਂਗੋ (ਰੰਗੂਨ) ਇਸ ਲਈ ਰੱਖਿਆ ਗਿਆ ਕਿ ਟਾਪੂ ਵਰਗੇ ਇਸ ਦੇਸ਼ ਵਿਚੋਂ ਹਿੰਦੁਸਤਾਨ-ਪੰਜਾਬ ਤੇ ਉਸ ਦਾ ਕਿਸੇ ਨਾਲ ਕੋਈ ਸੰਪਰਕ ਨਾ ਰਹੇ ਸਕੇ। ਬ੍ਰਹਮਾ ਦੀ ਤਾਂ ਭਾਸ਼ਾ, ਸਭਿਆਚਾਰ ਤੇ ਰੰਗ-ਨਸਲ, ਬਿਨਾ ਧਰਮ ਦੀ ਵੀ ਸਿੱਖਾਂ ਨਾਲ ਕੋਈ ਸਾਂਝ ਨਹੀਂ ਸੋ ਉਹ ਕਿਸਨੂੰ ਕਿਵੇਂ ਆਪਣੀ ਗੱਲ ਸਮਝਾਏਗਾ ਤੇ ਕੋਈ ਕਿਸ ਸਾਂਝ ਕਰਕੇ ਉਸਦੀ ਗੱਲ ਸੁਣ ਕੇ ਹਮਦਰਦੀ ਪ੍ਰਗਟ ਕਰੇਗਾ। ਮਨੁੱਖੀ ਸਾਂਝ ਤਾਂ ਇਕ ਆਦਰਸ਼ਕ ਅਰਥ ਹੀ ਰੱਖਦੀ ਹੈ ਜੇ ਕਿਤੇ ਹੀ ਅਸਰ ਵਿਖਾਉਂਦੀ ਹੋਵੇ। ਫਿਰ ਸੰਚਾਰ ਲਈ ਕੋਈ ਸੰਕੇਤ ਭਾਸ਼ਾ ਤੇ ਭਾਵਨਾਤਮਕ ਸਾਂਝ ਤਾਂ ਲੋੜੀਂਦੀ ਹੈ। ਸਤਿਗੁਰੂ ਜੀ ਨੂੰ ਕੁਝ ਮਹੀਨੇ ਸੈਂਟਰਲ ਜੇਲ੍ਹ ਵਿਚ ਰੱਖਣ ਬਾਅਦ ਛਾਉਣੀ ਦੇ ਇਲਾਕੇ ਵਿਚ ਲੈ ਆਂਦਾ ਗਿਆ ਇਕ ਬੰਗਲੇ ਵਿਚ। ਇਹ ਓਹੀ ਬੰਗਲਾ ਸੀ ਜਿਥੇ ੧੮੬੨ ਈ. ਵਿਚ ਚੜ੍ਹਾਈ ਕਰ ਜਾਣ ਤੱਕ ਭਾਰਤ ਦਾ ਆਖ਼ਰੀ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਨਜ਼ਰਬੰਦ ਰਿਹਾ ਸੀ। ਉਸਨੂੰ ਨੇੜੇ ਹੀ ਦਫ਼ਨਾ ਕੇ ਉਸਦੀ ਕਬਰ ਬਣਾਈ ਗਈ ਸੀ। ਬਾਰ- [illegible] ਮਹਾਰਾਣੀ ਜੀਨਤ ਮਹਿਲ ਬੱਚਿਆਂ ਨਾਲ ਰਹੀ ਤਾਂ ਫਿਰ ਉਸਨੂੰ ਛਾਵਣੀ ਦੇ ਡਾਕਘਰ ਵਜੋਂ ਵਰਤਿਆ ਜਾਣ ਲੱਗਾ।

ਸਤਿਗੁਰੂ ਜੀ ਦੇ ਜਦ ਸਰਕਾਰੀ ਹੁਕਮ ਅਨੁਸਾਰ ਬਾਹਰ ਦੀ ਦੁਨੀਆਂ ਪੂਰੀ ਤਰ੍ਹਾਂ ਸੰਬੰਧ ਹੀ ਤੋੜ ਦਿੱਤੇ ਗਏ ਤਾਂ ਹੁਕਮਨਾਮੇ ਲਿਖਣ ਦਾ ਮਾਹੌਲ ਕਿਵੇਂ ਬਣਦਾ। ਫਿਰ ਵੀ ੭੦ ਕੁ ਹੁਕਮਨਾਮੇ ਆਏ।

ਰੰਗੂਨੋਂ ਸਤਿਗੁਰੂ ਜੀ ਨੇ ਆਪਣੇ ਭਰਾ, ਮਹਾਰਾਜ ਬੁੱਧ ਸਿੰਘ ਨੂੰ ੨੪ ਜੂਨ ੧੮੭੨ ਈ. ਨੂੰ ਆਪਣਾ ਹਾਲਚਾਲ ਦੱਸਣ ਤੇ ਉਹਨਾਂ ਦੀ ਸੁੱਖ-ਅਨੰਦ ਪੁੱਛਣ ਲਈ, ਸਰਕਾਰ ਰਾਹੀਂ, ਚਿੱਠੀ ਭੇਜੀ ਜਿਸਨੂੰ ਭੈਣੀ ਸਾਹਿਬ ਪਹੁੰਚਾਉਣ ਬਾਰੇ, ਪੰਜਾਬ ਸਰਕਾਰ ਦੇ ੨੯ ਅਗਸਤ ੧੮੭੨ ਨੂੰ ਰਾਏ ਮੰਗੀ ਗਈ। ਪਰ ਸਰਕਾਰ ਦੇ ਇਨਕਾਰ ਕਰਨ ਉਤੇ ਚਿੱਠੀ ਠੰਢੇ ਬਸਤੇ ਵਿਚ ਪਾ ਦਿੱਤੀ ਗਈ।

ਮਹਾਰਾਜ ਬੁੱਧ ਸਿੰਘ ਨੇ ੧੩ ਜਨਵਰੀ ੧੮੭੩ ਈ. ਨੂੰ, ਸਤਿਗੁਰੂ ਜੀ ਨੂੰ ਮਿਲਣ ਦੀ ਇਜਾਜ਼ਤ ਮੰਗਦਿਆਂ, ਸਰਕਾਰ ਨੂੰ ਅਰਜ਼ੀ ਲਿਖੀ। ਉਸਨੂੰ ਠੱਪ ਕਰ ਦਿੱਤਾ ਗਿਆ ਤਾਂ ਕਿ ਸਤਿਗੁਰੂ ਜੀ ਦੀ ਕੋਈ ਸੂਹ ਨਾ ਮਿਲੇ ਤੇ ਸੰਪਰਕ ਟੁੱਟਿਆ ਰਹੇ।

ਸ. ਜਸਵਿੰਦਰ ਸਿੰਘ ਦੀ ਖੋਜ ਅਨੁਸਾਰ ਨਵੰਬਰ ੧੮੭੨ ਈ. ਦਾ, ਮਹਾਰਾਜ ਬੁੱਧ ਸਿੰਘ ਦਾ ਪੱਤਰ ਸਤਿਗੁਰੂ ਜੀ ਨੂੰ ਪਹੁੰਚਾ ਦਿੱਤਾ ਇਸਦੇ ਬਾਵਜੂਦ ਨਾਮਧਾਰੀ ਸਿੱਖਾਂ ਨੂੰ ਨਹੀਂ ਸੀ ਪਤਾ ਕਿ ਸਤਿਗੁਰੂ ਜੀ ਕਿਥੇ ਹਨ ਤੇ ਕਿਸ ਹਾਲਤ ਵਿਚ ਹਨ।'

ਵੱਖ-ਵੱਖ ਥਾਈਂ ਨਜ਼ਰਬੰਦ ਸੂਬਿਆਂ ਦਾ ਸਤਿਗੁਰੂ ਜੀ ਨੂੰ ਪੱਤਰ ਲਿਖਣ ਦਾ ਹਵਾਲਾ ਦਸਤਾਵੇਜ਼ਾਂ ਵਿਚ ਮਿਲਦਾ ਹੈ। ਕੁਝ ਪੱਤਰ ਰੋਕ ਵੀ ਲਏ ਗਏ ਸਨ।

ਸਤਿਗੁਰੂ ਜੀ ਦੇ ਦਰਸ਼ਨ ਕਰਨ ਦੀ ਇਜਾਜ਼ਤ, ਪਹਿਲੀ

ਵਾਰ ਸੰਤ ਹਰਨਾਮ ਸਿੰਘ ਤੇ ਮਾਈ ਚੰਦੋ ਪਿੰਡ ਭਾਣੇ ਦੇ ਪਤੀ-ਪਤਨੀ ਨੂੰ, ਲੈਫਟੀਨੈਂਟ ਗਵਰਨਰ ਪੰਜਾਬ ਵਲੋਂ ਅਸਿਸਟੈਂਟ ਕਮਿਸ਼ਨਰ ਦੇ ਦਸਤਖਤਾਂ ਹੇਠ, ੨੩ ਅਕਤੂਬਰ ੧੮੭੪ ਈ. ਨੂੰ ਚਿੱਠੀ ਰਾਹੀਂ ਮਿਲੀ। ਉਹ ਮਾਇਆ ਬਸਤਰ ਆਦਿ ਦਰਸ਼ਨ ਭੇਟ ਲੈ ਕੇ ਬੜੇ ਚਾਵਾਂ ਨਾਲ ਰੰਗੂਨ ਪੁੱਜੇ। ਉਹਨਾਂ ਚੀਫ ਕਮਿਸ਼ਨਰ ਬਰ੍ਹਮਾ ਨੂੰ ਜਾ ਕੇ ਸਰਕਾਰੀ ਪਰਵਾਨਾ ਵਿਖਾਇਆ। ਦਰਸ਼ਨ ਦੀ ਇਜਾਜ਼ਤ ਦੇਣ ਦੀ ਥਾਂ ਉਹਨਾਂ ਨੂੰ ਉਸਨੇ ਹਿਰਾਸਤ ਵਿਚ ਲੈ ਕੇ ੨੫ ਅਪ੍ਰੈਲ ੧੮੭੫ ਨੂੰ ਸਟੀਮਰ ਵਿਚ ਬਿਠਾ ਕੇ ਵਾਪਸ ਕਲਕੱਤੇ ਭੇਜ ਦਿੱਤਾ ਗਿਆ। ਇਜਾਜ਼ਤ ਨਾ ਮਿਲਣ ਦੇ ਬਾਵਜੂਦ ਉਹ ਦਰਸ਼ਨ ਕਰ ਕੇ ਆਏ। ਉਹਨਾਂ ਨੇ ਭੈਣੀ ਸਾਹਿਬ ਆ ਕੇ ਇਸ ਸਰਕਾਰੀ ਧੱਕੇ ਦੀ ਵਾਰਤਾ ਸੁਣਾਈ ਤਾਂ ਸਮਝਿਆ ਗਿਆ ਕਿ ਸਿੱਧੀ ਉਂਗਲ ਨਾਲ ਘਿਓ ਨਹੀਂ ਨਿਕਲਣਾ।

ਸਤਿਗੁਰੂ ਜੀ ਨੂੰ ਜਿਸ ਬੰਗਲੇ ਵਿਚ ਨਜ਼ਰਬੰਦ ਕਰ ਕੇ ਰੱਖਿਆ ਗਿਆ ਉਹ ਵਾਇਲਜ਼ ਰੋਡ (ਊਵਿਜ਼ਾਰਾ ਰੋਡ) ਉਤੇ ਸੀ। ਉਸਦੇ ਖੱਬੇ ਪਾਸੇ ਬਜ਼ਾਰ ਰੋਡ ਸੀ ਸੱਜੇ ਪਾਸੇ ਕੁਝ ਦੂਰ, ਬਹਾਦਰ ਸ਼ਾਹ ਜ਼ਫ਼ਰ ਦੀ ਕਬਰ। ਸਾਮ੍ਹਣੇ ਪ੍ਰੇਡ ਗ੍ਰਾਊਂਡ ਸੀ ਇਲਾਕਾ ਛਾਉਣੀ ਦਾ ਸੀ। ਬੰਗਲਾ ੪੪'×੪੪' ਥਾਂ ਵਿਚ ਸੀ। ਪਹਿਲੀ ਮੰਜ਼ਲ ਉਤੇ ਚਾਰ ਵੱਡੇ ਕਮਰੇ ਸਨ। ਚੁਫੇਰੇ ੨੭ ਫੁੱਟ ਥਾਂ ਛੱਡ ਕੇ ਪੰਜ ਫੁੱਟ ਡੂੰਘੀ ਖਾਈ ਸੀ। ਇਕ ਖੂਹੀ ਲਾਈ ਗਈ ਸੀ। ਫਿਰ ਸੰਤਰੀਆਂ ਦੇ ਫਿਰਨ ਤੁਰਨ ਲਈ ਥਾਂ ਸੀ ਚਾਰ-ਚੁਫੇਰੇ ਕੋਨਿਆਂ ਤੇ ਉਹਨਾਂ ਲਈ ਹੱਟਸ (ਛੱਤਣ) ਸਨ। ਉਸਦੇ ਬਾਹਰ ੮'-੬" ਉੱਚਾ ਜੰਗਲਾ ਸੀ। ਕਿੰਨਾਂ ਖ਼ਤਰਨਾਕ ਸਮਝਿਆ ਜਾਂਦਾ ਸੀ, ਸਤਿਗੁਰੂ ਜੀ ਨੂੰ। ਪਹਿਰਾ ਕਿੰਨਾ ਸਖ਼ਤ ਸੀ।

"ਰੰਗੂਨ ਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਰ ਦੋਹਰਾ ਪੈਹਰਾ ਹੈ, ਇਕ ਆਵੇ ਇਕ ਜਾਵੇ ਦੋਹੀਂ ਪਾਸੀਂ ਬੰਗਲੇ ਕੇ। ਕਿਨੇ ਮਦਰਾਸੀਆਂ ਦਾ ਤੇ ਰਾਤ ਨੂੰ ਗੋਰਿਆਂ ਦਾ। ਗੋਲੀ ਭਰੀ ਬੰਦੂਕ ਚੁੱਕੀ, ਖੜੇ ਨਾ ਹੋਵਨ, ਟੈਹਲਦੇ ਰਹਿਣਾ। ਚਾਰੋਂ ਤਰਫ ਕੀ ਖਵਰ ਰਖਦੇ ਹੈਂ ਕਿ ਕੋਈ ਆਦਮੀ ਆਏ ਕੇ ਗੱਲ ਨਾ ਕਰੇ, ਨਾ ਖੜੇ ਹੋਵੇ। ਜੋ ਅੰਦਰ ਨੂੰ ਜਾਵੇ, ਇਕ ਬੜਾ ਹਦ ਕੀਤੀ ਹੋਈ ਸੀ ਕਿ ਇਸ ਪਰ ਜੋ ਆਇ ਕੇ ਖੜਾ ਹੋਵੇ ਉਸ ਕੋ ਗੋਲੀ ਮਾਰ ਕੇ ਮਾਰ ਦਿਓ। ਦੇਂਦਾ ਲੈਂਦਾ ਗੱਲ ਕਰਦਾ ਹੱਥ ਆਵੇ ਉਸ ਕੋ ਜੇਹਲਖਾਨਾ ਹੋਵੇਗਾ।" ਸਤਿਗੁਰੂ ਬਿਲਾਸ ਭਾਗ ਦੂਜਾ-

ਹਿੰਮਤੇ ਮਰਦਾਂ, ਮਦਦੇ ਖੁਦਾ, ਨਾਮਧਾਰੀਆਂ ਵੀ ਪਤਾ ਲਾਉਣ ਤੇ ਦਰਸ਼ਨ ਕਰਨ ਲਈ ਯਤਨ ਨਹੀਂ ਛੱਡੇ। ਅੰਗਰੇਜ਼ ਸਰਕਾਰ ਦੇ ਆਤੰਕ ਨੇ ਭਾਵੇਂ ਉਹਨਾਂ ਨੂੰ ਭੰਨ ਸੁੱਟਿਆ ਸੀ ਪਰ ਇਹ ਸਤਿਗੁਰੂ ਜੀ ਨਾਲ, ਇਸ਼ਕ-ਹਕੀਕੀ ਰੱਖਣ ਵਾਲੇ ਕਦੋਂ ਰੁਕਣ ਵਾਲੇ ਸਨ। ਪਹਿਲੀ ਸਫਲਤਾ ਮਿਲੀ ਬਾਬਾ ਦਰਬਾਰਾ ਸਿੰਘ ਰਾਏਪੁਰ ਨੂੰ। ਉਹ ਭੈਣੀ ਸਾਹਿਬ ਰਹਿੰਦਾ ਸੀ। ਪਹਿਲਾਂ ਲਾਹੌਰ ਦਰਬਾਰ ਦਾ ਫ਼ੌਜੀ ਸੀ। ਪਿੰਡ ਦਾ ਨੰਬਰਦਾਰ ਸੀ। ਵੈਲੀ ਸੀ, ਪੂਰਾ ਅਮਲੀ। ਮਾਸ, ਸ਼ਰਾਬ ਬਿਨਾ ਉਸਦਾ ਝੱਟ ਨਹੀਂ ਸੀ ਲੰਘਦਾ। ਸਤਿਗੁਰੂ ਰਾਮ ਸਿੰਘ ਐਸਾ ਪ੍ਰੇਮ ਦਾ ਤੀਰ ਮਾਰਿਆ, ਸੁੱਤੀ ਅਣਖ ਜਗਾਈ ਕਿ ਉਹਨਾਂ ਦੇ ਦਰ ਦਾ ਭੌਰਾ ਬਣ ਗਿਆ। ਉਹ ਸਰਕਾਰੀ ਕੰਮਾਂ ਵਾਸਤੇ ਲੁਧਿਆਣੇ ਜਾਂਦਾ ਸੀ, ਬਹੁਤਾ ਪੁਲਿਸ ਸੁਪਰਡੰਟ ਜੇ. ਪੀ. ਬਾਰਬਟਨ ਨੂੰ ਮਿਲਦਾ ਸੀ। ਇਕ ਦਿਨ ਉਸਦੇ ਬੰਗਲੇ ਗਏ ਨੂੰ ਵੈਰਾਗੇ ਨੈਣਾਂ ਵਾਲੇ ਨੂੰ, ਉਸਦੀ ਮੇਮ ਨੇ ਦੱਸ ਦਿੱਤਾ ਕਿ ਗੁਰੂ ਜੀ ਰੰਗੂਨ ਬੰਗਲੇ ਵਿਚ ਹਨ। ਉਸ ਦੀਆਂ ਅੱਖਾਂ ਵਿਚ ਚਮਕ ਵੇਖ ਕੇ ਮੇਮ ਨੂੰ ਚੰਗਾ ਕੰਮ ਕਰਨ ਦੀ ਖੁਸ਼ੀ ਸੀ। ਉਹ ਭੈਣੀ ਸਾਹਿਬ ਆ ਕੇ ਮਹਾਰਾਜ ਬੁੱਧ ਸਿੰਘ ਨਾਲ ਪਤਾ ਮੇਲ ਕੇ, ਮਹੀਨੇ ਦੀ ਛੁੱਟੀ ਲੈ ਕੇ ਪਿੰਡ ਰਾਏਪੁਰ ਆ ਗਿਆ। ਪੁੱਤਰ ਨੂੰ ਹਦਾਇਤ ਕਰ ਕੇ ਕਿ ਜੇ ਕੋਈ ਪੁੱਛੇ ਕਿੱਥੇ ਹਨ ਤਾਂ ਕਹਿਣਾ, ਮੋਨ ਵਰਤ ਧਾਰਿਆ ਹੈ, ਭਜਨ ਕਰਦੇ ਹਨ ਅੰਦਰ ਹੀ।

ਬਾਬਾ ਜੀ ਨੇ ਭੇਸ ਬਦਲਿਆ। ਪਟਿਆਲਾਸ਼ਾਹੀ ਦਾੜ੍ਹੀ ਚੜ੍ਹਾ ਕੇ ਠੋਕਵੀਂ ਪੱਗ ਬੰਨ੍ਹ ਲਈ। ਗਲ ਰੇਸ਼ਮੀ ਕੁੜਤਾ, ਤੇੜ ਰੇਬ ਪਜਾਮਾ ਪਾ ਕੇ ਹੱਥ ਵਿਚ ਚਾਂਦੀ ਦੀ ਸੰਮਾਂ ਵਾਲੀ ਡਾਂਗ ਲੈ ਕੇ, ਪੈਰੀਂ ਪੋਠੋਹਾਰੀ ਜ਼ਰੀ ਦੀ ਜੁੱਤੀ ਪਾਈ। ਟੌਹਰ ਕੱਢ ਕੇ, ਸਤਿਗੁਰ ਦਾ ਆਸਰਾ ਲੈ ਕੇ ਪਿੰਡੋਂ ਅੰਬਾਲਾ, ਅੰਬਾਲਿਉਂ ਕਲਕਤੇ ਤੇ ਉਥੋਂ ਸਮੁੰਦਰੀ ਜਹਾਜ਼ ਫੜ ਠਾਹ ਰੰਗੂਨ (ਯਾਂਗੋ) ਜਾ ਵੱਜਾ। ਉਥੋਂ ਪੁੱਛਦਾ-ਪੁਛਾਉਂਦਾ, ਡਰਦਾ-ਤ੍ਰਹਿੰਦਾ, ਆਪਣੀ ਪਛਾਣ ਛੁਪਾਉਂਦਾ ਬੰਗਲੇ ਅੱਗੇ ਜਾ ਨੱਤਮਸਤਕ ਹੋਇਆ। ਇਹ ਸਮਝਿਆ ਗਿਆ ਕਿ ਗੌਤਮ ਕੇ ਮਠ ਕੋ ਮਥਾ ਟੇਕਿਆ ਹੈ। ਪੁੱਛਣ ਤੇ, "ਏਥੇ ਕੌਨ ਹੈ? ਉਹਨਾਂ ਕਹਿਆ ਪੰਜਾਬ ਸੇ ਆਏ ਹੈਂ ਬੜੇ ਕਲਾ ਵਾਲੇ ਹੈਂ।"ਬਾਬਾ ਦਰਬਾਰਾ ਸਿੰਘ ਨੇ ਕਹਿਆ ਜੇ ਕਲਾ ਵਾਲਾ ਹੁੰਦਾ ਤਾਂ ਏਥੇ ਕਿਉਂ ਆਉਂਦਾ। ਉਹਨਾਂ ਲੋਕਾਂ ਕਹਿਆ ਕੇ ਜੇ ਏਥੇ ਨਾ ਆਉਂਦਾ ਤਾਂ ਅਸਾਂ ਲੋਕਾਂ ਦਾ ਭਲਾ ਕਿਵੇਂ ਹੁੰਦਾ।'"

-ਸਤਿਗੁਰੂ ਬਿਲਾਸ ਭਾਗ ਦੂਜਾ

ਬਾਬਾ ਜੀ ਦਾ ਇਹ ਸੁਣ ਕੇ ਅੰਦਰ ਹਰਿਆ ਹੋ ਗਿਆ ਕਿ ਠੀਕ ਥਾਂ ਤੇ ਪਹੁੰਚ ਗਿਆ ਹੈ ਪਰ ਸੰਗੀਨ ਪਹਿਰਾ ਕਿਵੇਂ ਚਰਨ ਬੰਦਨਾ ਕਰੇ। ਇਕ ਦਿਨ ਰਾਤ ਵੇਲੇ ਮੌਕਾ ਤਾੜ, ਜੰਗਲਾ ਟੱਪ ਜਾਂ ਹੰਝੂਆਂ ਨਾਲ ਗੁਰੂ ਚਰਨਾਂ ਨੂੰ ਧੋਤਾ। ਕਮਰੇ ਵਿਚ ਬੈਠ ਸਿਆਲ ਦੀ ਹਨ੍ਹੇਰੀ ਰਾਤੇ ਆਪਣੇ ਦੁੱਖਾਂ ਦੇ ਪਹਾੜਾਂ ਦੀ ਗਾਥਾ ਖੋਲ੍ਹ ਸੁਣਾਈ ਕਿ ਕੂਕਿਆਂ ਦਾ ਪੱਤਾ ਪੱਤਾ ਵੈਰੀ, ਬਾਬਾ ਜੱਸਾ ਸਿੰਘ ਦਾ ਰਾਮਸਰ ਕੋਲ ਸਸਕਾਰ ਨਹੀਂ ਕਰਨ ਦਿੱਤਾ ਗਿਆ। ਕੂਕਿਆਂ ਲਈ

ਸਖ਼ਤੀਆਂ ਪੰਜਾਂ ਨੂੰ ਇਕੱਠੇ ਨਾ ਹੋਣ ਦੇਣ, ਗੁਰਦੁਆਰਾ ਹਾਂਡੇ-ਪਾਣੀ ਤੱਕ ਪੁੱਟਿਆ। ਮੌਕਾ ਤਾੜ ਕੇ ਜੰਗਲਾ ਟੱਪ ਕੇ, ਕਪੜੇ ਝਾੜ ਕੇ, ਵਾਪਸ ਟਿਕਾਣੇ ਚਲਾ ਗਿਆ। ਬਾਬਾ ਜੀ, ਸਤਿਗੁਰੂ ਜੀ ਦੇ ਬੱਘੀ ਤੇ ਸੈਰ ਕਰਦਿਆਂ ਦੇ ਵੀ ਆ ਦਰਸ਼ਨ ਕਰਦੇ ਤੇ ਬਚਨ ਵੀ ਸੌਖੇ ਹੋ ਜਾਂਦੇ ਕਿਉਂਕਿ ਹੋਰ ਕੋਈ ਪੰਜਾਬੀ ਨਹੀਂ ਸੀ ਸਮਝਦਾ। ਹੁਕਮ ਅਨੁਸਾਰ, ਕਈ ਦਿਨਾਂ ਬਾਅਦ ਵਾਪਸ ਮੁੜਨ ਲੱਗਿਆਂ ਨੂੰ ਸਤਿਗੁਰੂ ਜੀ ਨੇ ਹੁਕਮਨਾਮਾ ਦਿੱਤਾ-ਅਰਦਾਸ। ਇਸ ਵਿਚ ਉਚੇਚਾ ਮਹਾਰਾਜ ਬੁੱਧ ਸਿੰਘ ਬਾਰੇ ਲਿਖਿਆ।

"ਸ੍ਰੀ ਸਤਿਗੁਰੂ ਜੀ ਸੰਗਤ ਵੱਲ ਲਿਖ ਭੇਜਿਆ ਸੀ ਜੋ ਇਸ ਮੂਰਤੀ ਕੋ ਮੇਰੇ ਸਮਾਨ ਜਾਣੇਗਾ ਸੋ ਮੈਨੂੰ ਨੀ ਜਾਣੇਗਾ। ਅੱਜ ਤੋਂ ਏਨਾ ਦਾ ਨਾਮ ਹਰੀ ਸਿੰਘ ਹੋਇਆ। ਸੰਗਤ ਨੂੰ ਹਰੀ ਰੱਖੇਗਾ। ਇਸਨੂੰ ਸਿਰ ਕਰਤਾ ਜਾਨਣਾ। ਏਸ ਦੇ ਧੱਕੇ ਨੂੰ ਮੈਂ ਨਹੀਂ ਬਖ਼ਸ਼ਾਂਗਾ ਮੇਰੇ ਧੱਕੇ ਨੂੰ ਇਹ ਬਖ਼ਸ਼ ਲਵੇਗਾ।'" ਸਤਿਗੁਰੂ ਬਿਲਾਸ ਭਾਗ ਦੂਜਾ

ਦੀਵੇ ਦੀ ਲੋਅ ਵਿਚ ਪੜ੍ਹਿਆ ਗਿਆ ਹੁਕਮਨਾਮਾ ਤਾਂ ਸਦਾ ਵਰਤ ਦੀ ਕੰਧ ਵਿਚ ਰੱਖ ਕੇ ਲੁਕਾ ਲਿਆ ਪਰ ਲੋਅ ਲੱਗਣ ਤੱਕ ਇਸ ਦਾ ਸੁਨੇਹਾ ਗੁਰਦੁਆਰੇ ਦੀ ਡਿਉਢੀ ਤੋਂ ਬਾਹਰ ਵੀ ਪਹੁੰਚ ਗਿਆ, ਕੰਨੋ ਕੰਨੀ। ਫਿਰ ਕੀ ਸੀ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟਣ ਲਈ, ਜ਼ੁਲਮ ਤੇ ਜਬਰ ਦਾ ਮੁਕਾਬਲਾ ਕਰਨ ਲਈ, ਇਸ ਹੁਕਮਨਾਮੇ ਪਿਛੋਂ ਨਵੇਂ ਪ੍ਰੋਗਰਾਮ ਬਣਨ ਲੱਗੇ। ਉਹ ਨਾ ਲੁਕੇ ਰਹੇ।

ਬਿਰਹਾ ਭੁਯੰਗਮ ਦੇ ਡੰਗੇ, ਬਰਤਾਨਵੀ ਹਕੂਮਤ ਦੇ ਸਤਾਏ, ਸਤਿਗੁਰੂ ਰਾਮ ਸਿੰਘ ਦੇ ਦਰਸ਼ਨਾਂ ਲਈ ਬਿਹਬਲ ਨਾਮਧਾਰੀ ਸਿੱਖਾਂ ਨੂੰ ਦਰਸ਼ਨ ਦਾ ਦਰ ਖੁਲ੍ਹਦਾ ਲੱਗਾ ਭਾਵੇਂ ਔਖਾ। ਇਸ ਬਾਰੇ ਡਾ. ਹਰਿਭਜਨ ਸਿੰਘ ਨੇ ਲਿਖਿਆ,

"ਪੰਜਾਬ ਦੇ ਸ਼ਰਧਾਲੂ ਲੋਕ ਜਲ ਤੋਂ ਵਿਛੜੀ ਮੀਨ ਵਾਂਗ ਆਪਣੇ ਸਤਿਗੁਰੂ ਦਾ ਵਿਛੋੜਾ ਮਹਿਸੂਸ ਕਰਦੇ ਸਨ। ਕਈ ਸ਼ਰਧਾਲੂ ਭੇਸ ਬਦਲ ਕੇ ਲੰਮੀਆਂ ਮੰਜ਼ਲਾਂ ਮਾਰ ਕੇ ਉਹਨਾਂ ਤਕ ਪਹੁੰਚਦੇ ਪਰ ਉਹਨਾਂ ਨੂੰ ਮਿਲਣ ਨਾ ਦਿੱਤਾ ਜਾਂਦਾ। ਇਕ ਕਰੜਾ ਪਹਿਰਾ ਸੀ ਤੇ ਉਹਨਾਂ ਤਕ ਪਹੁੰਚਣਾ ਮੁਸ਼ਕਲ ਸੀ। ਤਾਂ ਵੀ ਆਪਣੇ ਸਤਿਗੁਰੂ ਨੂੰ ਮਿਲਣ ਲਈ ਬਿਹਬਲ ਲੋਕ ਕੋਈ ਨਾ ਕੋਈ ਵਸੀਲਾ ਨਾ ਲੱਭਦੇ। ਉਹਨਾਂ ਤਾਈਂ ਰਸਾਈ ਕਰਦੇ। ਆਪਣਾ ਮਿਲ ਸਕਦੇ ਹਾਂ ਆਪਣੀਆਂ ਚਿੱਠੀਆਂ ਉਹਨਾਂ ਤਕ ਪਹੁੰਚਾਉਂਦੇ। ਗੁਰਬਾਣੀ ਦਾ ਫ਼ੁਰਮਾਣ ਹੈ-

ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ॥
ਗੁਰਸਿਖੁ ਲੰਘਿ ਗੁਰ ਪਹਿ ਜਾਈ॥

ਇਸ ਕਥਨ ਨੂੰ ਸੱਚ ਕਰ ਵਖਾਇਆ ਸਤਿਗੁਰੂ ਰਾਮ ਸਿੰਘ ਦੇ ਸਿੱਖਾਂ ਨੇ। ਚਿੱਠੀਆਂ ਦਾ ਦੂਵਲਾ ਸੰਚਾਰ ਸ਼ੁਰੂ ਹੋ ਗਿਆ। ਇਹਨਾਂ ਚਿੱਠੀਆਂ ਨੂੰ ਸ਼ਰਧਾਲੂ ਲੋਕ ਹੁਕਮਨਾਮੇ ਕਹਿੰਦੇ ਹਨ ਤੇ ਤਿਆਗ ਦੀ ਮੂਰਤ ਸਤਿਗੁਰੂ ਜੀ ਇਹਨਾਂ ਨੂੰ ਅਰਦਾਸਾਂ/ਹਰਦਾਸਾਂ ਦਾ ਨਾਮ ਦੇਂਦੇ ਹਨ। ਹਰ ਚਿੱਠੀ ਸਮੂਹ ਪੰਥ ਵਾਸਤੇ ਸੀ ਹੁਕਮ ਸੀ ਕਿ ਇਹਨਾਂ ਨੂੰ ਜਿਥੇ ਵੀ ਲੋੜ ਪਵੇ ਸੁਣਾ ਦਿਓ।

"ਲਿਖਤੀ ਚਿੱਠੀਆਂ ਗੁਰੂ ਦੇ ਬੋਲ ਦਾ ਕੰਮ ਵੀ ਸਾਰਦੀਆਂ ਸਨ।'"

ਪੰਜਾਬੋਂ ਜਾਣ ਵਾਲੇ ਸਿੰਘਾਂ ਨੂੰ ਆਪਣੇ ਬਾਣੇ ਤੇ ਰਹਿਣੀ ਬਹਿਣੀ ਕਰਕੇ ਬੜੀ ਔਖ ਹੁੰਦੀ। ਬਾਣਾ ਤਾਂ ਉਹ ਬਦਲ ਲੈਂਦੇ। ਫਲੌਰ ਦਾ ਨਰਾਇਣ ਸਿੰਘ ਉਰਦੂ, ਫ਼ਾਰਸੀ ਜਾਣਦਾ ਸੀ ਉਹ ਕੁੱਲੇ ਵਾਲੀ ਟੋਪੀ, ਲੁੰਗੀ, ਪਠਾਣੀ ਤੰਬਾ ਬੰਨ੍ਹ ਕੇ ਹਿੰਗ, ਜ਼ੀਰਾ, ਕਾਲੀ ਮਿਰਚ ਵੇਚਣ ਵਾਲਾ ਬਣ ਕੇ ਰੰਗੂਨ ਜਾ ਕੇ ਦਰਸ਼ਨ ਕਰ ਕੇ ਹੁਕਮਨਾਮਾ ਲੈ ਆਇਆ। ਅੰਮ੍ਰਿਤਸਰ ਦਾ ਸੱਦਾ ਸਿੰਘ ਮੱਥੇ ਤਿਲਕ ਸੰਧੂਰੀ ਲਾ ਕੇ, ਤਿਲ-ਚੌਲ ਜੜ ਗੰਗਾ ਦਾ ਪੰਡਾ ਬਣ ਗਿਆ। ਉਹ ਬਰ੍ਹਮੀਆਂ ਦੇ ਟੇਵੇ ਤੇ ਜੋਤਸ਼ ਲਾਉਣ ਲੱਗਾ। ਭਗਵਾਨ ਸਿੰਘ ਅੜਬੰਗੀ ਕੋਈ ਹੋਰ ਭੇਸ ਤੇ ਨਾਂ ਬਦਲ ਦੇ ਗਿਆ। ਮੀਹਾਂ ਸਿੰਘ ਹਾਂਗ ਕਾਂਗ ਦੀ ਪੁਲਿਸ ਦੀ ਵਰਦੀ ਪਾ ਕੇ ਗਿਆ, ਉਹ ਉਥੇ ਸਿਪਾਹੀ ਜੁ ਰਿਹਾ ਸੀ। ਕੋਈ ਲੱਕਦੀ ਬੰਨ੍ਹ ਕੇ ਖੁੱਲ੍ਹੇ ਡੁਲ੍ਹੇ ਕਪੜੇ ਪਾ ਕੇ ਜਾਂਦਾ ਪਰ ਡਰਦਾ ਕਿ ਤਲਾਸ਼ੀ ਲੈਂਦਿਆਂ ਹੇਠਾਂ ਪਾਇਆ ਕਛਹਿਰਾ ਨਾ ਵੇਖ ਲੈਣ।

ਮਰਯਾਦਾ ਪੱਖੋਂ ਸਿੰਘਾਂ ਸੁੱਚ ਸੋਧ ਦਾ ਪਲਾ ਨਹੀਂ ਸੀ ਛੱਡਣਾ, ਕਿਸੇ ਦੇ ਹੱਥ ਦਾ ਨਹੀਂ ਸੀ ਖਾਣਾ। ਖੂਹ, ਚਸ਼ਮੇ, ਮੀਂਹ ਆਦਿ ਦਾ ਕੁਦਰਤੀ ਜਲ ਹੀ ਵਰਤਨਾ ਸੀ ਸੋ ਧਿਆਨ ਰੱਖਿਆ ਜਾਂਦਾ ਕਿਵੇਂ ਮਿਲੇਗਾ। ਖਾਣ ਲਈ ਕੋਈ ਘਰੋਂ ਲੱਡੂ ਜਾਂ ਪਿੰਨੀਆਂ ਬਣਾ ਕੇ ਲੈ ਜਾਂਦਾ ਕੋਈ ਕੁਝ ਹੋਰ।

ਬਰ੍ਹਮਾ ਜਾਣ ਦਾ ਰਸਤਾ ਪੰਜਾਬ ਤੋਂ ਕੋਲਕਾਤਾ ਤੇ ਅੱਗੋਂ ਸਟੀਮਰ ਜਾਂ ਛੋਟੇ ਸਮੁੰਦਰੀ ਜਹਾਜ਼ ਦਾ ਸੀ। ਸਿੰਘ ਸਤਿਗੁਰੂ ਹਰੀ ਸਿੰਘ ਦੇ ਦਰਸ਼ਨ ਕਰ ਕੇ ਉਹਨਾਂ ਤੋਂ ਇਜਾਜ਼ਤ ਲੈ ਕੇ ਜਾਂਦੇ ਸਨ ਸੋ ਨੇੜੇ ਸਟੇਸ਼ਨ ਸਾਹਨੇਵਾਲ ਹੀ ਸੀ, ਸਾਹਨੇਵਾਲ ਤੋਂ ਅੰਬਾਲੇ ਤੇ ਫਿਰ ਕੋਲਕਾਤੇ। ਸਰਕਾਰੀ ਅਹਿਲਕਾਰਾਂ ਨੇ ਸੂਹੀਏ ਛੱਡੇ ਹੋਏ ਸਨ। ਉਹ ਥਾਂ ਥਾਂ ਸੁੰਘਦੇ ਕਿਤੇ ਕੋਈ ਕੂਕਾ ਤਾਂ ਨਹੀਂ ਗੱਡੀ ਵਿਚ। ਨਾਮਧਾਰੀ ਬਾਣੇ ਵਿਚ ਤਾਂ ਪਛਾਣ ਤੋਂ ਬੱਚਣਾ ਔਖਾ ਸੀ। ਨਾਮਧਾਰੀ ਸਿੰਘ ਵੀ ਜਦ ਸ਼ੱਕ ਮਹਿਸੂਸ ਕਰਦੇ ਕਿ ਕੋਈ ਸੂਹੀਆਂ ਉਹਨਾਂ ਦਾ ਧਿਆਨ ਕਰ ਰਿਹਾ ਹੈ ਤਾਂ ਉਹ ਗੱਡੀ ਤੇ ਰਸਤਾ ਬਦਲ ਲੈਂਦੇ। ਪੁਲਿਸ ਦੇ ਤਲਾਸ਼ੀ ਲੈਣ ਤੇ ਉਹਨਾਂ ਨੂੰ ਧੁੜਕੂ ਲੱਗਾ ਰਹਿੰਦਾ ਉਹ ਅੰਦਰੋਂ ਸਤਿਗੁਰੂ ਅੱਗੇ ਅਰਦਾਸ ਕਰਦੇ ਤੇ ਬਚਣ

ਪਿਛੋਂ ਰਾਹਤ ਮਹਿਸੂਸ ਕਰਦੇ। ਇਹਨਾਂ ਮੁਸ਼ਕਲਾਂ ਬਾਰੇ ਜਸਵਿੰਦਰ ਸਿੰਘ ਨੇ ਲਿਖਿਆ ਹੈ-

"ਕੁਝ ਔਕੜਾਂ ਨਾਮਧਾਰੀ ਸਿੰਘਾਂ ਨੇ ਆਪਣੀਆਂ ਧਾਰਮਿਕ ਮਰਯਾਦਾਵਾਂ ਨੂੰ ਕਾਇਮ ਰੱਖਣ ਪਖੋਂ ਵੀ ਆਪ ਵਧਾ ਲਈਆਂ ਹੋਈਆਂ ਸਨ। ਨਾਮਧਾਰੀ ਪਹਿਰਾਵਾ, ਸੋਧ ਕਾਇਮ ਰੱਖਣੀ ਇਹਨਾਂ 'ਚੋਂ ਕੁਝ ਸਨ। ਨਾਮਧਾਰੀ ਸਿੰਘ ਕਲਕੱਤੇ (ਕੋਲਕਾਤਾ) ਜ਼ਿਆਦਾਤਰ ਨਾਮਧਾਰੀ ਪਹਿਰਾਵੇ ਵਿਚ ਹੀ ਜਾਂਦੇ ਸਨ ਅਤੇ ਉੱਥੇ ਮਦਦ ਕਰਨ ਵਾਲੇ ਸਿੰਘਾਂ ਪਾਸ ਰੁਕਣ ਦੌਰਾਨ ਉਹ ਆਪਣੇ ਬਸਤਰ ਬਦਲਦੇ ਸਨ। ਸੋਧ ਦਾ ਜਲ ਵੀ ਸਮੱਸਿਆ ਹੁੰਦੀ। ਕਲਕੱਤੇ ਅਤੇ ਰੰਗੂਨ ਸਿੰਘ ਉੱਥੇ ਰੁਕਦੇ ਜਿਥੇ ਕੁਦਰਤੀ ਪਾਣੀ ਮਿਲ ਸਕੇ। ਮੈਂ ਆਪ ਉਹਨਾਂ ਥਾਵਾਂ ਤੇ ਜਾ ਕੇ ਦੇਖਿਆ ਹੈ, ਕਲਕਤੇ ਛੋਟੀ ਸੰਗਤ, ਬੜੀ ਸੰਗਤ, ਤਾਰਾ ਸਿੰਘ ਦੀ ਸੰਗਤ, ਸਿਆਲਦਾ ਰੇਲਵੇ ਸਟੇਸ਼ਨ ਦੇ ਪਿਛੇ ਇਕ ਬਾਗ ਵਿਚ ਛੋਟਾ ਜਿਹਾ ਗੁਰਦੁਆਰਾ (ਸੰਗਤ) ਆਦਿ ਥਾਵਾਂ ਤੇ ਕਈ ਦਿਨ ਲੁਕ ਕੇ ਰਹਿੰਦੇ ਸਨ। ਏਥੇ ਖੂਹ ਵੀ ਸੀ ਅਤੇ ਉਨ੍ਹੀਂ ਦਿਨੀਂ ਨੇੜੇ ਤੇੜੇ ਜ਼ਿਆਦਾ ਆਬਾਦੀ ਵੀ ਨਹੀਂ ਸੀ ਹੁੰਦੀ।"'

-ਹੁਕਮਨਾਮਿਆਂ ਬਾਰੇ

ਸਿੰਘਾਂ ਪਾਸੋਂ ਫੜੇ ਗਏ ਹੁਕਮਨਾਮਿਆਂ ਵਿਚ ਬੜਾ ਬਜ਼ਾਰ, ਤੁਲਾ ਪਟੀ, ਗੁਪਾਲ ਸਿੰਘ ਦੀ ਬਾੜੀ ਪੁਜਾਰੀ ਦੀ ਆਦਿ ਥਾਵਾਂ ਵੀ ਲਿਖੀਆਂ ਹਨ, ਜਿਥੇ ਕਿਸੇ ਨੂੰ ਠਾਹਰ ਮਿਲੇ। ਰੰਗੂਨ ਜਾ ਕੇ ਉਹ ਆਮ ਤੌਰ ਉਤੇ ਫ਼ੇਰੀ ਸਟ੍ਰੀਟ (ਪੈਡੋਸਨ ਸਟ੍ਰੀਟ) ਵਿਚ ਬਣੇ ਸ਼ਿਵ ਮੰਦਰ (ਏਸ ਨੂੰ ਠਾਕਰ ਬਾੜੀ ਕਹਿੰਦੇ ਹਨ), ਕ੍ਰਿਸ਼ਨਾ ਟੈਂਪਲ ਜਾਂ ਕਾਲੀ ਬਾੜੀ ਦੇ ਨੇੜੇ ਗਲੀ ਵਿਚ ਰਹਿੰਦੇ ਸਨ। ਰਸਤੇ ਵਿਚ ਤੇਹ ਮਿਟਾਉਣ ਲਈ ਉਹ ਖ਼ਰਬੂਜਾ ਜਾਂ ਤਰਬੂਜ਼ ਦੀ ਵੀ ਵਰਤੋਂ ਕਰਦੇ ਸਨ। ਕਲਕੱਤੇ ਅੰਮ੍ਰਿਤਸਰ ਨਿਵਾਸੀ ਪਕੌੜੀਏ ਦਾ ਛੋਟਾ ਭਰਾ ਖ਼ੁਸ਼ਹਾਲ ਸਿੰਘ ਰਹਿੰਦਾ ਸੀ। ਚਿਤਪੁਰ ਰੋਡ ਤੇ ਉਸਦੀ ਦੁਕਾਨ ਸੀ। ਸਿੰਘ ਆਉਂਦੇ ਜਾਂਦੇ ਉਸ ਕੋਲ ਰੁਕਦੇ, ਗ਼ੈਰ ਜ਼ਰੂਰੀ ਸਮਾਨ ਉਥੇ ਸੰਭਲਵਾਉਂਦੇ ਤੇ ਬਾਣਾ ਬਦਲ ਕੇ ਜਹਾਜ਼ ਵਲ ਵਧਦੇ। ਕਈ ਵਾਰ ਉਹ ਸਿੰਘਾਂ ਨੂੰ ਸਮੁੰਦਰੀ ਜਹਾਜ਼ ਤਕ ਛੱਡਣ ਜਾਂ ਲੈਣ ਲਈ ਵੀ ਆਉਂਦਾ ਸੀ। ਮਾਚੋਆਂ ਬਜ਼ਾਰ ਰੋਡ ਤੇ ਰਹਿੰਦਾ ਬਿਹਾਰੀ ਸਿੰਘ ਵੀ ਸਿੰਘਾਂ ਦਾ ਬਾਂਹ ਬੇਲੀ ਬਣਦਾ ਸੀ। ਆਮ ਪੱਤਰ ਵਿਹਾਰ ਵਿਚ ਤਾਂ ਚਿੱਠੀ ਲਿਖਣ ਵਾਲੇ ਦੀ ਡਿਊਟੀ ਉਸਨੂੰ ਲਿਖ ਕੇ ਡਾਕ-ਡੱਬੇ ਵਿਚ ਪਹੁੰਚਾਉਣ ਦੀ ਹੈ। ਅੱਗੇ ਹੋਰ ਸ਼ਹਿਰੀ ਸਰਕਾਰ ਨੇ ਲੈ ਕੇ ਜਾਣੀ ਹੈ ਤੇ ਡਾਕੀਏ ਹੱਥੀਂ ਪਹੁੰਚਣੀ ਹੈ। ਏਥੇ ਤਾਂ ਸਰਕਾਰ ਹੀ ਰੋੜੇ ਅਟਕਾਂਦੀ ਸੀ। ਪਰ ਚਿੱਠੀਆਂ ਵੀ ਕੋਈ ਸਰਕਾਰੀ, ਵਿਹਾਰਕ, ਰਸਮੀ-ਗ਼ੈਰ ਰਸਮੀ ਨਹੀਂ ਸਨ। ਉਹ ਤਾਂ ਗੁਰੂ-ਸਿੱਖ ਦੇ ਸੰਵਾਦ ਦਾ ਸਾਧਨ ਸਨ। ਉਹਨਾਂ ਰਾਹੀਂ ਹੋ ਦਰਸ਼ਨ ਕਰਕੇ ਮਿਲੀ ਤ੍ਰਿਪਤੀ ਨੂੰ, ਸਿੱਖ ਕਿਸੇ ਵੀ ਮੁੱਲ ਸਸਤੀ ਸਮਝਦੇ ਸਨ। ਡਾ. ਹਰਿਭਜਨ ਸਿੰਘ ਇਕ ਸਿੰਘ ਦਾ ਸ਼ਬਦ ਚਿੱਤਰ ਪੇਸ਼ ਕਰਦੇ ਹਨ।

"ਪ੍ਰੇਮੀ...ਆਪਣੇ ਪਿਆਰੇ ਤੇ ਸਤਿਕਾਰੇ ਸੰਬੋਧਨ ਤਕ ਪਹੁੰਚਦੇ ਸਨ। ਪਹੁੰਚਣ ਲਈ ਆਪਣੀ ਜਾਨ ਵੀ ਤਲੀ ਤੇ ਰੱਖ ਸਕਦੇ ਸਨ।

ਇਕ ਘਟਨਾ ਹੈ ਕਿ ਇਕ ਸਿੱਖ (ਮੀਹਾਂ ਸਿੰਘ) ਆਪਣੀ ਅਰਦਾਸ ਕਰਨ ਤੇ ਹੁਕਮਨਾਮਾ ਪ੍ਰਾਪਤ ਕਰਨ ਲਈ ਰੰਗੂਨ ਉਸ ਬੰਗਲੇ ਤੱਕ ਪਹੁੰਚਿਆ ਜਿਥੇ ਸਤਿਗੁਰੂ ਜੀ ਨਜ਼ਰਬੰਦ ਸਨ। ਬੰਗਲੇ ਦੇ ਆਲੇ ਦੁਆਲੇ ਉੱਚਾ ਜੰਗਲਾ ਸੀ ਤੇ ਦੋ ਹਥਿਆਰਬੰਦ ਸਿਪਾਹੀ ਪਹਿਰੇ ਤੇ ਸਨ। ਆਉਣ ਵਾਲਿਆਂ ਨੂੰ ਸਾਵਧਾਨ ਕਰਨ ਲਈ ਇਕ ਲਿਖਤ ਸੀ ਕਿ ਏਧਰ ਆਉਣ ਵਾਲੇ ਨੂੰ ਗੋਲੀ ਮਾਰ ਦਿੱਤੀ ਜਾਏ।

ਹੁਕਮਨਾਮਾ ਪ੍ਰਾਪਤ ਕਰਨ ਦਾ ਰੀਝਵਾਨ ਸਿੱਖ (ਮੀਹਾਂ ਸਿੰਘ) ਜੰਗਲੇ ਦੇ ਬਾਹਰ ਖੜਾ, ਪਹਿਰੇਦਾਰਾਂ, ਬੰਦੂਕਧਾਰੀਆਂ ਨੂੰ ਵੀ ਦੇਖ ਰਿਹਾ ਸੀ ਤੇ ਲਿਖਤ ਵੀ ਪੜ੍ਹ ਰਿਹਾ ਸੀ। ਛਿਣ ਮਾਤਰ ਲਈ ਪਹਿਰੇਦਾਰਾਂ ਨੇ ਇਕ ਦੂਜੇ ਵਲ ਪਿਠ ਫੇਰੀ ਤਾਂ ਉਹ ਸ਼ਰਧਾਲੂ ਸਿੱਖ ਛਾਲ ਮਾਰ ਕੇ ਜੰਗਲਾ ਟੱਪ ਗਿਆ। ਇਸ ਗੱਲ ਵਲੋਂ ਬੇਧਿਆਨ ਕਿ ਮੇਰੇ ਉਪਰ ਗੋਲੀ ਵੀ ਚਲੇਗੀ, ਆਪਣੇ ਗੁਰੂ ਤਕ ਪਹੁੰਚਣ ਦੀ ਤੀਬਰ ਇੱਛਾ ਸੀ ਤੇ ਇਕ ਮਨ ਇਕ ਚਿੱਤ, ਇੱਛਾ ਤੋਂ ਬਗੈਰ ਹੋਰ ਕੋਈ ਵਿਚਾਰ ਡਰ ਜਾਂ ਸ਼ੰਕਾ ਉਸਦੇ ਮਨ ਵਿਚ ਨਹੀਂ ਸੀ। ਐਸੇ ਪ੍ਰੇਮੀ ਲਈ ਇਕ ਕਵੀ ਦਾ ਕਹਿਣਾ ਹੈ ਕਿ ਪਿਆਰ ਦੇ ਨਸ਼ੇ ਵਾਲੇ, ਪਿਆਰ ਦੇ ਮੱਤੇ, ਪ੍ਰੇਮੀ ਉਹਨਾਂ ਥਾਵਾਂ ਤੋਂ ਵੀ ਅਗਾਂਹ ਲੰਘ ਜਾਂਦੇ ਹਨ ਜਿਥੇ ਭਾਵੇਂ ਆਪ ਯਮਰਾਜ ਪਹਿਰਾ ਦੇ ਰਿਹਾ ਹੋਵੇ।

"ਨਾਗਾ ਵਾੜ ਸਮੁੰਦ ਘਰ ਕੇਹਰ ਖੜੇ ਬੁਕਨ।
ਜੇ ਜਮ ਹੋਵੇ ਪਾਹਰੂ ਪ੍ਰੇਮੀ ਜਾਏ ਮਿਲਨ।"'

ਸਿੱਖਾਂ ਦੀਆਂ ਚਿੱਠੀਆਂ ਦਾ ਖੜਾਕ ਸੁਣ ਕੇ ਮੁਖ਼ਬਰ ਕੰਨ ਖੜ੍ਹੇ ਕਰ ਲੈਂਦੇ। ਸਰਕਾਰ ਨੇ ਭੈਣੀ ਸਾਹਿਬ ਗੁਰਦੁਆਰੇ ਵਿਚ ਈਸਰ ਸਿੰਘ ਰਮਦਾਸੀਆ ਮੁਖ਼ਬਰ ਵੀ ਬਿਠਾਇਆ ਸੀ। ਰੰਗੂਨ ਕਹਿਣ ਨੂੰ ਤਾਂ ਸਤਿਗੁਰ ਜੀ ਦੀ ਟਹਿਲ ਸੇਵਾ ਲਈ ਦੋ ਬ੍ਰਾਹਮਣ ਭੇਜੇ ਸਨ, ਉਂਜ ਉਹ ਉਮਰ ਕੈਦੀ ਸਨ-ਨੰਦਾ ਤੇ ਮੁੰਨਾ। ਨੰਦੇ ਨੂੰ ਤਾਂ ਰੱਬ ਦਾ ਭੈ ਸੀ, ਮੁੰਨਾ ਤਾਂ ਬਿੜਕ ਲੈਂਦਾ ਤੇ ਫੌਰਨ ਗੋਰੇ ਨੂੰ ਜਾ ਦੱਸਦਾ, ਭਾਵੇਂ ਸ਼ਰਮਿੰਦਗੀ ਹੋਵੇ।

ਸਤਿਗੁਰੂ ਜੀ ਨੇ ਆਈਆਂ ਬੇਨਤੀਆਂ ਪੜ੍ਹਨੀਆਂ ਹੁੰਦੀਆਂ

ਉਹਨਾਂ ਦਾ ਬਣਦਾ ਉੱਤਰ ਲਿਖਣਾ ਹੁੰਦਾ ਸੀ। ਪੜ੍ਹਨ ਦਾ ਕੰਮ ਤਾਂ ਘੱਟ ਔਖਾ ਸੀ। ਦਰਵਾਜ਼ਾ ਬੰਦ ਕਰਕੇ ਇਕੱਲਿਆਂ ਬੈਠ ਕੇ ਪੜ੍ਹ ਲੈਂਦੇ ਸਨ ਪਰ ਲਿਖਣ ਲਈ ਤਾਂ ਕਾਗਜ਼, ਕਲਮ, ਦੁਆਤ ਸਿਆਹੀ ਸਭ ਕੁਝ ਚਾਹੀਦਾ ਸੀ। ਉਹ ਰੱਖਣਾ ਵੀ, ਸੰਭਾਲ ਕੇ ਤੇ ਲੁਕਾ ਕੇ ਪੈਂਦਾ ਸੀ। ਸਤਿਗੁਰੂ ਜੀ ਚੀਫ ਕਮਿਸ਼ਨਰ ਨੂੰ ਇਹ ਵੀ ਕਹਿਲਵਾ ਭੇਜਦੇ ਕਿ ਸਾਨੂੰ-ਮੈਨੂੰ ਤੇ ਨਾਨੂੰ ਸਿੰਘ ਨੂੰ ਕਿਸੇ ਸੇਵਾਦਾਰ ਦੀ ਲੋੜ ਨਹੀਂ, ਇਹਨਾਂ ਦੋਹਾਂ ਨੰਦੇ ਤੇ ਮੁੰਨੇ ਨੂੰ ਲੈ ਜਾਓ। ਉਹ ਉਮਰ ਕੈਦੀ ਸਨ ਪਰ ਏਥੇ ਮੌਜ ਸੀ ਚੰਗਾ ਖਾਣ ਨੂੰ ਮਿਲਦਾ ਸੀ, ਚੱਕੀ ਪੀਹਣ ਦੀ ਜਾਂ ਹੋਰ ਕੋਈ ਮੁਸ਼ਕਤ ਨਹੀਂ ਸੀ, ਚੰਗਾ ਪਹਿਨਦੇ ਸੀ, ਖੁਲ੍ਹੇ ਫਿਰਦੇ ਸੀ ਪਰ ਮੁੰਨਾ ਇਨਾਮ ਦੇ ਲਾਲਚ ਵਿਚ ਆ ਗਿਆ।

ਮੁੰਨਾ ਤਾਂ ਸਤਿਗੁਰੂ ਜੀ ਦੇ ਗੋਰੇ ਅਫਸਰ ਨੂੰ ਇਹ ਕਹਿਣ ਤੇ ਔਖਾ ਹੋਇਆ ਸਾਡਾ ਕੰਮ ਕੋਈ ਨਹੀਂ ਹੈ ਏਸੇ ਗੋਚਰਾ ਭਾਮੇ ਰਹੇ ਭਾਮੇ ਜਾਵੇ। ਸੰਤ ਸੰਤੋਖ ਸਿੰਘ ਬਾਹੋਵਾਲ ਅਨੁਸਾਰ ਬਿੱਲੀ ਥੈਲਿਓ ਬਾਹਰ ਆ ਗਈ, "ਗੋਰੇ ਗਏ ਤੋਂ ਪਿਛੋਂ ਦੁਸ਼ਟ ਬ੍ਰਾਹਮਣ ਮੁੱਛਾਂ ਤੇ ਹੱਥ ਫੇਰੇ ਤੇ ਕਹਿਣ ਲੱਗਾ ਮੈਨੂੰ ਤਾਂ ਤੁਸੀਂ ਕੱਢਦੇ ਹੋ ਪਰ ਮੈਂ ਨਹੀਂ ਜਾਊਂਗਾ। ਮੇਰੀ ਦਾੜ੍ਹੀ ਮੂਤ ਨਾਲ ਮੁਨਾਇ ਦੇਨੀ ਜੇਕਰ ਮੈਂ ਏਥੋਂ ਜਾਮਾ। ਫੇਰ ਮੁਕਬਲੀ ਕਰਨ ਲੱਗਾ।"[9]

-ਸਤਿਗੁਰੂ ਬਿਲਾਸ ਭਾਗ ਦੂਜਾ

ਸੰਤ ਜੀ ਕਿਸੇ ਹੋਰ ਦਿਨ ਦੀ ਇਕ ਵਾਰਤਾ ਲਿਖਦੇ ਹਨ-

"ਇਕ ਦਿਨ ਨੰਦੇ ਨੇ ਹਰਦਾਸਾਂ ਤੇ ਕਲਮ ਦੁਆਤ ਰਖਦਿਆਂ ਨੂੰ ਦੇਖ ਗਿਆ। ਮੁੰਨਾ ਵੀ ਦੇਖ ਗਿਆ ਰੱਖਦਿਆਂ ਨੂੰ। ਅੱਖ ਬਚਾਇ ਕੇ ਨੰਦੇ ਨੇ ਕਾਗਤ ਕੱਢ ਕੇ ਆਪਣੇ ਸਿਰਹਾਨੇ ਦੇ ਦੀਏ। ਮੁੰਨੇ ਸੋਚਿਆ ਕਿ ਮੇਰੇ ਸਾਹਮਣੇ ਕਾਗਤ ਧਰੇ ਹੈ ਹੁਣ ਫੜਾਇ ਦੇਈਏ। ਝੱਟ ਗੋਰੇ ਕੋਲ ਗਿਆ। ਫਰੰਗੀ ਨੇ ਕਹਾ ਕੇ ਸੁਣਾਉ। ਦੁਸ਼ਟ ਨੇ ਕਿਹਾ ਮੈਂ ਦੇਖ ਕਰ ਆਇਆ ਹਾਂ ਕਾਗਤ, ਚਲ ਕੇ ਕੱਢ ਲਵੋ। ਫਰੰਗੀ ਨੇ ਸਮਝਿਆ ਕੇ ਜੇ ਨਾ ਕੁਝ ਨਿਕਲਿਆ ਤਾਂ ਮੇਰੇ ਸੇਜੇ ਬਡਾ ਫਰੰਗੀ ਹੈ ਓਹ ਖਵਰੇ ਕਿਵੇਂ ਕਰੇਗਾ। ਜੇਕਰ ਦੂਏ ਨੇ ਕਿਹਾ ਤਾਂ ਚਲਾਂਗੇ। ਨੰਦੇ ਬ੍ਰਾਹਮਣ ਨੂੰ ਮੰਗਵਾਇਆ। ਅੱਗੇ ਨੰਦੇ ਦਾ ਇਕ ਮਿੱਤਰ ਮਿਲਿਆ, ਉਸਦਾ ਨਾਮ ਨੰਦਲਾਲ ਥਾ। ਉਸਨੇ ਕਿਹਾ ਤੁਮ ਕਹਾ ਫਿਰਤੇ ਹੋ। ਨੰਦੇ ਨੇ ਕਿਹਾ ਕਿ ਮੁੰਨੇ ਨੇ ਕੁਝ ਕਹਿ ਦੀਆ ਹੈ ਓਸ ਵਾਸਤੇ ਚਲੇ ਹੈ। ਉਸਨੇ ਕਿਹਾ ਦੇਖਣਾ ਬ੍ਰਾਹਮਣਾ ਵਾਲੀ ਨਹੀਂ ਕਰਨੀ। ਜੇਕਰ ਕੋਈ ਬਾਤ ਹੋਵੇ ਵੀ ਤੁਮਨੇ ਨਹੀਂ ਕਹਿਣੀ।'" -ਸਤਿਗੁਰੂ ਬਿਲਾਸ ਭਾਗ ਦੂਜਾ

ਅੱਗੇ ਗਏ ਨੂੰ ਇਕ ਕਾਲਾ ਚੰਦ ਨੇ ਲਾਹਨਤ ਪਾਈ, "ਉਹ ਗੁਰੂ ਹੈ ਪਾਪੀਓ ਮਾੜਾ ਬੀਨਾ ਬੀਜੋ।" ਨੰਦਾ ਨਰਮ ਹੋਇਆ ਫਰੰਗੀ ਕੋਲ ਗਿਆ। ਉਸਨੇ ਮੁੰਨੇ ਵਾਲੀ ਗੱਲ ਪੁੱਛੀ ਤਾਂ ਉਸ, "ਨੰਦ ਲਾਲ ਨੇ ਕਹਾ ਕੇ ਜੀ ਏਹੀ ਝੂਠਾ ਹੈ ਕਿਉਂਕਿ ਪੈਹਰੇ ਸਗੀਨਾਂ ਵਾਲੇ ਖੜੇ ਹੈ, ਬਚਨ ਬੋਲਾ ਕੋਈ ਨਹੀਂ ਕਰਨਾ ਮਿਲਦਾ। ਕਾਗਜ਼ ਰੱਖਣ ਨੂੰ ਕੋਈ ਥਾਉਂ ਨਹੀਂ ਹੈ। ਏਹੋ ਹੀ ਝੂਠ ਬੋਲਦਾ ਹੈ। ਹੋਰ ਮੈਨੂੰ ਕੋਈ ਖਬਰ ਨਹੀਂ ਹੈ ਕਾਗਜ ਕਲਮ ਦੁਆਤ ਕੀ।'"[10] -ਸਤਿਗੁਰੂ ਬਿਲਾਸ ਭਾਗ ਦੂਜਾ

ਫਰੰਗੀ ਨੇ ਫਿਰ ਵੀ ਤਲਾਸ਼ੀ ਲੈਣੀ ਚਾਹੀ ਤਾਂ ਦੋਹਾਂ ਨੂੰ ਨਾਲ ਜਾਣ ਲਈ ਕਿਹਾ। ਨੰਦੇ ਨੇ ਬਾਹਰ ਆਉ ਖੁਦਾ ਦਾ ਭੈ ਮੰਨਣ ਵਾਲੇ ਮਾਲੀ ਖੁਦਾ ਬਖ਼ਸ਼ ਨੂੰ ਕਿਹਾ ਕੇ ਨਾਨੂੰ ਸਿੰਘ ਮੇਰੇ ਸਰਹਾਣਿਓਂ ਚਿੱਠੀਆਂ ਕੱਢ ਲਵੇ। ਉਹ ਫੌਰਨ ਗਿਆ ਤੇ ਨਾਨੂੰ ਸਿੰਘ ਨੂੰ ਦੱਸਿਆ, ਉਸ ਸਤਿਗੁਰੂ ਜੀ ਨੂੰ। ਤਾਂ ਹੁਕਮ ਅਨੁਸਾਰ ਉਸ ਸਮੱਗਰੀ ਨੂੰ ਫੂਕਣ ਤੇ ਪਰਸ਼ਾਦਾ ਬਣਾਉਣ ਲਈ ਅੱਗ ਬਾਲੀ ਗਈ। ਫਰੰਗੀ ਆਇਆ ਉਸ ਮੁੰਨੇ ਨੂੰ ਕਿਹਾ ਫੜਾ ਕਾਗਜ਼, ਉਹ ਝੂਠਾ ਹੋਇਆ ਤਾਂ ਫਰੰਗੀ ਨੇ ਉਸਨੂੰ ਵਾਪਸ ਜੇਲ੍ਹ ਭੇਜ, ਚੱਕੀ ਪੀਹਣ ਦੀ ਸਜ਼ਾ ਦਿੱਤੀ।

ਇਹ ਕਈ ਵਾਰ ਹੋਇਆ। ਇਕ ਹੋਰ ਦਿਨ ਵੀ ਮੁਖਬਰ ਨੇ ਗੋਰੇ ਨੂੰ ਕਿਹਾ, ਬਾਹਰੋਂ ਚਿੱਠੀ ਸੁੱਟੀ ਗਈ ਹੈ ਮੈਂ ਖੜਾਕ ਸੁਣਿਆ ਹੈ। ਪਰ ਜਦ ਸਤਿਗੁਰੂ ਜੀ ਦੇ ਬਿਸਤਰੇ ਦੀ, ਬਿੱਲੇ ਤਲਾਸ਼ੀ ਲਈ ਤਾਂ ਸ਼ਰਮਿੰਦਾ ਹੋਇਆ। ਸਤਿਗੁਰੂ ਜੀ, ਜਫਰ ਜਾਲ ਕੇ ਆਏ ਸਿੱਖਾਂ ਦੀ ਹੁਕਮਨਾਮੇ ਲੈਣ ਦਰਸ਼ਨ ਕਰਨ ਲਈ ਔਖੀ ਘਾਟੀ ਹਲ ਕਰਨ ਤੇ ਪ੍ਰਸੰਸਾ ਕਰਦੇ ਹਨ।

"ਤੁਸਾਂ ਦਾ ਧੰਨ ਜਨਮ ਹੈ ਜੋ ਤੁਸੀਂ ਸਾਨੂ ਐਤਕੀ ਦੂਰ ਸਮੁੰਦਰੋ ਪਾਰ ਚਲਦੇ ਦਰਸ਼ਨ ਦਿਤੇ ਨਾਲੇ ਪਦਾਰਥ ਦੀਆ। ਇਹ ਕੰਮ ਹਰਿ ਕਿਸੇ ਤੇ ਨਹੀ ਹੋਇ ਸਕਦਾ। ਗੁਰੂ ਦੀ ਕਿਰਪਾ ਨਾਲ ਧਰਮ ਡੰਡ ਕੋਈ ਹੀ ਸਹਿ ਸਕਦਾ ਹੈ। ਐਥੇ ਆ ਕੇ ਵੀ ਕਈ ਸਿੰਘ ਦੋ ਦੋ ਬਰਸ ਰਹਿ ਕੇ ਖਾਲੀ ਚਲੇ ਗਏ ਹੈਨ ਨਾਲੇ ਵੇਮਾਰ ਹੋ ਕੇ ਗਏ ਹਨ। ਤੁਸੀਂ ਤਾਂ ਭਾਈ ਸਿਖਾਂ ਵਾਲੀ ਕੀਤੀ, ਮੇਰੇ ਵਿਚ ਤਾਂ ਗੁਰੂ ਲਛਣ ਬਾਲ ਜਿਨਾ ਵੀ ਨਹੀਂ ਹੈ।...

ਹੋਰ ਜੀ ਹਰਿਦਾਸਾ ਹੈ ਸੋ ਭੀ ਸਾਭ ਕੇ ਲੈ ਜਾਣੀਆ ਨਾ ਕਿਤੇ ਡੇਗ ਦੇਣੀ ਆ ਨਾ ਕਿਸੇ ਨੂੰ ਦਿਖਾਉਣੀ ਆ, ਨਾ ਅਖਰ ਜੁੜ ਜਾਣ। ਡਿਗਣ ਤੇ ਅਰ ਜੁੜਨ ਤੇ, ਕਿਸੇ ਨੂੰ ਦੁਖਾਣ ਤੇ ਹਰਿਦਾਸਾ ਦੀ ਬਹੁਤ ਤਕੜਾਈ ਰਖਣੀ।"[11]

-ਹੁਕਮਨਾਮਾ ੬

ਭਾਈ ਤੁਸੀ ਧੰਨ ਹੋ, ਤੁਸੀਂ ਸਿਖੀ ਦਾ ਕੰਮ ਪੂਰਾ ਕੀਤਾ ਜੋ ਬੜੀ ਦੂਰ ਸਮੁੰਦ੍ ਲੰਘ ਕੇ ਦਰਸਨ ਦੀਆ ਹੈ। ਮੇਰੇ ਮੈ ਤਾ ਗੁਰਿਆਈ ਦਾ ਕੰਮ ਬਾਲ ਜਿਨਾ ਬੀ ਨਹੀਂ।

"ਹੋਰੁ ਭਾਈ ਏਥੇ ਦਾ ਹਵਾਲ ਏਹੁ ਹੈ ਏਥੇ ਨੈਣਾ ਸਿੰਘ ਹੁਰੀਂ ਆਏ। ਓਨਾ ਨੂੰ ਅਸੀਂ ਇਕੁ ਹਰਦਾਸ ਦਿੱਤੀ। ਹਰਦਾਸ ਉਰੋਂ ਉਤਾਰ ਕੇ ਨੈਣਾ ਸਿੰਘ ਨੇ ਬਹੁਤ ਲੋਕਾਂ ਨੂੰ ਦਿੱਤੀ। ਸਾਰੇ ਲੋਕਾਂ ਮੈਂ ਡੰਡ ਪਾਇ ਦਿੱਤੀ। ਓ ਸਾਰੀ ਬਾਤ ਫਰੰਗੀਆਂ ਨੇ ਸੁਣ ਲਈ। ਫੇਰ ਅੰਮ੍ਰਿਤਸਰ ਵਾਲੇ ਗੋਰੇ ਨੂੰ ਲਾਟ ਨੂੰ ਲਿਖਿਆ। ਲਾਟ ਨੇ ਐਥੇ ਵਾਲਿਆਂ ਨੂੰ ਲਿਖਿਆ ਤੁਸੀਂ ਕਿਆ ਖਬਰਦਾਰੀ ਰੱਖਦੇ ਹੋ ਰਾਮ ਸਿੰਘ ਤੇ? ਨੈਣਾ ਸਿੰਘ ਅਰਦਾਸ ਲੈ ਗਿਆ ਹੈ। ਦੇਸ ਮੈਂ ਜਾ ਕੇ ਸਭ ਕੂਕਿਓ ਕੋ ਨਕਲ ਉਤਾਰਿ ਉਤਾਰਿ ਦੇਂਦਾ ਹੈ।"[12]

ਹੁਕਮਨਾਮਾ-੭

ਹਾਕਮਾਂ ਨੂੰ ਚਿੰਤਾ ਹੀ ਇਸ ਗੱਲ ਦੀ ਸੀ ਕਿ ਇਸ ਰਹਿਬਰ ਦੀ ਆਪਣੇ ਪੈਰੋਕਾਰਾਂ ਨਾਲ ਸਾਂਝ ਕੁਝ ਵੀ ਅਣਚਾਹਿਆ ਕਰ ਸਕਦੀ ਸੀ, ਸਰਕਾਰ ਨੂੰ ਵਖਤ ਪਾ ਸਕਦੀ ਸੀ। ਏਸੇ ਕਰਕੇ ਮਿਲਣ ਨਾ ਦੇਂਦੇ। ਸਤਿਗੁਰੂ ਜੀ ਜੀ ਸਮਝਦੇ ਸਨ ਕਿ ਜੇ ਮਿਲਣ ਦੇਣ ਤਾਂ ਕਈ ਤਰ੍ਹਾਂ ਦੇ ਬਚਣ ਬਿਲਾਸ ਹੋ ਸਕਦੇ ਸਨ ਪਰ ਅਜੇ ਇਹ ਸੁਖ ਨਾ ਸੀ ਸੋ ਆਉਣ ਤੋਂ ਵੀ ਰੋਕਦੇ ਹਨ-

-ਸੰਗਤ ਤਾਂ ਸਾਡੀ ਦੇਹ ਪ੍ਰਾਣ ਹੈ। ਪਰ ਜੇਕਰ ਏਹ ਜਾਣ ਲੈਣ ਤਾਂ ਮੈਨੂੰ ਵੀ ਤੇ ਤੁਹਾਨੂੰ ਵੀ ਦੁਖ ਦੇਣਗੇ ਮਹਾ ਮਲੇਛ ਏਹੁ ਫਰੰਗੀ। ਜਿਤਨਾ ਚਿਰ ਤੁਰ ਨਹੀਂ ਜਾਂਦੇ ਸਿੰਘ ਸੁਖ ਸਾਦ ਨਾਲ, ਓਤਨਾ ਚਿਰ ਸਾਨੂੰ ਬੜੀ ਚਿੰਤਾ ਰੈਂਦੀ ਹੈ। ਏਹ ਬਿਲੇ ਮਹਾ ਮਲੇਛ ਹੈ। ਏਨਾਂ ਦਾ ਕੁਛ ਨਹੀਂ ਬਿਗੜਦਾ ਹੈ। ਮਲੇਛੀ ਸੁਭਾਉ ਬਰਤਦੇ ਹੈ। ਜੇ ਅੰਦਰ ਔਣ ਦੇਣ ਤਾਂ ਟਹਿਲ ਕਰਾਏ ਪ੍ਰਸਾਦਿ ਚੰਗੇ ਛਕਾਈਏ ਸੰਗਤ ਜੋ।"[13]

-ਹੁਕਮਨਾਮਾ ੪੧

ਸਤਿਗੁਰੂ ਜੀ, ਹੁਕਮਨਾਮਿਆਂ ਦਾ ਸੰਗਤ ਅਤੇ ਸਰਕਾਰ ਦੋਹਾਂ ਤੇ ਅਸਰ ਮਹਿਸੂਸ ਕਰ ਰਹੇ ਸਨ। ਸਿੱਖਾਂ ਦੇ ਹਿਰਦੇ-ਕਮਲ ਖਿੜ ਰਹੇ ਸਨ, ਸਰਕਾਰ ਉਹਨਾਂ ਨੂੰ ਮਧੋਲ ਰਹੀ ਸੀ।

ਜਿਥੇ ਵੀ ਕੋਈ ਰੁੱਖਾਂ ਦੀ ਝਿੜੀ ਵਿਚੋਂ ਕਦੀ ਅਵਾਜ਼ ਆਉਂਦੀ ਛਾਪਾ ਮਾਰਿਆ ਜਾਂਦਾ ਤਾਂ ਪਤਾ ਲੱਗਾ ਕਿ ਕੂਕੇ ਹੁਕਮਨਾਮੇ ਜਾਂ ਉਹਨਾਂ ਦੀਆਂ ਨਕਲਾਂ ਪੜ੍ਹ ਰਹੇ ਸਨ। ਨਾ ਬਦਲ ਕੇ ਲਿਖਣ ਕਰਕੇ ਪਹਿਲਾਂ ਤਾਂ ਭੁਲੇਖਾ ਰਿਹਾ ਪਰ ੧੮੭੮ ਈ. ਤੱਕ ਤਾਂ ਸਰਕਾਰ ਪੂਰੀ ਚੌਕਸ ਹੋ ਗਈ ਲੱਗਦੀ ਸੀ ਤਾਂ ਹੀ ਉਸ ਨੇ ਲਿਖਿਆ,

"ਇਹ (ਗੁਰੂ ਰਾਮ ਸਿੰਘ) ਬੜਾ ਹੀ ਖ਼ਤਰਨਾਮਕ ਵਿਅਕਤੀ ਹੈ। ਸ਼ਾਇਦ ਹਿੰਦੁਸਤਾਨ ਵਿਚ ਇਸ ਵੇਲੇ ਸਭ ਤੋਂ ਖ਼ਤਰਨਾਕ ਵਿਅਕਤੀ ਹੈ ਅਤੇ ਹਰ ਹੀਲੇ ਉਸ ਨਾਲ ਪੱਤਰ ਵਿਹਾਰ ਖ਼ਤਮ ਹੋਣਾ ਚਾਹੀਦਾ ਹੈ।"[14]

[illegible]

ਕੁਝ ਪਹਿਰੇਦਾਰ ਵੀ ਸ਼ਾਇਦ ਇਸ ਭਾਵਨਾ ਨੂੰ ਸਮਝਣ ਲੱਗ ਗਏ ਸਨ ਕਿ ਇਹਨਾਂ ਦਾ ਕੋਈ ਅਪਰਾਧ ਨਹੀਂ ਐਵੇਂ ਇਹਨਾਂ ਦੇ ਪੈਰੋਕਾਰਾਂ ਤੋਂ ਭੈਭੀਤ ਹੋ ਕੇ ਇਹਨਾਂ ਨੂੰ ਦੇਸੋਂ ਦੂਰ ਨਜ਼ਰਬੰਦ ਕੀਤਾ ਹੈ। ਸੋ ਕਈ ਸਾਲਾਂ ਨੇੜੇ ਰਹਿਣ ਕਰਕੇ ਓਨੇ ਸਖ਼ਤ ਨਾ ਰਹੇ। ਕੁਝ ਨਾਲ ਸਾਂਝ ਜਿਹੀ ਪੈਦਾ ਹੋ ਗਈ ਤੇ ਉਹਨਾਂ ਵਲੋਂ ਹਮਦਰਦੀ ਵੀ। ਕੁਝ ਆਉਣ ਵਾਲੇ ਸਿੰਘ ਵੀ ਤਰੀਕੇ ਨਾਲ ਕਿਸੇ ਵੀ ਤਲੀ ਗਰਮ ਕਰ ਦੇਂਦੇ ਹੋਣਗੇ ਅਤੇ ਤੇਲ ਤਮ੍ਹਾਂ ਜਿਸ ਕੋ ਮਿਲੇ ਤੁਰਤ ਨਰਮ ਹੋ ਜਾਏ। ਜਦ ਐਸੇ ਪਹਿਰੇਦਾਰ ਦਾ ਸਮਾਂ ਹੁੰਦਾ ਤਾਂ ਮਿਲਣ ਵਿਚ ਸੌਖ ਹੁੰਦੀ। ਭਾਈ ਬਘੇਲ ਸਿੰਘ ਨੂੰ ਸਤਿਗੁਰੂ ਜੀ ਨੇ ਲਿਖਿਆ,

"ਹੋਰੁ ਤੂ ਦਿਨ ਬਿਚ ਕਈ ਵਾਰ ਫਿਰਦਾ ਤੁਰਦਾ ਰਿਹਾ ਕਰੁ। ਜੇ ਕੋਈ ਸੰਤਰੀ ਸਾਡਾ ਜਾਣੂ ਹੁੰਦਾ ਹੈ ਅਸੀਂ ਬਾਤ ਕਰ ਲੈਂਦੇ ਹਾਂ। ਜੇ ਬਾਕਬ ਨਹੀਂ ਹੁੰਦਾ ਤਾਂ ਨਹੀਂ ਕਰਦੇ। ਤੂੰ ਆਪਣਾ ਭੇਤੁ ਨਾ ਕਿਸੇ ਨੂੰ ਦੱਸੀ। ਜੇ ਕੋਈ ਪੁੱਛੇ ਤਾਂ ਆਖੀ ਮੈਂ ਨੌਕਰੀ ਵਾਸਤੇ ਆਇਆ ਹਾਂ। ਹੋਰ ਭਾਈ ਖਰਚਾ ਤਾਂ ਸਾਡੇ ਪਾਸ ਕੁਛ ਹੈ, ਤੈ ਖਰਚ ਦੀ ਖੇਚਲ ਕਿਉ ਕੀਤੀ ਏਤਨੀ।"[15]

-ਹੁਕਮਨਾਮਾ ੩੮

-ਪ੍ਰਮੇਸਰ ਨੇ ਏਨਾਂ ਦੇ ਸੰਤਰੀਆਂ ਦੇ ਮਨ ਮੈਂ ਨਰਮਾਈ ਪਾਈ ਹੈ, ਤਾਂ ਏਹ ਕੁਛਕ ਬਾਤ ਕਰਾਇ ਦੈਂਦੇ ਹਨ।"[16]

-ਹੁਕਮਨਾਮਾ ੯

ਹੋ ਸਕਦਾ ਹੈ ਇਹਨਾਂ ਦੀ ਨਰਮਾਈ ਕਾਰਨ ਹੀ ਕਾਗਜ਼-ਕਲਮ ਦੁਆਤ ਲਿਆਉਣ ਲਈ ਰਾਹ ਨਿਕਲਦਾ ਹੋਵੇ।

ਬੰਗਲੇ ਦੇ ਸਾਮ੍ਹਣੇ ਪ੍ਰੇਡ ਗ੍ਰਾਊਂਡ ਸੀ ਅਤੇ ਸਜੇ ਪਾਸੇ ਅੰਬਾਂ ਦੇ ਬੂਟਿਆਂ ਕੋਲ ਇਕ ਬੈਰਾਗੀ ਸਾਧ ਦਾ ਡੇਰਾ ਸੀ। ਉਹ ਹੁਕਮਨਾਮੇ ਲੈਣ ਅਤੇ ਅਰਦਾਸਾਂ ਅੰਦਰ ਸੁਟਣ ਵਿਚ ਮਦਦ ਕਰਦਾ ਸੀ।

ਸਿੰਘ ਦੂਰ ਅੰਬਾਂ ਦੇ ਰੁੱਖਾਂ ਹੇਠ ਬੈਠੇ ਰਹਿੰਦੇ ਸਨ। ਮਿਲੇ ਜਾ ਸਕਣ ਦੇ ਸੰਕੇਤ ਵਜੋਂ ਨਾਨੂੰ ਸਿੰਘ ਵਲੋਂ ਪੱਲਾ ਹਿਲਾਇਆ ਜਾਂਦਾ ਪਰਨੇ ਦਾ ਜਾਂ ਉਹ ਬਾਹਰ ਸੁਕਣੇ ਪਾਇਆ ਜਾਂਦਾ। ਸਿੰਘ ਇਸ਼ਾਰਾ ਸਮਝ ਕੇ ਨੇੜੇ ਆ ਜਾਂਦੇ। ਉਹ ਸੜਕ ਉਤੇ ਤੁਰੇ ਜਾਂਦੇ ਅੱਖਾਂ ਨਾਲ ਗੱਲਾਂ ਕਰਦੇ ਬੰਗਲੇ ਵਲ ਨਾ ਵੇਖਦੇ। ਉਹ ਹੁਕਮ ਅਨੁਸਾਰ ਤੁਰੇ ਤੁਰੇ ਜਾਂਦੇ 'ਅਨੰਦ' ਬੋਲਦੇ। ਸਤਿਗੁਰੂ ਜੀ ਨੇ ਸਮੁੰਦ ਸਿੰਘ, ਸਰਮੁਖ ਸਿੰਘ ਤੇ ਗੁਰਦਿਤ ਸਿੰਘ ਨੂੰ ਲਿਖਿਆ, "ਸੁਖ ਸਾਂਦ ਦੀ ਏਨੀ ਬਾਤ ਬੋਲ ਦੇਣੀ ਤੁਰੇ ਜਾਂਦੇ 'ਅਨੰਦ', ਪਰ ਤੁਸੀਂ ਓਸੇ ਅੰਬ ਹੇਠ ਬੈਠਿਆ ਕਰੋ, ਨੇੜੇ ਨਹੀਂ ਬੈਠਣਾ। ਜਦ ਅਸੀਂ ਪਲਾ ਹਲਾਈਏ ਤਾਂ ਆਇ ਜਾਣਾ। ਬੋਲਣਾ ਨਹੀਂ ਖੜੇ ਨਹੀ ਹੋਣਾ। ਤੁਰੇ ਜਾਂਦੇ ਦਰਸਨ ਦੇ ਜਾਣਾ ਭਾਵੇਂ ਬੀਸ ਵਾਰ ਕੋਈ ਡਰ ਨਹੀਂ।"[17]

-ਹੁਕਮਨਾਮਾ ੭

ਸਤਿਗੁਰੂ ਜੀ ਹਰ ਰੋਜ਼ ਤਿੰਨ ਵਾਰ ਸਵੇਰੇ ੭ ਵਜੇ, ਦੁਪਹਿਰੇ ੧੨ ਵਜੇ ਅਤੇ ਪਿਛਲੇ ਪਹਿਰ ੪ ਵਜੇ ਬੰਗਲੇ ਦੇ ਬਾਹਰ ਬਰਾਂਡੇ ਵਿਚ ਬੈਠ ਕੇ ਦਰਸ਼ਨ ਦੇਂਦੇ ਇਸ ਨਾਲ ਮੰਜ਼ਲਾਂ ਮਾਰ ਕੇ ਗਏ ਸਿੱਖਾਂ ਦੀ ਘਾਲ ਥਾਇ ਪੈਂਦੀ। ਹਫਤੇ ਵਿਚ ਤਿੰਨ ਵਾਰ ਆਪ ਨੂੰ ਬਘੀ ਤੇ ਸੈਰ ਕਰਵਾਉਣ ਦੀ ਵੀ ਸਰਕਾਰ ਦੀ ਜ਼ੁੰਮੇਵਾਰੀ ਸੀ। ਉਸ ਸਮੇਂ ਦਰਸ਼ਨ ਲਾਭ ਦੇ ਨਾਲ ਨਾਲ ਸਿੱਖ ਆਪਣੀ ਵੇਦਨਾ ਬੋਲ ਕੇ ਵੀ ਦੱਸਦੇ ਤੇ ਵਚਨਾਮ੍ਰਿਤ ਰਾਹੀਂ ਤ੍ਰਿਪਤੀ ਹਾਸਲ ਕਰਦੇ। ਪੰਜਾਬੀ ਭਾਸ਼ਾ ਕੋਈ ਹੋਰ ਨਾ ਸਮਝ ਸਕਦਾ।

ਰੰਗੂਨ ਦੀ ਯਾਤਰਾ ਕਰਨੀ ਭਾਵੇਂ ਸੌਖੀ ਨਹੀਂ ਸੀ ਫਿਰ ਵੀ ਸਿੱਖਾਂ ਦਾ ਆਉਣ ਜਾਣ ਲੱਗਾ ਰਹਿੰਦਾ। ਸਤਿਗੁਰੂ ਜੀ ਆਉਣ ਤੋਂ ਮਨ੍ਹਾ ਵੀ ਕਰਦੇ ਖਾਸ ਕਰਕੇ ਬੀਬੀਆਂ ਨੂੰ ਪਰ-

ਸੀਨੇ ਖਿਚ ਜਿਨ੍ਹਾਂ ਨੇ ਖਾਧੀ ਉਹ ਕਰ ਆਰਾਮ ਨਾ ਬਹਿੰਦੇ।
ਨਿਹੁ ਵਾਲੇ ਨੈਣਾ ਕੀ ਨੀਂਦਰ ਦਿਨੇ ਰਾਤ ਪਏ ਵਹਿੰਨੇ।
ਹੈ ਹੋਰ ਅਨੰਤ ਉਹਨਾਂ ਦੀ।
ਵਸਲੋਂ ਉਰੇ ਮੁਕਾਮ ਦਾ ਕੋਈ ਸੋ ਚਾਲੇ ਪਏ ਨਿਤ ਰਹਿੰਦੇ।"

ਏਸੇ ਚਾਲੇ ਪਿਆ ਧੰਨਾ ਸਿੰਘ ਗੁਮਟੀ ਵਾਲਾ ਹੁਕਮਨਾਮਾ ਲੈ ਕੇ ਜਾਂਦਾ ਫੜਿਆ ਗਿਆ। ੧੮੮੦ ਵਿਚ ਛੇ ਸਿੰਘ-ਧੰਨਾ ਸਿੰਘ ਗੁਮਟੀ, ਕ੍ਰਿਪਾਲ ਸਿੰਘ ਰਾਗੀ ਭਦੌੜ, ਸੋਭਾ ਸਿੰਘ, ਹਰਨਾਮ ਸਿੰਘ ਨਥਾਣਾ, ਸੌਣ ਸਿੰਘ ਰੋਡੇ ਤੇ ਹਰਨਾਮ ਸਿੰਘ ਗੁਲਾਬੇ ਕੀ ਮੰਡੀ, ੨੪ ਅਰਦਾਸਾਂ ਲੈ ਕੇ ਭੇਸ ਬਦਲ ਕੇ ਰੰਗੂਨ ਪੁੱਜੇ। ਉਹਨਾਂ ਲਾਲ ਪਗਾਂ ਬੰਨ੍ਹੀਆਂ ਹੋਈਆਂ ਸਨ, ਦਾੜ੍ਹੀਆਂ ਵੀ ਚਾੜ੍ਹ ਕੇ ਬੰਨ੍ਹੀਆਂ ਸਨ। ਕਛਹਿਰਿਆਂ ਉਤੇ ਧੋਤੀਆਂ ਬੰਨ੍ਹੀਆਂ ਸਨ। ਅਰਦਾਸਾਂ ਨੂੰ ਤੇ ਦੋ ਮਾਲਾਵਾਂ ਨੂੰ ਇਕੱਠੀਆਂ ਕਰਕੇ ਰਾਗੀ ਕ੍ਰਿਪਾਲ ਸਿੰਘ ਨੇ ਖਿਦੋ (ਗੇਂਦ) ਵਾਂਗ ਬਣਾ ਲਿਆ। ਉਤੇ ਚਿਟੀ ਲੀਰ ਬੰਨ੍ਹ ਕੇ ਖਾਣ ਲਈ ਲਿਆਂਦੇ ਲੱਡੂਆਂ ਵਿਚ ਰੱਖ ਲਿਆ। ਸੋ ਕੋਲਕਾਤੇ ਤਲਾਸ਼ੀ ਸਮੇਂ ਲੱਡੂ ਵਖਾਣ ਕਰਕੇ ਬਚਾ ਰਿਹਾ। ਰੰਗੂਨ ਵੀ ਪੁੱਛਗਿੱਛ ਹੋਈ ਪਰ ਗੁਰੂ ਨੇ ਪਤਰਖੀ ਤੇ ਉਹ ਠਾਕਰਵਾੜੀ ਆ ਰਹੇ, ੬ਵੇਂ ਦਿਨ।

ਸਤਿਗੁਰੂ ਜੀ ਦੇ ਦਰਸ਼ਨ ਕਰਨ ਦੋ ਦੋ ਕਰਕੇ ਗਏ ਪਰ ਸਿਪਾਹੀਆਂ ਨੂੰ ਦੇਖ ਕੇ ਮੁੜ ਆਏ ਸੋਭਾ ਸਿੰਘ ਤੋਂ ਬਿਨਾ। ਉਸਦੀ ਸਿਪਾਹੀ ਨਾਲ ਗੱਲ ਹੋਈ। ਉਸਨੇ ਦਰਸ਼ਨ ਤੇ ਬਚਨ ਕਰ ਲਏ। ਅਗਲੇ ਦਿਨ ਬਾਕੀ ਸਿੰਘਾਂ ਵੀ ਦਰਸ਼ਨ ਕਰਕੇ ਆਤਮਿਕ ਸੁਖ ਦੀ ਅਨੁਭੂਤੀ ਕੀਤੀ। ਨਾਨੂੰ ਸਿੰਘ ਨੇ ਪਰਨਾ ਹਿਲਾਉਣ ਦੀ ਸੈਨਤ ਨਾਲ ਫੇਰ ਵੀ ਆਉਂਦੇ ਰਹੇ।

ਸਤਵੇਂ ਦਿਨ ਧੰਨਾ ਸਿੰਘ ਗੁਮਟੀ ਅਰਦਾਸ ਲਿਖ ਕੇ ਅੰਦਰ ਸੁੱਟੀ ਕਾਲੇ ਲੋਕਾਂ ਦਾ ਪਹਿਰਾ ਸੀ। ਸਤਿਗੁਰੂ ਜੀ ਦੇ ਹੁਕਮਨਾਮੇ ਲਿਖਦਿਆ ਹਨੇਰਾ ਜਿਹਾ ਹੋ ਗਿਆ। ਪਹਿਰਾ ਗੋਰੇ ਦਾ ਆ ਗਿਆ। ੨੯ ਜੁਲਾਈ ੧੮੮੦ ਈ. ਨੂੰ ਸਤਿਗੁਰੂ ਜੀ ਦੇ ਬਾਹਰ ਸੁੱਟੇ ਹੁਕਮਨਾਮੇ ਫੜ ਕੇ ਲੈ ਕੇ ਭਜਦੇ ਧੰਨਾ ਸਿੰਘ ਗੁਮਟੀ ਨੂੰ ਮੁਸਲਮਾਨ ਸਿਪਾਹੀ ਨੇ ਦਬੋਚ ਲਿਆ। ਪੈਸੇ ਲੈ ਕੇ ਛੱਡਣ ਨੂੰ ਵੀ ਰਾਜੀ ਨਾ ਹੋਇਆ। ਸਿਪਾਹੀ ਅਬਦੁਲਾ ਖਾਂ ੨੦ਵੀਂ ਰਜਮੈਂਟ ਦਾ ਨੌਕਰ ਸੀ। ਉਹ ਇਸ ਦਲੇਰੀ ਦੇ ਸਿਰ ਉਤੇ ਤਰੱਕੀ ਦਾ ਆਸਵੰਦ ਸੀ। ਅਗਲੇ ਦਿਨ ਕੇਸ ਮੈਜਿਸਟ੍ਰੇਟ ਆਰ. ਸੀ. ਈਵਾਨਸਨ ਅਗੇ ਪੇਸ਼ ਹੋਇਆ, ਫਿਰ ਬ੍ਰਿਟਿਸ਼ ਬਰ੍ਹਮਾ ਦੇ ਕਮਿਸ਼ਨਰ ਕੋਲ ਗਿਆ। ਉਸਨੇ ਬੰਗਲਾ ੧੮੭੮ ਈ. ਦੇ ਜਿਲ੍ਹ ਐਕਟ ਅਧੀਨ ਨਾ ਹੋਣ ਕਰਕੇ ਧੰਨਾ ਸਿੰਘ ਨੂੰ ਛੱਡ ਦਿੱਤਾ ਪਰ ਉਸਨੂੰ ਵਾਪਸ ਕੋਲਕਾਤੇ ਭੇਜ ਦਿੱਤਾ ਗਿਆ। ਬਾਕੀ ਪੰਜੇ ਵੀ ਸਮੇਂ ਤੇ ਸਥਿਤੀ ਨੂੰ ਸਮਝਦੇ ਹੋਏ ੩ ਅਗਸਤ ੧੮੮੦ ਨੂੰ ਸਮੁੰਦਰੀ ਜਹਾਜ਼ ਰਾਹੀਂ ਕੋਲਕਾਤੇ ਪੁੱਜੇ।

ਸਤਿਗੁਰੂ ਜੀ ਦੇ ਉਹਨਾਂ ਦੋਹਾਂ ਹੁਕਮਨਾਮਿਆਂ ਦੀਆਂ ਹੱਥ ਲਿਖਤਾਂ ਨੈਸ਼ਨਲ ਆਰਕਾਈਵਜ਼ ਦਿੱਲੀ ਵਿਚ ਪਏ ਹਨ।

ਸਿੰਘਾਂ ਨਾਲੋਂ ਸੰਪਰਕ ਤੋੜਨ ਲਈ ਸਤਿਗੁਰੂ ਰਾਮ ਸਿੰਘ ਜੀ ਨੂੰ ਅਨੰਦਾ ਨਾਂ ਦੇ ਸਮੁੰਦਰੀ ਜਹਾਜ਼ ਰਾਹੀਂ ੧੬ ਸਤੰਬਰ ੧੮੮੦ ਈ. ਨੂੰ ਮਰਗੋਈ (ਥਈ) ਭੇਜ ਦਿੱਤਾ ਗਿਆ। ਆਪ ੨੧ ਸਤੰਬਰ ੧੮੮੦ ਨੂੰ ਮਰਗੋਈ ਜ਼ੇਲ੍ਹ ਦੇ ਇਕ ਵਾਰਡ ਵਿਚ ਰੱਖੇ ਗਏ।

ਏਥੇ ਵੀ ਆਪ ਨਾਲ ਸੰਪਰਕ ਪੈਦਾ ਕਰਨ ਵਿਚ ਮੀਹਾਂ ਸਿੰਘ ਸਰਹਾਲੀਂ ਕਾਮਯਾਬ ਹੋ ਗਿਆ। ਉਹ ਸੰਤਾ ਸਿੰਘ ਨਾਲ ਹਾਂਗਕਾਂਗ ਪੁਲਿਸ ਦੀ ਵਰਦੀ ਵਿਚ ਗਿਆ ਸੀ। ਉਸਨੇ ਬਾਬਾ ਗੁਰਚਰਨ ਸਿੰਘ ਦੀ ਰੂਸ ਤੋਂ ਲਿਆਂਦੀ ਚਿੱਠੀ ਆਪ ਨੂੰ ਦਿੱਤੀ ਸੀ। ਉਸ ਤੋਂ ਬਾਅਦ ਕਿਸੇ ਸਿੰਘ ਦੇ ਆਪ ਨੂੰ ਮਿਲਣ ਦਾ ਕੋਈ ਦਸਤਾਵੇਜ਼ੀ ਸਬੂਤ ਨਹੀਂ ਮਿਲਦਾ ਨਾ ਹੀ ਹੁਕਮਨਾਮੇ ਲਿਆਉਣੇ ਦਾ।

ਹੁਕਮਨਾਮੇ ਲਿਆਉਣ ਦੀ ਔਖੀ ਘਾਟੀ ਪਾਰ ਕਰਨ ਲਈ ਅਤੇ ਸਤਿਗੁਰੂ ਜੀ ਦਾ ਦਰਸ਼ਨ ਕਰਕੇ ਆਪਣਾ ਜੀਵਨ ਸਫਲ ਕਰਨ ਵਾਲੇ ੧੦੦ ਦੇ ਲਗਭਗ ਕੂਕੇ ਸਿੰਘਾਂ ਬਾਰੇ ਜਾਣਕਾਰੀ ਮਿਲਦੀ ਹੈ। ਇਹਨਾਂ ਵਿਚੋਂ ੮੦ ਦੇ ਸਿੰਘਾਂ ਦੀ ਸੂਚੀ ਸੰਤ ਬਿਸ਼ਨ ਸਿੰਘ ਹਿਸਟੋਰੀਅਨ ਖੋਜ ਕਰਕੇ ਤਿਆਰ ਕੀਤੀ ਜੋ ਹੇਠ ਦਿੱਤੀ ਜਾ ਰਹੀ ਹੈ-

੧. ਦਰਬਾਰਾ ਸਿੰਘ ਰਾਏਪੁਰ ੨. ਨੈਣ ਸਿੰਘ ਮੁਹਾਣਾ ੩. ਮੀਹਾਂ ਸਿੰਘ ਸਰਹਾਲੀ ੪. ਭਗਵਾਨ ਸਿੰਘ ਅੰਮ੍ਰਿਤਸਰ ੫. ਨਰਾਇਣ ਸਿੰਘ ੬. ਜੀਉਣ ਸਿੰਘ ਸਰਹਾਲੀ ੭. ਸੁਬੇਗ ਸਿੰਘ ਸਰਹਾਲੀ ੮. ਕਿਰਪਾਲ ਸਿੰਘ ਮਜ਼੍ਹਬੀ ੯. ਸਰਮੁਖ ਸਿੰਘ ਲਾਖਾ ੧੦. ਹਰਨਾਮ ਸਿੰਘ ਭਾਣਾ ਰਿਆਸਤ ਫਰੀਦਕੋਟ ੧੧. ਚੰਦ ਕੌਰ

ਭਾਣਾ ੧੨. ਟਹਿਲ ਸਿੰਘ ਸੇਖਵਾਂ ੧੩. ਸੁਬੇਗ ਸਿੰਘ ਮੁਹਾਣਾ ੧੪. ਬਘੇਲ ਸਿੰਘ ਨਾਰਲੀ ੧੫. ਲਾਲ ਸਿੰਘ ਲਤਾਲਾ ੧੬ ਬਿਹਾਰੀ ਸਿੰਘ ਘੁੰਗਰਾਲੀ ੧੭. ਲੁਹਾਰਾ ਸਿੰਘ ਘੁੰਗਰਾਲੀ ੧੮. ਸੁੰਦਰ ਸਿੰਘ ਘੁੰਗਰਾਲੀ ੧੯. ਹਰਨਾਮ ਸਿੰਘ ਨਥਾਣਾ ੨੦. ਸੁੰਦਰ ਸਿੰਘ ਕਲਾਰੀ ੨੧. ਖੁਸ਼ਹਾਲ ਸਿੰਘ ਨਾਰੰਗਵਾਲ ੨੨. ਮਸਤਾਨ ਸਿੰਘ ੨੩. ਹਰੀ ਸਿੰਘ ੨੪. ਸਾਹਿਬ ਸਿੰਘ ੨੫. ਗੇਂਦਾ ਸਿੰਘ ਅਬਲੂ ੨੬. ਗੁਰਦਿਤ ਸਿੰਘ ਅੰਮ੍ਰਿਤਸਰ ੨੭. ਕਿਰਪਾਲ ਸਿੰਘ ਅੰਮ੍ਰਿਤਸਰ ੨੮. ਸੱਦਾ ਸਿੰਘ ਅੰਮ੍ਰਿਤਸਰ ੨੯. ਮਿਹਰ ਸਿੰਘ ਉਬਾ ਪਟਿਆਲਾ ੩੦. ਰਤਨ ਸਿੰਘ ਉਬਾ ਪਟਿਆਲਾ ੩੧. ਦਇਆ ਸਿੰਘ ਉਬਾ ੩੨. ਵਸਾਵਾ ਸਿੰਘ ਸੰਤੂ ਨੰਗਲ ੩੩. ਆਲਾ ਸਿੰਘ ਸੰਤੂ ਨੰਗਲ ੩੪. ਮਤਾਬ ਸਿੰਘ ਸੰਤੂ ਨੰਗਲ ੩੫. ਸੁੰਦਰ ਸਿੰਘ ਚੀਮਾ ੩੬. ਭਗਵਾਨ ਸਿੰਘ ਸਕਰੌਦੀ ੩੭. ਮਤਾਬ ਸਿੰਘ ਸੇਖਵਾਂ ੩੮. ਹੀਰਾ ਸਿੰਘ ਮੰਢੌਰ ੩੯. ਰਾਮ ਸਿੰਘ ਲੰਘਿਆ ੪੦. ਮਿਹਰ ਸਿੰਘ ਲੰਘਿਆ ੪੧. ਤਖਤ ਸਿੰਘ ਘੁੰਗਿਆਰੀ ੪੨. ਮਾਨ ਸਿੰਘ ਮੰਢੌਰ ੪੩. ਈਸ਼ਰ ਸਿੰਘ ਮੰਢੌਰ ੪੪. ਨਰਾਇਣ ਸਿੰਘ ਫਿਲੌਰ ੪੫. ਉੱਤਮ ਸਿੰਘ ਝਾੜਮਾਰੀ ੪੬. ਅਤਰ ਸਿੰਘ ਨਾਰਲੀ ੪੭. ਫੂਲਾ ਸਿੰਘ ਨਾਰਲੀ ੪੮. ਗੁਲਾਬ ਸਿੰਘ ਹੋਲਾਵਾਲੀ ੪੯. ਹਰਨਾਮ ਸਿੰਘ ਮੋਰੋਂ ੫੦. ਕਾਹਨ ਸਿੰਘ ਬੁਰਜ ੫੧. ਨੱਥਾ ਸਿੰਘ ਗਕੜੀ ੫੨. ਸੋਭਾ ਸਿੰਘ ਖੁਰਦਪੁਰ ੫੩. ਹੀਰਾ ਸਿੰਘ ਬਡਰੁੱਖਾਂ ਜਿਲ੍ਹਾ ਸੰਗਰੂਰ ੫੪. ਧੰਨਾ ਸਿੰਘ ਗੁਮਟੀ ੫੫. ਪ੍ਰਤਾਪ ਕੌਰ ਗੁਮਟੀ ੫੬. ਲਾਲ ਸਿੰਘ ਗੁਮਟੀ ੫੭. ਸ਼ਾਮ ਸਿੰਘ ਸਰਹਾਲੀ ੫੮. ਨੈਣਾ ਸਿੰਘ ਵਰਿਆਂਹ ੫੯. ਜੀਵਨ ਸਿੰਘ ਸਰਹਾਲੀ ੬੦. ਆਲਾ ਸਿੰਘ ਉਬੋਕੇ ੬੧. ਬਹਾਦਰ ਸਿੰਘ ਉਬੋਕੇ ੬੨. ਜਗਤ ਸਿੰਘ ਨਾਰਲੀ ੬੩. ਕਾਹਨ ਸਿੰਘ ਠੱਟਾ ੬੪. ਸਮੁੰਦ ਸਿੰਘ ਘੋਟੇ ੬੫. ਸ਼ਰਮ ਸਿੰਘ ਲਾਲੂਆਣਾ ੬੬. ਨਰਾਇਣ ਸਿੰਘ ਰੋਡੇ ੬੭. ਮਨੀ ਸਿੰਘ ਮਾਈਸਰ ਖਾਨਾ ੬੮. ਗੁਰਦਿਤ ਸਿੰਘ ਭਸੌੜ ੬੯. ਅਰੂੜ ਸਿੰਘ ਅੰਮ੍ਰਿਤਸਰ ੭੦. ਬਾਬਾ ਵਸਾਖਾ ਸਿੰਘ ਭੋਮਾ ਵਡਾਲਾ ੭੧. ਭਗਵਾਨ ਸਿੰਘ ਅੜਬੰਗੀ ੭੨. ਹਰਨਾਮ ਸਿੰਘ ਮੰਡੀ ੭੩. ਕਾਕਾ ਸਿੰਘ ਫਤੇਵਾਲਾ ੭੪. ਮੂਲਾ ਸਿੰਘ ਫਤੇ ਵਾਲਾ ੭੫. ਮਸਤਾਨ ਸਿੰਘ ਰਾਈਆਂ ੭੬. ਕਾਹਨ ਸਿੰਘ ਚੂੰਨੀ ੭੭. ਬਾਬਾ ਜੋਧ ਸਿੰਘ ਚੂੰਨੀ ੭੮. ਰਾਮ ਸਿੰਘ ਚੂੰਨੀ ੭੯. ਸ਼ੇਰ ਸਿੰਘ ਚੂੰਨੀ ੮੦. ਨਰਾਇਣ ਸਿੰਘ ਚੂੰਨੀ।

ਲਿਸਟ ਤੋਂ ਬੜਾ ਸਪੱਸ਼ਟ ਹੈ ਕਿ ਇਕ ਇਕ ਪਿੰਡ ਦੇ ਕਈ ਕਈ ਨਾਮਧਾਰੀ ਸਿੰਘ ਸਿੰਘਣੀਆਂ ਬਿਖੜਾ ਪੈਂਡਾ ਤੈਅ ਕਰਕੇ ਗੁਰੂ ਦਰਸ਼ਨਾਂ ਦਾ ਹੱਜ ਕਰਕੇ ਆਉਂਦੇ ਸਨ। ਉਹ ਸਾਰੇ ਨਾਮਧਾਰੀ ਵਿਚ ਨਵੀਂ ਰੂਹ ਫੂਕਦੇ ਸਨ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਅਨੁਸਾਰ ਕਈ ਵਿਅਕਤੀ ਖੋਜ ਭਾਲ ਲਈ ਬਰ੍ਹਮਾ ਗਏ। ਇਹਨਾਂ ਥਾਵਾਂ ਉੱਤੇ ਹੀ ੨੦੦੦ ਈ. ਵਿਚ ਪੰਜ ਨਾਮਧਾਰੀ ਸਿੰਘਾਂ ਦੇ ਵਫਦ ਨਾਲ ਖੋਜ ਕਾਰਜ ਲਈ ਇਸ ਲੇਖ ਦੇ ਲੇਖਕ ਨੂੰ ਜਾਣ ਦਾ ਵੀ ਮੌਕਾ ਮਿਲਿਆ। ਉਹ ਪੰਜ ਵਿਅਕਤੀ ਸਨ-ਸੰਤ ਸੁਰਿੰਦਰ ਸਿੰਘ ਨਾਮਧਾਰੀ, ਸੰਤ ਅਜੀਤ ਸਿੰਘ, ਸੰਤ ਜਸਵਿੰਦਰ ਸਿੰਘ ਤੇ ਤਾਰਾ ਸਿੰਘ ਅਨਜਾਣ ਭਾਰਤ ਤੋਂ ਅਤੇ ਸੁਰਜੀਤ ਸਿੰਘ ਜੀਤ ਯੂ.ਕੇ ਤੋਂ। ਉਸ ਵਾਤਾਵਰਨ ਵਿਚ ਵਿਚਰ ਕੇ ਹੋਰ ਵੱਧ ਅਹਿਸਾਸ ਹੋਇਆ ਕਿ ਹੁਕਮਨਾਮੇ ਲਿਆਉਣ ਤੇ ਭੇਜਣ ਦੀ ਔਖੀ ਘਾਟੀ ਕਿੰਨੀ ਮੁਸ਼ਕਲ ਨਾਲ ਪਾਰ ਹੁੰਦੀ ਰਹੀ।

ਹਵਾਲੇ

1. ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਸੰਗ੍ਰਹਿ ਕਰਤਾ ਜਸਵਿੰਦਰ ਸਿੰਘ ਐਮ.ਏ.
2. ਸਤਿਗੁਰੂ ਬਿਲਾਸ ਭਾਗ ਦੂਜਾ-ਸੰਤ ਸੰਤੋਖ ਸਿੰਘ ਬਾਹੋਵਾਲ
3. ਓਹੀ
4. ਓਹੀ
5. ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮੇ-ਸੰਗ੍ਰਹਿਕਰਤਾ ਜਸਵਿੰਦਰ ਸਿੰਘ ਐਮ.ਏ.
6. ਓਹੀ
7. ਓਹੀ
8. ਸਤਿਗੁਰੂ ਬਿਲਾਸ-ਭਾਗ ਦੂਜਾ ਸੰਤ ਸੰਤੋਖ ਸਿੰਘ ਬਾਹੋਵਾਲ
9. ਓਹੀ
10. ਓਹੀ
11. ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ-ਸੰ. ਜਸਵਿੰਦਰ ਸਿੰਘ ਐਮ.ਏ.
12. ਓਹੀ
13. ਓਹੀ
14. ਓਹੀ
15. ਓਹੀ
16. ਓਹੀ
17. ਓਹੀ
18. ਭਾਈ ਵੀਰ ਸਿੰਘ



ਦਿਲ ਫ਼ਰੇਬ ਯਾਦਾਂ

ਸਾਧੂ ਸਿੰਘ ਕਿਸਾਨ

ਸੁਪਨਿਆਂ ਤੂੰ ਸੁਲਤਾਨ ਹੈਂ ਉਤਮ ਤੇਰੀ ਜ਼ਾਤ।
ਕਈ ਚਿਰਾਂ ਦੇ ਵਿੱਛੜੇ ਆਣ ਮਿਲਾਵੇਂ ਰਾਤ।
ਸੁਪਨੇਂ ਆਇਆ ਭੀ ਗਿਆ ਮੈਂ ਜਲ ਭਰਿਆ ਰੋਇ।
ਸੁਪਨੇ ਵਿਚ ਤੁਸੀਂ ਮਿਲੇ ....।

ਸਾਲ ਮਹੀਨੇ ਦਾ ਤੇ ਚੇਤਾ ਨਹੀਂ-ਪਰ ਯਾਦ ਸੱਜਰੀ ਹੋ ਗਈ ਏ, ਰਾਤੀਂ ਨਿੱਤ ਵਾਂਗ ਸੋਹਿਲੇ ਦਾ ਪਾਠ ਕਰਕੇ ਦੁਆ ਗੋ ਹੋਇਆ। ਤੇਰਾ-ਤੇਰੀ ਸੰਗਤ ਦਾ ਦਰਸ਼ਨ ਹੋਵੇ, ਤੇ ਹੋ ਗਿਆ। ਵਾਰਾ ਲੱਗਾ ਹੋਇਐ, ਸੰਗਤ ਬਹੁਤ ਹੈ-ਸ੍ਰੀ ਸਤਿਗੁਰੂ ਜੀ ਬੈਟਰੀ ਮਾਰ ਕੇ ਪੁੱਛਿਆ ਸਾਧੂ ਕਿੱਥੇ ਹੈ ? ਜਾਗ ਆਈ, ਕਿੱਥੇ ਨੇ ? ਮੈਂ ਜਲ ਭਰਿਆ ਰੋਇ। ਸੌਂ ਗਿਆ, ਫਿਰ ਸੀਨ ਬਦਲਿਆ। ਮੱਥੇ ਤੇ ਹੱਥ-ਸਾਧੂ ! ਸੋਧ ਰੱਖ ਲੈ !

ਉੱਠ ਕੇ ਬਹਿ ਗਿਆ, ਪੁਰਾਣੀਆਂ ਯਾਦਾਂ ਸਾਕਾਰ ਹੋ ਗਈਆਂ।

ਸੰਤ ਨਗਰ ਵਾਰੇ 'ਚ ਬਲੀ ਸਿੰਘ ਜਾਣ ਲੱਗਾ ਆਂਹਦੇ। ਜਾਣਾਂ ਏਂ ? ਮੈ ਕਿਹਾ, ਨਹਿਰੋਂ ਪਾਰ ਵਾਰ ਲੱਗਣੀ ਏਂ। ਤੁਸੀਂ ਜਾ ਆਓ। ਦਿਨੇ "ਹਰਸ਼ੇ" ਨਾਲ ਈ ਸਾਈਕਲ ਪਿੱਛੇ ਬੈਠਾ ਆ ਗਿਆ। ਕਹਿੰਦਾ, ਆਹ ਵੇਖ ਬੈਟਰੀ ਦਾ ਟੁੱਟਿਆ ਸ਼ੀਸ਼ਾ ! ਤੂੰ ਨਹੀਂ ਲੱਭਿਆ, ਤਾਂ ਹਜ਼ੂਰ ਨੇ ਏਨੇ ਜ਼ੋਰ ਨਾਲ ਬੈਟਰੀ ਸੁੱਟੀ। ਸ਼ੀਸ਼ਾ ਟੁੱਟ ਕੇ ਸੈੱਲ ਖਿੱਲਰ ਗਏ, ਧੰਨਾ ਕਹਿੰਦਾ। ਕਿਸਾਨ ਦੇ ਜਿੰਮੇ ਲਾ ਕੇ, ਨਵੀਂ ਲੈ ਆਓ !


ਚੇਤਾ ਨਹੀਂ ਕਿਹੜੇ ਸਾਲ ਸੰਮਤ ਦੀ ਗੱਲ ਏ। ਅੱਸੂ ਦਾ ਜਪ ਪ੍ਰਯੋਗ ਦਮਦਮੇ ਬਾਜੇ ਵਾਲਿਆਂ ਕਰਵਾਇਆ। ਨਿੱਤ ਨਵੇਂ ਪਦਾਰਥ, ਸੰਗਤ ਦਾ ਪਾਰਾਵਾਰ ਨਹੀਂ। ਸ੍ਰੀ ਸਤਿਗੁਰੂ ਜੀ ਦੇ ਡੇਰੇ ਝੁਰਮਟ ਪਿਐ। ਨਿਤ ਨੇਮ ਤੋਂ ਪਹਿਲਾਂ ਪਾਤਸ਼ਾਹਾਂ ਫੁਰਮਾਇਆ। ਇਕ ਸਾਲ ਸੋਧ ਰੱਖਣ ਵਾਲੇ ਨਿੱਤਰੋ ! ਸਾਰੇ ਚੁੱਪ ਚਾਂ ਹੋ ਗਈ। ਬੋਲੋ ਬਈ ! ਮੈਂ ਸੰਗਤ ਨੂੰ ਆਖਣ ਵਾਲਾ ਬਣਾਂ, ਘੁਸਰ ਮੁਸਰ ਹੋਈ। ਕਿਸਾਨ ਏਥੇ ਹੈ ਨਹੀਂ। ਓਹਦਾ ਪੱਜ ਪਾ ਕੇ ਬਚਾ ਕਰ ਲਈਏ। ਓਹ ਔਧਾ ਕਾਮਰੇਡ ਹੋਇਆ ਪਿਐ,

ਸਤਿਗੁਰੂ ਜੀ ਨੇ ਇਕ ਸਿੱਖ ਨੂੰ ਹੁਕਮ ਕੀਤਾ। ਸੈਕਲ ਤੇ ਉਡ ਜਾ ! ਕਿਸਾਨ ਕੋਈ ਕੰਮ ਕਰਦਾ ਹੋਵੇ। ਛੁਡਾ ਕੇ ਲੈ ਆ ! ਸਿੱਖ ਆ ਕੇ ਬਾਪੂ ਜੀ ਨੂੰ ਪੁੱਛਦੇ, ਕਿਸਾਨ ਕਿੱਥੇ ਹੈ। ਕਹਿੰਦੇ ਔਹ ਟੋਕਾ ਗੇੜਦਾ ਪਿਐ, ਜਾ ਕੇ ਮੈਨੂੰ ਕਹਿੰਦੇ, ਕਿਸਾਨਾਂ, ਟੋਕਾ ਛੱਡ ਦੇ। ਸਤਿਗੁਰੂ ਜੀ ਦਾ ਹੁਕਮ ਹੈ। ਕੰਮ ਛੱਡ ਕੇ ਇਕਦਮ ਚੱਲੋ, ਬਾਪੂ ਜੀ ਪੁੱਛਿਆ, ਕੀਹ ਗੱਲ ਹੈ ? ਮੈਂ ਦੱਸਿਆ ਹੁਕਮ ਹੋਇਐ, ਹੁਣੇ ਆ ! ਫੁਰਮਾਂਦੇ ਨੇ, ਜੋ ਹੁਕਮ ਹੋਵੇ ਸੱਤ ਬਚਨ ਕਹਿਣੈਂ।

ਅਧੋਰਾਣਾਂ ਕੁਰਤਾ, ਕਛਹਿਰਾਂ, ਪਾਟਿਆ ਪਰਨਾਂ ਵਲੇਟ ਕੋਲ ਈ ਸਾਈਕਲ ਪਿਆ ਸੀ ਲੈ ਕੇ ਦੌੜ ਪਿਆ। ਸਤਿਗੁਰੂ ਜੀ ਕਮਰੇ ਦੀ ਚੁਗਾਠ ਨੂੰ ਹੱਥ ਪਾਈ ਦਰਸ਼ਨ ਦੇ ਰਹੇ ਸਨ। ਦੋਹਾਂ ਪ੍ਰਨਾਮ ਕੀਤੀ। ਮੇਰੇ ਮੱਥੇ ਤੇ ਹੱਥ ਧਰ ਕੇ ਹੁਕਮ ਕੀਤਾ। ਜੇਹੜੀ ਗੱਲ ਆਖਾਂ ਜ਼ਰੂਰ ਮੰਨਣੀ ਏ। ਛੇ ਮਹੀਨੇ ਸੋਧ ਰੱਖਣੀ ਏ ਫੇਰ ਕਦੀ ਨਹੀਂ ਮੈਂ ਸਤ ਬਚਨ ਕਿਹਾ, ਸਟੀਲ ਦਾ ਵੱਡਾ ਗੜਵਾ ਜਿਵੇਂ ਪਹਿਲੋਂ ਤਿਆਰ ਹੋਵੇ। ਇਕ ਸੋਧੀ ਤੋਂ ਮੇਰੇ ਮੁੜ੍ਹਕੇ ਭਿੱਜੇ ਉੱਤੋਂ ਵਹਾ ਦਿੱਤਾ, ਦੂਸਰਾ ਅੰਮ੍ਰਿਤ ਬਾਟਾ ਲਈ ਬੈਠਾ ਸੀ। ਛਕਾ ਕੇ, ਸੁੱਚੀ ਰੁਮਾਲੀ 'ਚ ਗੜਵੀ ਲਪੇਟ ਕੇ ਫੁਰਮਾਇਆ, ਸਿੰਘਣੀ ਨੂੰ ਛਕਾ ਲੈਣਾ, ਜੇ ਖੁਲ੍ਹੇ-ਸੋਧੀ ਤਾਂ ਦੇਵੇਂ, ਥਾਪੜਾ ਦੇ ਕੇ ਓਥੇ ਈ ਪ੍ਰਸਾਦਾ ਮੰਗਵਾ ਕੇ ਛਕਾ ਕੇ, ਜਾਓ ਪਠੇ ਕੁਤਰੋ। ਮੌਜਾਂ ਲਓ !

ਛੇ ਮਹੀਨੇ ਬਾਦ ਹੋਲੇ ਤੇ ਸਣੇ ਸੋਧ ਨਮਸਕਾਰ ਕੀਤੀ। ਓਵੇਂ ਈ ਥਾਪੜਾ ਦੇ। ਕੋਲ ਬਿਠਾ। ਲੰਗਰ ਛਕਾ ਖੁਸ਼ੀਆਂ ਨਾਲ ਮਾਲਾ ਮਾਲ ਕਰ ਦਿੱਤਾ।

ਹੁਣ ਜਿੰਨਾਂ ਖਾਧੀ ਵੱਟੀ ਵੱਟੀ। ਓਹਨਾਂ ਕੀ ਬਣਦਾ ਉਂਗਲ ਚੱਟੀ।





ਸਾਧੂ ਸਿੰਘ
ਕਿਸਾਨ

ਸੋਧ

ਮੇਲਾ ਅੱਸੂ ਦਾ ਦਮਦਮੇ ਹੋਈ ਜਾਂਦੈ,
ਬੈਠੇ ਸਤਿਗੁਰਾਂ ਕੋਲ ਮੁਖ਼ਤਾਰ ਸਾਰੇ।
ਅਮਰ ਸਿੰਘ ਦੇ ਨਾਲ ਵਡਾਣੀਆਂ ਵੀ,
ਮੇਰੇ ਮਾਸਟਰ, ਝੱਬਰ ਅਵਤਾਰ ਸਾਰੇ।
ਕੀਤਾ ਸਤਿਗੁਰਾਂ ਹੁਕਮ ਕਿ ਸੋਧ ਰੱਖੋ,
ਤਾਂ ਹੀ ਸੰਗਤ ਨੂੰ ਆਖਾਂ ਮਿਸਾਲ ਦੇ ਕੇ-
ਕਿਹਾ ਸਾਰਿਆਂ-ਪਹਿਲਾਂ-ਕਿਸਾਨ ਰੱਖੇ,
ਨਾਲ ਰੱਖਾਂਗੇ ਅਸੀਂ ਸਤਕਾਰ ਸਾਰੇ।

ਇਕ ਸਿੰਘ ਨੂੰ ਸਤਿਗੁਰਾਂ ਹੁਕਮ ਕੀਤਾ,
ਦੌੜ ਹੁਣੇ ਬੁਢੀਮਾੜੀ ਜਾ ਜਲਦੀ।
ਭਾਵੇਂ ਕੁਝ ਕਰਦਾ ਹੋਵੇ, ਛੱਡ ਕੇ ਤੇ,
ਮੇਰਾ ਦੇਈ ਸੁਨੇਹਾ, ਕਿ ਆ ਜਲਦੀ।
ਮੁੜ੍ਹਕੇ ਨਾਲ ਭਿੱਜੇ, ਕਿਹਾ ਸਿੰਘ ਆ ਕੇ,
ਟੋਕਾ ਛੱਡ ਕੇ ਸੈਕਲ ਭਜਾ ਜਲਦੀ।
ਭਿੱਜੇ ਹੋਏ ਪਸੀਨੇ ਦੇ ਸੇਵਕਾਂ ਨੂੰ,
ਲਿਆ ਪਾਤਸ਼ਾਹ ਨੇ ਚਰਨੀ ਲਾ ਜਲਦੀ।
ਸਿਰ ਤੇ ਹੱਥ ਧਰ ਕਿਹਾ ਹਜ਼ੂਰ-ਸਾਧੂ!
ਮੇਰੀ ਗੱਲ ਅੱਜ ਤੂੰ ਹੀ ਤੇ ਰੱਖਣੀ ਏ।
ਧਾਰਨ ਛੇ ਮਹੀਨੇ ਦੀ ਸੋਧ ਕਰ ਲੈ!
ਏਦੂੰ ਬਾਦ ਫਿਰ ਕਦੀ ਨਾਂ ਰੱਖਣੀ ਏ।
ਜਿਵੇਂ ਹੁਕਮ ਜੀ, ਕਹਿੰਦਿਆਂ ਦੇਰ ਕੀ ਸੀ,
ਗਾਗਰ ਸੋਧ ਦੀ ਸਿਰੋਂ ਵਹਾ ਦਿੱਤੀ।
ਸਾਹਵੇਂ ਆਪਣੇ ਮੈਨੂੰ ਛਕਾ ਅੰਮ੍ਰਿਤ,
ਮੇਰੇ ਸੀਸ ਤੇ ਸੋਧ ਟਿਕਾ ਦਿੱਤੀ।
ਛੇ ਮਹੀਨੇ ਤੋਂ ਹੋਲੇ ਤੇ ਹੋ ਹਾਜ਼ਰ,
ਸਣੇ ਸੋਧ ਮੈਂ ਧੌਣ ਝੁਕਾ ਦਿੱਤੀ।
ਹੱਥੀਂ ਮੈਨੂੰ ਹਜ਼ੂਰ ਛਕਾ ਲੰਗਰ,
ਸਿਰੇ ਸੋਧ ਦੀ ਸ਼ਾਨ ਦੀ ਚਮਕਾ ਦਿੱਤੀ।

ਬੈਟਰੀ

ਸੰਤਨਗਰ ਵਿਚ ਵਾਰਾ ਲੱਗਾ,
ਪਹੁੰਚ ਗਈ ਜਾਂ ਸੰਗਤ ਸਾਰੀ।
ਸ੍ਰੀ ਸਤਿਗੁਰੂ ਜੀ ਦਰਸ਼ਨ ਦੇ ਕੇ,
ਬਹਿੰਦੇ ਸਾਰ ਬੈਟਰੀ ਮਾਰੀ।
ਬਲੀ ਸਿੰਘ, ਹਰਸ਼ੈ, ਤੇ ਗੁਰਮੁਖ-
ਧੰਨਾਂ, ਪਉੜੀ, ਬੈਠੇ ਹੋਏ ਨੇ।
ਜਦੋਂ ਕਿਸਾਨ ਪਿਆ ਨਹੀਂ ਨਜ਼ਰੀ-
ਟਾਰਚ ਪਰ੍ਹਾਂ ਵਗਾਹ ਕੇ ਮਾਰੀ।
ਓਹ ਟਾਰਚ ਦੇ ਟੁੱਟੇ ਸ਼ੀਸ਼ੇ ਹਰ ਸ਼ੈ,
ਦਿਨੇ ਦਿਖਾਲ ਗਿਆ-ਗਾੜ੍ਹੀ ਸਰਦਾਈ ਦਾ ਗੜਵਾ
ਹੋਇਐ ਹੁਕਮ, ਪਿਆਲ ਗਿਆ

ਤੂੰ ਸਾਰੇ ਲੋਕਾਂ 'ਚੋਂ
ਵੱਖਰੀ ਲੱਗੇਂਗੀ



ਮਾ. ਅਮਰੀਕ ਸਿੰਘ

ਅਚਾਨਕ ਮੇਰੇ ਮੋਬਾਇਲ ਫੋਨ ਦੀ ਘੰਟੀ ਖੜਕੀ। ਮੈਂ ਪੁੱਛਿਆ, 'ਆਪ ਕੌਣ ਬੋਲ ਰਹੇ ਓ ਜੀ।' ਉੱਤਰ ਸੀ ਕਿ, 'ਮੈਂ ਨਵਜੋਤ ਕੇ ਸਕੂਲ ਦਾ ਡਾਇਰੈਕਟਰ ਬੋਲ ਰਹਾ ਹੂੰ।' ਆਪ ਕੋ ਏਕ ਅਤਿਅੰਤ ਖੁਸ਼ੀ ਦੀ ਖਬਰ ਸੁਨਾਣੇ ਜਾ ਰਹਾ ਹੂੰ, ਸਰ, ਮੈਂ ਬੜੀ ਉਤਸਕਤਾ ਨਾਲ ਪੁੱਛਿਆ, "ਸਰ ਕੀ ਖਬਰ ਹੈ ?"

ਅਗੋਂ ਉੱਤਰ ਆਇਆ, "ਆਪ ਕੀ ਪੋਤੀ ਪੇਟਿੰਗ ਕੰਪੀਟੀਸ਼ਨ ਮੇਂ ਜ਼ਿਲੇ ਭਰ ਮੈਂ ਸੈਕਿੰਡ ਆਈ ਹੈ। ਤੀਨ ਸੌ ਬਚੋਂ ਕੇ ਸਖ਼ਤ ਮੁਕਾਬਲੇ ਮੇਂ ਉਸਨੇ ਯੇ ਪੋਜ਼ੀਸ਼ਨ ਪਾਈ ਹੈ।" ਆਪ ਕੋ ਵ ਆਪਕੇ ਪ੍ਰਵਾਰ ਕੋ ਮੁਬਾਰਕ Congratulations!"

ਮੈਂ ਖੁਸ਼ੀ ਵਿਚ ਜਿਵੇਂ ਨੱਚ ਉਠਿਆ। ਡਾਇਰੈਕਟਰ ਸਾਹਿਬ ਨੂੰ ਹਾਰਦਿਕ ਮੁਬਾਰਕ ਦਿੱਤੀ ? ਫ਼ੋਨ ਨਵਜੋਤ ਨੂੰ ਫੜਾ ਦਿੱਤਾ। ਨਵਜੋਤ ਨੇ ਜਦੋਂ ਇਹ ਖਬਰ ਸੁਣੀ ਤਾਂ ਸਣੇ ਫੋਨ ਨੱਚਣ ਲੱਗ ਪਈ, "ਡਾਇਰੈਕਟਰ ਸਾਹਿਬ ਆਪ ਕੋ ਮੁਬਾਰਕ, ਆਪ ਕਾ ਸ਼ੁਕਰੀਆ।" ਤੇ ਫੋਨ ਮੈਨੂੰ ਫੜਾ ਦਿੱਤਾ। ਡਾਇਰੈਕਟਰ ਸਾਹਿਬ ਕਹਿ ਰਹੇ ਸਨ, "ਸਰ, ਕਲ ਸੁਬਾ ਹਮ ਇਨ ਬਚੋਂ ਕੋ ਲੇ ਕਰ ਦਿੱਲੀ ਜਾ ਰਹੇ ਹੈ ਜਹਾਂ ਸਾਰੇ ਹਰਿਆਣਾ ਸੇ ਫਸਟ, ਸੈਕਿੰਡ, ਥਰਡ ਪੋਜ਼ੀਸ਼ਨ ਵਾਲੇ ਬੱਚੇ ਆਏਂਗੇ ਔਰ ਇਨ ਕੋ National Integrated Forum of Artists and actiovists Japan Information Centre (Embassy of Japan) ਨੈਸ਼ਨਲ ਇੰਟਿਗਰੇਟਡ ਫੋਰਮ ਆਫ਼ ਆਰਟਿਸਟਸ ਐਂਡ ਐਕਟਿਵਿਸਟਸ ਜਾਪਾਨ ਇਨਫਾਰਮੇਸ਼ਨ ਸੈਂਟਰ (ਐਂਬੈਂਸੀ ਆਫ਼ ਜਾਪਾਨ) ਕੀ ਔਰ ਸੇ ਸਨਮਾਨਤ ਕੀਯਾ ਜਾਏਗਾ।" ਹਮ ਸੁਬਾ ਦੋ ਵਜੇ ਇਨ ਬਚੋਂ ਕੋ ਲੇਕਰ ਆਪਣੀ ਗਾੜੀ ਪਰ ਯਹਾਂ ਸੇ ਰਵਾਨਾ ਹੋਂਗੇ। ਸੋ ਆਪਨੇ ਬੱਚੀ ਕੋ ਲੇਕਰ ਸੁਬਾ ਦੋ ਬਜੇ ਸੇ ਪਹਿਲੇ ਸਕੂਲ ਮੇਂ ਪਹੁੰਚ ਜਾਣਾ।

ਮੈਂ ਹੈਰਾਨ ਹੋ ਕੇ ਪੁੱਛਿਆ, "ਸਰ ਯੇ ਬੱਚੇ ਅਕੇਲੇ ਕੈਸੇ ਜਾਏਂਗੇ।" ਉੱਤਰ ਆਇਆ ਆਪ ਫਿਕਰ ਮਤ ਕਰੇ ਮੈਂ ਸਾਥ ਜਾਊਂਗਾ। ਇਕ ਟੀਚਰ ਸਾਥ ਹੋਗਾ। ਆਪ ਕੋ ਯੇ ਜਾਣ ਕਰ ਔਰ ਖੁਸ਼ੀ ਹੋਗੀ ਕਿ ਇਸ ਕੰਪੀਟੀਸ਼ਨ ਮੇਂ ਹਮਾਰੇ ਹੀ ਸਕੂਲ ਕੇ ਬਚੋਂ ਨੇ ਤੀਨੋਂ ਪੋਜ਼ੀਸ਼ਨ ਪਰ ਕਬਜ਼ਾ ਕੀਆ ਹੈ ਸੋ ਵਕਤ ਪਰ ਠੀਕ ਦੋ ਵਜੇ ਸਕੂਲ ਪਹੁੰਚ ਜਾਣਾ ਬੱਚੀ ਨਵਜੋਤ ਕੋ ਲੇਕਰ ਤੇ ਫ਼ੂਨ ਬੰਦ ਹੋ ਗਿਆ। ਅਸੀਂ ਸਾਰਾ ਪ੍ਰਵਾਰ ਖੁਸ਼ੀ ਨਾਲ ਭਰੇ ਹੋਏ ਇਕ ਦੂਜੇ ਨੂੰ ਮੁਬਾਰਕਾਂ ਦੇ ਰਹੇ ਸਾਂ। ਸ਼ਾਮ ਦੇ ਚਾਰ ਵਜੇ ਸਨ ਅਸੀਂ ਨਵਜੋਤ ਦੀਆਂ ਤਿਆਰੀਆਂ ਵਿਚ ਲੱਗ ਗਏ।

ਮੈਂ ਨਵਜੋਤ ਨੂੰ ਕਿਹਾ, "ਬੇਟਾ ਮੇਰੀ ਮੰਨੇਂ ਤਾਂ ਤੂੰ ਨਾਮਧਾਰੀ ਚਿੱਟੇ ਲਿਬਾਸ ਵਿਚ ਜਾਵੇਂ ਤਾਂ ਠੀਕ ਹੈ।"

"ਬਾਪੂ ਜੀ ਸਾਰੇ ਬੱਚੇ ਹੋਰ ਪੋਸ਼ਾਕਾਂ ਵਿਚ ਓਪਰੀ ਨਾ ਲੱਗਾਂਗੀ ?"



"ਐਹੋ ਤਾਂ ਮੈਂ ਚਾਹੁੰਦਾ ਹਾਂ ਕਿ ਤੂੰ ਸਾਰੇ ਲੋਕਾਂ ਵਿਚੋਂ ਵੱਖਰੀ ਲੱਗੇਂ, ਵੇਖੀਂ ਓਥੇ ਤੇਰੇ ਵਰਗਾ ਇਕ ਵੀ ਨਹੀਂ ਹੋਵੇਗਾ ਤੇ ਮੇਰਾ ਅੰਦਾਜ਼ਾ ਏ ਇਹ ਲਿਬਾਸ ਸਾਰੇ ਲੋਕਾਂ ਨੂੰ ਤੇਰੇ ਵਲ ਵੇਖਣ ਲਈ ਮਜਬੂਰ ਕਰ ਦੇਵੇਗਾ।"

ਬੱਚੀ ਮੇਰੀ ਗੱਲ ਮੰਨ ਗਈ ਉਹਦਾ ਚਿੱਟਾ ਬਾਣਾ ਸਾਰੇ ਸਫੇਦ ਕੱਪੜੇ ਤੇ ਚੂੜੀ ਵਾਲੀ ਸਲਵਾਰ ਸਵੇਰ ਵਾਸਤੇ ਤਿਆਰ ਕੀਤੀ ਗਈ।

ਰਾਤ ਮੈਨੂੰ ਨੀਂਦਰ ਕਿੱਥੇ ਆਉਣੀ ਸੀ। ਮੈਂ ਏਸ ਬੱਚੀ ਦੇ ਜਨਮੋਂ ਪਹਿਲਾਂ ਤੋਂ ਲੈ ਕੇ ਹੁਣ ਤਕ ਸਾਰਾ ਕੁਝ ਯਾਦ ਕਰ ਰਿਹਾ ਸਾਂ। ਮੈਨੂੰ

ਉਹ ਦਿਨ ਯਾਦ ਆ ਗਿਆ ਜਦੋਂ ਨਵਜੋਤ ਦੇ ਮਾਤਾ ਪਿਤਾ ਤੇ ਨਾਨਕਿਆਂ ਨੇ ਕੀ ਸੋਚਿਆ ਸੀ। ਮੇਰਾ ਲੜਕਾ ਓਦੋਂ ਫ਼ੌਜ ਵਿਚ ਸੀ ਮੇਰਠ ਪੋਸਟਿੰਗ ਸੀ। ਆਪਣੀ ਪਤਨੀ ਤੇ ਇਕ ਲੜਕੀ ਨੂੰ ਉਹ ਨਵਜੋਤ ਦੇ ਨਾਨਕਿਆਂ ਕੋਲ ਛੱਡ ਗਿਆ ਹੋਇਆ ਸੀ।

ਇਕ ਦਿਨ ਨਵਜੋਤ ਦੇ ਨਾਨਾ ਜੀ ਸਾਡੇ ਪਿੰਡ ਆਏ ਤੇ ਸੁਖ ਸਾਂਦ ਪਿਛੋਂ ਮੇਰੇ ਨਾਲ ਏਸ ਤਰਾਂ ਗੱਲ ਸ਼ੁਰੂ ਕੀਤੀ-"ਭਰਾ ਜੀ ਮੰਗਲ ਸਿੰਘ ਕੋਲ ਅੱਗੇ ਇਕ ਲੜਕੀ ਹੈ ਤੇ ਹੁਣ ਫੇਰ ਉਹਦੀ ਮਾਤਾ ਨੂੰ ਉਮੀਦਵਾਰੀ ਹੈ। ਅਸਾਂ ਉਸਦਾ ਅਲਟਰਾ ਸਾਊਂਡ ਕਰਾਇਆ ਹੈ ਤੇ ਹੁਣ ਫੇਰ ਲੜਕੀ ਹੀ ਹੋਣ ਵਾਲੀ ਹੈ। ਸੋ ਆਪਾਂ ਉਸਦੀ ਸਫਾਈ ਨਾ ਕਰਵਾ ਦਈਏ।" ਮੈਂ ਤੁਹਾਡੇ ਨਾਲ ਸਲਾਹ ਕਰਨ ਆਇਆ ਹਾਂ। ਕਰਾਈਏ ਕਿ ਨਾ ?

ਮੈਨੂੰ ਜਿਵੇਂ ਰੋਹ ਚੜ੍ਹ ਗਿਆ। ਗੁੱਸੇ ਵਿਚ ਮੈਂ ਕਿਹਾ "ਭਰਾ ਜੀ ਤੁਸੀਂ ਕੀਹ ਕਹਿ ਰਹੇ ਓ ?" ਇਹ ਪਾਪ ਮੇਰੇ ਤੋਂ ਪੁੱਛ ਕੇ ਕਰਨਾ ਚਾਹੁੰਦੇ ਹੋ ? ਤਾਂਕਿ ਮੈਂ ਵੀ ਇਸਦਾ ਭਾਗੀ ਬਣਾ। ਇਹ ਘੋਰ ਪਾਪ ਆਪਾਂ ਨਹੀਂ ਕਰਨਾ। ਕੁਦਰਤ ਦੀ ਦਿੱਤੀ ਦਾਤ ਨੂੰ ਆਪਾਂ ਖੁਸ਼ੀ ਨਾਲ ਝੋਲੀ ਪੁਆਈਏ। ਆਪ ਸਭ ਕੁਝ ਜਾਣਦੇ ਹੋ ਪੜ੍ਹੇ ਲਿਖੇ ਹੋ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੰਨੇ ਪਰਮੰਨੇ ਪਾਠੀ ਹੋ। ਗੁਰੂ ਨਾਨਕ ਦੇਵ ਜੀ ਨੇ ਇਸਤਰੀ ਜਾਤੀ ਨੂੰ ਬਹੁਤ ਵਡਿਆਇਆ ਹੈ। "ਸੋ ਕਿਉ ਮੰਦਾ ਆਖੀਐ ਜਿਤ ਜੰਮੇ ਰਾਜਾਨ।" ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਵੀ ਤਾਂ 'ਕੁੜੀ ਮਾਰਾਂ' ਨੂੰ ਬਹੁਤ ਨਿੰਦਿਆ ਹੈ। ਮੈਨੂੰ ਸਮਝ ਨਹੀਂ ਆਉਂਦੀ ਤੁਸਾਂ ਏਸ ਕੁਕਰਮ ਬਾਰੇ ਸੋਚ ਕਿਵੇਂ ਲਿਆ। "ਚਾਹੁੰਦਾ ਤਾਂ ਮੈਂ ਵੀ ਨਹੀਂ ਸਾਂ ਪਰ ਮੈਂ ਸੋਚਿਆ ਆਪ ਜੀ ਤੋਂ ਪੁੱਛ ਲਵਾਂ ਕੀਹ ਪਤਾ ਤੁਹਾਡੀ ਸਲਾਹ ਬਣੀ ਹੋਵੇ।" ਮੇਰੇ ਸੰਬੰਧੀ ਨੇ ਮੇਰੇ ਤੇਵਰ ਵੇਖ ਕੇ ਹੌਲੀ ਜਹੀ ਕਿਹਾ। "ਨਹੀਂ ਬਾਦਸ਼ਾਹੋ ਮੈਂ ਤਾਂ ਅਣਗਿਣਤ ਲੋਕਾਂ ਨੂੰ ਇਹ ਪਾਪ ਕਰਨ ਤੋਂ ਰੋਕਿਆ ਹੈ ਤੇ ਮੇਰੇ ਕਹੇ ਕਈ ਬੱਚੀਆਂ ਦੀ ਜਾਣ ਬਚੀ ਹੈ ਭਲਾ ਮੈਂ ਆਪਣੇ ਘਰ ਇਹ ਪਾਪ ਹੁੰਦਾ ਕਿਵੇਂ ਵੇਖ ਸਕਦਾ ਹਾਂ। ਆਪਾਂ ਇਹ ਬਿਲਕੁਲ ਨਹੀਂ ਕਰਨਾ।

ਮੇਰੀ ਸੋਚ ਕੁਝ ਹੋਰ ਉਰਾਂ ਹੋਈ। ਇਸ ਬੱਚੀ ਦੇ ਜਨਮ ਲੈਂਦਿਆਂ ਹੀ ਇਹਦਾ ਪਿਤਾ ਸਿਪਾਹੀ ਤੋਂ ਹਵਾਲਦਾਰ ਬਣ ਗਿਆ। ਸਾਨੂੰ ਇਹ ਬੱਚੀ ਭਾਗਾਂ ਭਰੀ ਪ੍ਰਤੀਤ ਹੋਣ ਲੱਗੀ।

ਛੋਟੀ ਹੁੰਦਿਆਂ ਹੀ ਨਵਜੋਤ ਨੇ ਆਪਣੇ ਕਾਰਨਾਮੇ ਕਰ ਕੇ ਵਿਖਾਣੇ ਸ਼ੁਰੂ ਕਰ ਦਿੱਤੇ।

ਤਸਵੀਰਾਂ ਨੂੰ ਵੇਖ ਕੇ ਓਹੋ ਜਹੀ ਤਸਵੀਰ ਬਣਾ ਦੇਣੀ ਨਿੱਕੇ ਨਿੱਕੇ ਸ਼ੋ-ਪੀਸ ਏਨੇ ਬਨਾਏ ਕਿ ਘਰ ਭਰ ਦਿੱਤਾ।

ਪਿਛਲੇ ਸਾਲ ਹੀ ਦੱਸਵੀਂ ਦੀ ਸੀ. ਬੀ. ਐਸ. ਸੀ ਦੀ ਪ੍ਰੀਖਿਆ ਵਿਚੋਂ ਤਰਾਨਵੇਂ ਫੀਸਦੀ (੯੩%) ਅੰਕ ਪ੍ਰਾਪਤ ਕਰਕੇ ਕਲਾਸ ਦੀ ਟਾਪਰ ਬਣੀ ਹੈ।

ਏਸ ਸਕੂਲ ਵਿਚ ਆ ਕੇ ਤਾਂ ਏਸ ਨੇ ਆਪਣੀ ਪ੍ਰਤਿਭਾ ਦੀਆਂ ਧੁੰਮਾਂ ਪਾ ਦਿੱਤੀਆਂ ਹਨ। ਸਕੂਲ ਵਿਚ ਕਿਤੇ ਵੀ ਜਾਓ। ਕੰਧਾਂ ਤੇ ਲੱਗੇ ਇਹਦੇ ਹੱਥਾਂ ਦੇ ਬਣੇ ਚਾਰਟ ਇਹਦੀ ਯੋਗਤਾ ਦੀ ਦਾਦ ਦੇ ਰਹੇ ਸਨ। ਹਾਲੇ ਪਤਾ ਨਹੀਂ ਹੋਰ ਕੁਝ ਯਾਦ ਕਰਦਾ ਘੜੀ ਵੇਖੀ ਤਾਂ ਇਕ ਵਜ ਚੁੱਕਾ ਸੀ। ਮੈਂ ਉਭੜ ਵਾਹੇ ਉਠਿਆ ਤੇ ਨਵਜੋਤ ਨੂੰ ਜਗਾਇਆ ਤਿਆਰ ਹੋਏ ਤੇ ਸਕੂਲ ਠੀਕ ਪੌਣੇ ਦੋ ਵਜੇ ਪਹੁੰਚ ਗਏ।

ਪੂਰੇ ਦੋ ਵਜੇ ਤਿੰਨ ਬਚੇ, ਡਾਇਰੈਕਟਰ ਸਾਹਿਬ ਇਕ ਟੀਚਰ ਤੇ ਇਕ ਬੱਚੀ ਦੀ ਮਾਤਾ ਗੱਡੀ ਵਿਚ ਬੈਠ ਗਈ। ਮੈਂ ਮਨ ਵਿਚ ਹੀ ਅਰਦਾਸ ਕੀਤੀ ਤੇ ਗੱਡੀ ਦਿੱਲੀ ਨੂੰ ਚਲ ਪਈ।

ਮੈਂ ਮਨ ਵਿਚ ਸੋਚਦਾ ਹੋਇਆ ਘਰ ਆ ਗਿਆ ਕਿ ਜੇ ਮੈਂ ਆਪਣੇ ਸੰਬੰਧੀ ਦੀ ਗੱਲ ਮੰਨ ਲੈਂਦਾ ਤਾਂ ਘੋਰ ਪਾਪ ਅਸਾਂ ਕਰ ਬਹਿਣਾ ਸੀ।

ਸ਼ਾਮ ਨੂੰ ਨੌਂ ਵਜੇ ਦੇ ਕਰੀਬ ਮੈਂ ਸਕੂਲ ਪਹੁੰਚ ਗਿਆ। ਦਿੱਲੀਓਂ ਬੱਚਿਆਂ ਸਮੇਤ ਕਾਰ ਆ ਗਈ।

ਸਭ ਤੋਂ ਪਹਿਲਾਂ ਨਵਜੋਤ ਉਤਰੀ ਮੈਂ ਉਹਨੂੰ ਗਲਵਕੜੀ ਵਿਚ ਲੈ ਲਿਆ। ਮੇਰੀਆਂ ਆਖਾਂ ਵਿਚ ਖੁਸ਼ੀ ਦੇ ਅੱਥਰੂ ਸਨ ਤੇ ਮੈਂ ਨਵਜੋਤ ਨੂੰ ਕਹਿ ਰਿਹਾ ਸਾਂ। "ਬੇਟੀ! ਇਹ ਦਿਨ ਕਿੱਥੇ ਵੇਖਣੇ ਸਨ ਜੇ ਮੈਂ ਉਹਨਾਂ ਦੀ ਗੱਲ ਮੰਨ ਜਾਂਦਾ। ਬੱਚੀ ਕੁਝ ਸਮਝ ਨਹੀਂ ਸੀ ਰਹੀ ਤੇ ਘਰ ਆ ਕੇ ਮੈਂ ਉਸਨੂੰ ਸਾਰੀ ਕਹਾਣੀ ਕਹਿ ਸੁਣਾਈ।

ਨਵਜੋਤ ਨੇ ਹੈਰਾਨੀ ਨਾਲ ਮੇਰੇ ਵੱਲ ਵੇਖਿਆ ਤੇ ਕਿਹਾ, "ਬਾਪੂ ਜੀ! ਪਤਾ ਨਹੀਂ ਕਿੰਨੀਆਂ ਕੁ ਮੇਰੇ ਵਰਗੀਆਂ ਬੇਦਰਦ ਮਾਪਿਆਂ ਦੀ ਮੂਰਖਤਾ ਦੀ ਬਲੀ ਚੜ੍ਹ ਜਾਂਦੀਆਂ ਹਨ।"

ਸਵੇਰੇ ਬੱਚੀ ਨੇ ਦੱਸਿਆ, "ਬਾਪੂ ਜੀ ਤੁਹਾਡੀ ਗੱਲ ਠੀਕ ਨਿਕਲੀ। ਮੈਂ ਜਦੋਂ ਜਾਪਾਨ ਦੇ ਐਂਬਸਡਰ ਤੋਂ ਆਪਣਾ ਪਰਾਈਜ਼ ਲੈਣ ਗਈ ਤਾਂ ਹਾਲ ਵਿਚ ਏਨੀਆਂ ਤਾੜੀਆਂ ਵੱਜੀਆਂ ਕਿ ਹਾਲ ਬਹੁਤ ਦੇਰ ਤਕ ਗੂੰਜਦਾ ਰਿਹਾ। ਜਾਪਾਨ ਦੇ ਸਤਿਕਾਰਯੋਗ ਰਾਜਦੂਤ ਨੇ ਮੇਰੇ ਵੱਲ ਗਹੁ ਨਾਲ ਵੇਖਿਆ ਤੇ ਮੇਰੀ ਪੋਸ਼ਾਕ ਨੂੰ ਸਲਾਹੁੰਦਿਆਂ ਕਿਹਾ ਐਕਸੀਲੈਂਟ ਵੈਰੀ ਪ੍ਰੈਟੀ ਡਰੈਸ! ਸਾਰੇ ਹਾਲ ਵਿਚ ਇਕ ਮੈਂ ਹੀ ਸਤਿਗੁਰੂ ਜੀ ਦੇ ਬਖਸ਼ੇ ਏਸ ਦੁੱਧ ਚਿੱਟੇ ਲਿਬਾਸ ਵਿਚ ਸਾਂ। ਮੈਨੂੰ ਪਿਆਰੇ ਬਾਪੂ ਜੀ ਤੁਹਾਡੀ ਗੱਲ ਚੇਤੇ ਆਈ। "ਤੂੰ ਸਾਰੇ ਲੋਕਾਂ ਵਿਚੋਂ ਵੱਖਰੀ ਲੱਗੇਂਗੀ।"

ਪੀਤੇ ਜੋ ਸ਼ਹੀਦੀ ਜਾਮ ਭਰ ਮਸਤਾਨਿਆਂ

ਭੌਰੇ

ਪੀਤੇ ਜੋ ਸ਼ਹੀਦੀ ਜਾਮ ਭਰ ਮਸਤਾਨਿਆਂ।
ਮਸਤੀ ਮਹਿਸੂਸ ਕੀਤੀ ਆਪ ਪੈਮਾਨਿਆਂ।
ਗੂੰਜਦੇ ਨੇ ਭੌਰੇ ਜਿਵੇਂ ਸੂਹੇ ਫੁੱਲਾਂ ਉਤੇ ਉਵੇਂ,
ਸ਼ਮ੍ਹਾਂ ਉੱਤੋਂ ਜਿੰਦ ਵਾਰ ਦਿੱਤੀ ਪਰਵਾਨਿਆਂ।
ਸੋਹਲ ਤੇ ਮਲੂਕ ਜਿੰਦਾਂ ਵਾਰੀਆਂ ਸੀ ਹੱਸ-ਹੱਸ
ਵੀਰ ਹਕੀਕਤ ਜਿਹੇ ਅਣਖ਼ੀ ਦੀਵਾਨਿਆਂ।
ਪਹਿਨ ਕੇ ਬਸੰਤੀ ਚੋਲੇ ਚੁੰਮਿਆਂ ਸੀ ਫਾਂਸੀਆਂ ਨੂੰ
ਰਾਜਗੁਰੂ ਭਗਤ ਸੁਖਦੇਵ ਜਹੇ ਦੀਵਾਨਿਆਂ।
ਇਹ ਮਰਜੀਵੜੇ ਨਾ ਡਰਦੇ ਸੀ ਮੌਤ ਕੋਲੋਂ,
ਜਾਮ ਸ਼ਹੀਦੀ ਪੀਤਾ ਹੱਸ ਕੇ ਦੀਵਾਨਿਆਂ
ਭੈਣੀ ਅਰਾਈਆਂ ਭਾਗ ਲੱਗੇ ਸੀ ਬਸੰਤ ਰੁੱਤੇ,
ਕਰ ਦਿੱਤਾ ਅਮਰ ਕੂਕੇ ਤੋਪਾਂ ਦੇ ਨਿਸ਼ਾਨਿਆਂ।
ਗੁਰੂ ਰਾਮ ਸਿੰਘ ਤਾਂਈਂ ਦੇਸ਼ 'ਚੋਂ ਨਿਕਾਲਾ ਹੋਇਆ,
ਮੁੱਢ ਬੱਧਾ ਨਾ-ਮਿਲਵਰਤਨ ਦਾ ਦਾਨਿਆਂ।
ਮੇਲਾ ਪਟਿਆਲਾ ਤੇ ਛਿਹਰਟੇ ਬਸੰਤ ਰੁੱਤੇ,
ਉੱਚੀ ਉੱਚੀ ਨਾਹਰੇ ਲਾਏ ਹੱਥੀਂ ਬੱਧੇ ਗਾਨਿਆਂ।

ਚਿੱਟੇ ਹੰਸ

ਚਿੱਟੇ ਹੰਸ ਇਹ ਮਾਨ-ਸਰੋਵਰਾਂ ਦੇ,
ਇਹਨਾਂ ਸਮਝੀ ਏ ਪਰਵਦਗਾਰ ਦੀ ਗੱਲ।
ਉਹ ਧਰਮ ਮਹਾਨ ਨਹੀਂ ਹੋ ਸਕਦਾ,
ਜਿੱਥੇ ਹੁੰਦੀ ਨਹੀਂ ਨਾਰੀ ਸਤਿਕਾਰ ਦੀ ਗੱਲ।
ਨਾਨਕ ਕੂਕਿਆ ਸੀ ਭੰਡ-ਭੰਡ ਕਹਿ ਕੇ,
ਭੰਡ ਹੋਵੇ ਤਾਂ ਭੰਡ ਬੰਧਾਨ ਹੁੰਦੇ।
ਇਹਦੇ ਨਾਲ ਹੀ ਕਿਹਾ ਸੰਸਾਰ ਚੱਲਦਾ,
ਇਹਦੇ ਵਿਚੋਂ ਹੀ ਪੈਦਾ ਰਾਜਾਨ ਹੁੰਦੇ।
ਘਰ ਵਾਲੀ ਦੇ ਨਾਲ ਹੀ ਘਰ ਬਣਦਾ,
ਇਹਦੇ ਬਾਝੋਂ ਤਾਂ ਸੁੰਨਾ ਮਕਾਨ ਹੁੰਦਾ।
ਧਰਮ-ਕਰਮ ਤੇ ਨਾਂ ਕਤੇਬ ਪੂਰੇ,
ਵੇਦ-ਸ਼ਾਸਤਰ ਅੱਧਾ ਪੁਰਾਣ ਹੁੰਦਾ।
ਬਾਈਬਲ, ਗੀਤਾ ਨਾ ਔਰਤ ਦਾ ਦਮ ਭਰਦੀ,
ਗੁਰੂ-ਗ੍ਰੰਥ ਨਾ, ਪੂਰਾ ਕੁਰਾਨ ਹੁੰਦਾ।
ਜਨਮ ਦੇ ਕੇ ਵਿੱਦਿਆ ਦਾ ਕਰਮ ਦੇਣਾ
ਧੀ ਦੇ ਹਿੱਸੇ ਦੇ ਪਿਆਰ-ਦੁਲਾਰ ਦੀ ਗੱਲ।
ਚਿੱਟੇ.......................
ਮਾਤਾ ਸਾਡੀ ਜੋ ਸਾਨੂੰ ਹੈ ਬਹੁਤ ਪਿਆਰੀ,
ਉਹਦੇ ਨਾਲ ਹੈ ਕਿੱਸਾ ਅਜ਼ੀਮ ਸਾਡਾ।
ਜਿਹੜੇ ਵਿਹੜੇ ਵਿਚੋਂ ਮਾਂ ਦੀ ਛਾਂ ਉੱਠੇ,
ਹੋ ਜਾਂਦਾ ਉਹ ਵਿਹੜਾ ਯਤੀਮ ਸਾਡਾ।
ਇਸੇ ਨਾਲ ਜਵਾਨੀ ਦੀਆਂ ਰੌਣਕਾਂ ਨੇ,
ਇਹਦੇ ਨਾਲ ਹੀ ਬਚਪਨ ਹਸੀਨ ਸਾਡਾ।
ਧੀ ਦੇ ਨਾਲ ਭਵਿੱਖ ਸੁਰੱਖਿਅਤ ਹੈ,
ਅਸਲ ਵਿਚ ਇਹ ਮੁੱਢ-ਕਦੀਮ ਸਾਡਾ।
ਜੇ ਨਾ ਇਕ ਨੂੰ ਇਕ ਸੰਗ ਜਮ੍ਹਾਂ ਕੀਤਾ,
ਹੋ ਜਾਣਾ ਏ ਕੁੰਨਬਾ ਤਕਸੀਮ ਸਾਡਾ।
ਭਾਣਾ ਮੰਨ ਲਿਆ ਇਹਨਾਂ ਗ੍ਰੰਥ ਪੜ੍ਹ ਕੇ,
ਕੀਤੀ ਧੀ ਦੇ ਸਦਾ ਉਪਕਾਰ ਦੀ ਗੱਲ।
ਚਿੱਟੇ ....
ਕਿੰਨਾਂ ਔਰਤ ਦਾ ਇਹ ਸਤਿਕਾਰ ਕਰਦੇ,
ਅਮਲ ਇਹਨਾਂ ਦਾ ਹੀ ਮੂੰਹੋਂ ਬੋਲਦਾ ਹੈ।
ਕਹਿਣੀ ਕਰਨੀ ਦੇ ਪੂਰੇ ਰਹਿਣ ਹਰਦਮ,
ਪਰ-ਤ੍ਰਿਆ ਤੇ ਚਿਤ ਨਾ ਡੋਲਦਾ ਹੈ।
ਕੁੜੀ-ਮਾਰ ਕਹਾਉਣਾ ਮਨਜ਼ੂਰ ਹੈ ਨਹੀਂ,
ਇਹ ਸੰਕਲਪ ਮਨ ਵਿਚ ਅੰਮ੍ਰਿਤ ਘੋਲਦਾ ਹੈ।
ਗਿਣਤੀ ਵਿਚ ਵੱਧ ਕੁੜੀਆਂ ਨੇ ਮੁੰਡਿਆਂ ਤੋਂ,
ਸੱਚੋ ਸੱਚ ਇਤਿਹਾਸ ਇਹ ਬੋਲਦਾ ਹੈ
ਰੋਕਾ ਸਵਾ ਰੁਪਈਏ ਵਿਆਹ ਠਾਕਾ,
ਦਾਨਵ ਰਾਜ ਦਾ ਧੀਆਂ ਨਾ ਰੋਲਦਾ ਏ।
ਕਿਧਰੇ ਭਿਣਕ ਪੈ ਜੇ ਉਲੰਘਣਾ ਦੀ,
ਜਾ ਪੈਂਦੀ ਕਚਿਹਰੀ ਵੱਕਾਰ ਦੀ ਗੱਲ।
ਚਿੱਟੇ...................................
ਔਰਤ ਕੁਦਰਤ ਦਾ ਇਕ ਨਾਯਾਬ ਤੋਹਫ਼ਾ,
ਇਹਨੇ ਪ੍ਰੇਮ ਦੀ ਜੋਤ ਜਗਾਈ ਆ ਕੇ।
ਜ਼ੱਰੇ-ਜ਼ੱਰੇ ਵਿਚ ਰਾਮ ਜੋ ਹੈ ਰਮਿਆਂ,
ਇਹਨੇ ਰਾਮ ਦੀ ਲਗਨ ਲਗਾਈ ਆ ਕੇ।
ਸੁੰਦਰ ਕਲਪਨਾ ਵਾਲੀ ਤਸਵੀਰ ਖਿੱਚ ਕੇ,
ਮਾਂ ਦੀ ਮਮਤਾ ਵੀ ਵਿਚ ਟਿਕਾਈ ਆ ਕੇ।
ਬੇਟੀ ਜਿਗਰ ਦੀ ਬਣਦੀ ਏ ਧੀ ਪਹਿਲਾਂ
ਮਾਂ ਤੇ ਬਾਪ ਦੀ ਪੀੜ ਵੰਡਾਈ ਆ ਕੇ।
ਭੈਣ ਬਣ ਕੇ ਆਪਾ ਨਿਸਾਰ ਕਰਦੀ,
ਕਰਦੀ ਰਿਸ਼ਤੇ ਦੀ ਮਾਨ ਵਡਿਆਈ ਆ ਕੇ।
ਚਿੱਟੇ ਹੰਸ ਮੈਂ ਜਿਨ੍ਹਾਂ ਨੂੰ ਆਖਦੀ ਤਾਂ
ਉਹ ਹੈ ਸਿੱਖੀ ਦੇ ਸ਼ੁਧ ਸੰਸਾਰ ਦੀ ਗੱਲ।

#ਡੀ-੫੦੬, ਆਈਵਰੀ ਟਾਵਰ,
ਸੈਕਟਰ-੭੦, ਅਜੀਤਗੜ੍ਹ (ਮੋਹਾਲੀ),
ਮੋ-੯੪੬੪੯-੫੯੨੩੬

ਪੜ੍ਹਿਆ ਮੂਰਖ ਆਖੀਐ ਜਿਸ ਲਬ ਲੋਭ ਅਹੰਕਾਰਾ



(ਗੁਰਬਾਣੀ ਦੀ ਲੋਅ 'ਚ ਸੱਚੋ-ਸੱਚ)

ਅਮਰੀਕ ਸਿੰਘ
ਸ਼ੇਰ ਖਾਂ

ਕਹਿਣ ਨੂੰ ਤਾਂ ਅਸੀਂ ਪੜ੍ਹੇ-ਲਿਖੇ ਹੋ ਗਏ।
ਫਰਜ਼ਾਂ ਦੀ ਵਾਰੀ ਗੂੜ੍ਹੀ ਨੀਂਦੇ ਸੌਂ ਗਏ।
ਹੱਕਾਂ ਦਾ ਤਾਂ ਸਾਨੂੰ ਸਦਾ ਹੁੰਦਾ ਏ ਖਿਆਲ।
ਹੱਕ ਲੈਣ ਲਈ ਸਦਾ ਕਰੀਏ ਕਮਾਲ।
ਧਰਨੇ, ਮੁਜ਼ਾਹਰੇ ਖੌਰੇ ਕੀ ਕੀ ਕਰਦੇ।
ਸਾਰਾ ਸਾਰਾ ਦਿਨ ਚੌਂਕਾਂ ਵਿਚ ਖੜ੍ਹਦੇ।
ਫਰਜ਼ਾਂ ਦੀ ਵਾਰੀ ਜਦ ਸਾਡੀ ਆਂਵਦੀ।
'ਵਿੱਦਿਆ-ਵਿਚਾਰੀ' ਫਿਰੇ ਮੂੰਹ ਲੁਕਾਂਵਦੀ।
ਰੀਂਗ-ਰੀਂਗ ਤੁਰਦੀ, ਕਲਮ ਸ਼ਰਮਾਉਂਦੀ ਏ।
ਘੰਟੇ ਭਰ ਪਿੱਛੋਂ ਵਾਰੀ ਅਗਲੇ ਦੀ ਆਉਂਦੀ ਏ।
ਚਾਂਦੀ ਵਾਲੇ ਲਾਏ ਪਹੀਏ, ਫਾਈਲ ਅੱਗੇ ਤੁਰਗੀ।
ਫੋਕੇ ਹੱਥ ਜੋੜੇ ਝੱਟ ਫਾਈਲ ਪਿੱਛੇ ਮੁੜਗੀ।
ਟਾਈ-ਛਾਈ ਵਾਲਾ ਹੰਕਾਰੀ ਅੱਗੋਂ ਬੋਲਦਾ।
'ਸੌ ਦੇ ਪੱਤੇ ਬਿਨਾ ਨਾ ਮੈਂ ਘੁੰਡੀ ਕੋਈ ਖੋਲ੍ਹਦਾ।
ਬੇਬੇ-ਬਾਪੂ ਹੋਵੇ ਭਾਵੇਂ ਪਿੰਡ ਦਾ ਸੱਜਣ ਹੀ,
ਜੇਬ ਵਿਚ ਪੱਕਾ ਪਾਣਾ ਪਊਗਾ 'ਸ਼ਗਨ' ਬਈ।
ਪੈਸਾ ਏ ਜ਼ਰੂਰੀ ਅਸਾਂ ਕੋਠੀ ਵੱਡੀ ਪਾਉਣੀ ਏ।
ਨਵੀਂ ਏ 'ਸਕੂਟੀ' ਆਈ, ਮੁੰਡੇ ਨੂੰ ਦਿਵਾਣੀ ਏ।
ਕੁੜੀ ਦਾ ਵੀ ਵਰ 'ਇੰਗਲੈਂਡ' ਵਿਚ ਟੋਲਿਐ।
ਵੀਹ ਲੱਖ ਉਹਨਾਂ ਵੀ ਤਾਂ ਦੇਣ ਲਈ ਬੋਲਿਐ।
ਪੈਸਾ ਦੱਸੋ ਏਨਾ ਕਿੱਥੋਂ ਸਾਡੇ ਕੋਲ ਆਊਗਾ?
ਉਤਲੀ ਕਮਾਈ ਕਿਹੜਾ ਲੈਣੋਂ ਸ਼ਰਮਾਊਗਾ?'
ਸਬਰ-ਸਿਦਕ ਖੌਰੇ ਕਿੱਥੇ ਗਿਆ ਉੱਡ ਜੀ?
ਜੋੜਾਂ ਹੱਥ 'ਨਾਨਕ ਜੀ'! ਦੇਵੋ ਜ਼ਰਾ ਬੁੱਧ ਜੀ।

ਪਿੰਡ ਤੇ ਡਾ. ਸ਼ੇਰ ਖਾਂ (ਫਿਰੋਜ਼ਪੁਰ),
ਮੋਬ-੯੮੧੫੭-੫੮੪੬੬

ਗ਼ਜ਼ਲ



(ਹਮਲ ਮੁਸੱਦਸ ਮਹਿਜ਼ੂਫ)

ਪ੍ਰੋ. ਜਸਵੰਤ ਸਿੰਘ
ਕੇਲਵੀ

- ਕਿਰਤ ਕੀਰਤ ਤੇ ਟਿਕੀ ਜੋ ਜ਼ਿੰਦਗੀ
  ਓਸ ਤੇ ਹੈ ਰੱਬ ਦੀ ਬਖ਼ਸ਼ਿੰਦਗੀ।
- ਰੀਝਦਾ ਨਾ ਯਾਰ, ਬਾਹਰੀ ਰੂਪ ਤੇ
  ਬਿਨ ਗੁਣਾਂ ਦੇ, ਬੰਦਿਆ! ਕੀ ਜ਼ਿੰਦਗੀ?
- ਸੂਰਮੇ, ਪੱਲੇ ਜਿਨ੍ਹਾਂ ਦੇ ਸੱਚ ਹੈ
  ਨਾ ਦਿਲਾਂ ਵਿਚ ਪਾਪ, ਨਾ ਸ਼ਰਮਿੰਦਗੀ।
- ਸਾਰਿਆਂ ਵਿਚ ਨੂਰ ਉਹਦਾ ਵੇਖਦੇ,
  ਪਰਖਦੇ ਨਾ ਦੋਸਤੀ ਨਾ ਦੁਸ਼ਮਣੀ।
- ਵਿਚ ਹਨ੍ਹੇਰੇ ਜਾਣ ਤੂੰ, ਉਹ ਭਟਕਦਾ,
  ਜੇ ਨਹੀਂ ਹੈ ਆਤਮਾ ਵਿਚ ਰੌਸ਼ਨੀ।
- ਉਹ ਧਨੀ ਅਸਲੀ ਹੈ, ਪੂਜਾ ਯੋਗ ਹੈ,
  ਕੋਲ ਜਿਸਦੇ ਹੈ ਗਰੀਬੀ, ਸਾਦਗੀ।
- ਹੁਣ ਸਿਆਸਤ ਦੀ ਅਨੋਖੀ ਖੇਡ ਨੇ,
  ਮੇਟ ਦਿੱਤੀ ਧਰਮ ਦੀ ਪਾਕੀਜ਼ਗੀ।
- ਹੁਣ ਖ਼ੁਦਾ ਨੂੰ ਸਭ ਖਡੌਣਾ ਸਮਝਦੇ
  ਲੋਕ ਠੱਗੀ ਮਾਰ ਕਰਦੇ ਦਿਲਲਗੀ।
- ਦਾਨ, ਦਾਤਾ! ਦੇ ਤੂੰ ਮੈਨੂੰ ਸਿਫਤ ਦਾ
  ਮੈਂ ਪੜ੍ਹਾਂ ਉੱਠ ਕੇ ਸਵੇਰੇ ਸੁਖਮਣੀ।
- ਸ਼ਬਦ ਅੰਦਰ ਸੁਰਤ ਉਹਦੀ ਜਦ ਜੁੜੀ
  ਕੇਲਵੀ ਤੇ ਛਾ ਗਈ ਦੀਵਾਨਗੀ।

੧੧੮/੫ ਗੁਰੂ ਅਰਜਨ ਦੇਵ ਨਗਰ,
ਫਿਰੋਜ਼ਪੁਰ ਸ਼ਹਿਰ-੧੫੨੦੦੨
ਮੋ-੯੮੭੮੩੮੧੪੭੪



ਅੱਖੀਂ ਡਿੱਠਾ ਕਲਯੁੱਗ ਵਿਚ ਸਤਿਜੁਗ ਦਾ ਵਰਤਾਰਾ

ਸਤਿਗੁਰੂ ਜੀ ਦੇ ਪਾਵਨ ਦਰਸ਼ਨ

ਡਾ. ਲਖਵੀਰ ਸਿੰਘ

ਪੂਰਾ ਸੰਸਾਰ ਪੱਛਮਵਾਦ ਦੀ ਝੋਲੀ ਵਿਚ ਡਿੱਗਿਆ ਹੋਇਆ ਹੈ। ਨਿੱਜਵਾਦ, ਨਿੱਜ ਸਵਾਰਥ ਅਤੇ ਪੈਸੇ ਦੀ ਅੰਨ੍ਹੀ ਦੌੜ ਨੇ ਸਾਡੇ ਧਰਮ, ਸਮਾਜ, ਆਰਥਿਕ ਅਤੇ ਸਮਾਜਿਕ ਵਰਤਾਰੇ ਵਿਚ ਅਸਥਿਰਤਾ ਫੈਲਾਅ ਦਿੱਤੀ ਹੈ। ਸਮੁੱਚਾ ਸੰਸਾਰ ਆਪਣੇ ਰੋਜ਼ਾਨਾ ਦੇ ਰੁਝੇਵਿਆਂ ਵਿਚ ਏਨੀ ਤੇਜੀ ਨਾਲ ਦੌੜ ਰਿਹਾ ਹੈ ਕਿ ਜ਼ਿੰਦਗੀ ਦਾ ਭਾਵ ਅਰਥਹੀਣ ਹੋ ਰਿਹਾ ਹੈ। ਇਸ ਵਿਸ਼ੇ ਨੂੰ ਵਿਸਥਾਰਤਾ ਅਤੇ ਸੰਵਦੇਨਸ਼ੀਲਤਾ ਨਾਲ ਸੋਚੀਏ ਤਾਂ ਮੌਜੂਦਾ ਯੁਗ ਦੇ ਮਾਇਆ ਦੇ ਜਾਲ ਨੇ ਸਾਨੂੰ ਸੱਚ ਅਤੇ ਸਹਿਜ ਦੇ ਰਸਤੇ ਤੋਂ ਭਟਕਾ ਦਿੱਤਾ ਹੈ। ਜਿਸ ਸਬੰਧੀ ਗੁਰਬਾਣੀ ਦਾ ਫੁਰਮਾਣ ਹੈ—

ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥

(ਅੰਕ-੬੮)

ਕਲਯੁਗ ਦੇ ਘੋਰ ਅੰਧਕਾਰ ਵਿਚ ਸਹਿਜ, ਸੱਚੁ, ਸੇਵਾ, ਸਮਰਪਣ, ਕੀਰਤਨ ਸਤਿਗੁਰੂ ਅਤੇ ਬੈਕੁੰਠ ਦੀ ਝਲਕ ਸ੍ਰੀ ਭੈਣੀ ਸਾਹਿਬ ਅੱਸੂ ਦੇ ਮੇਲੇ ਵਿਚ ਵੇਖ ਕੇ ਮਨ ਅਨੰਦ ਨਾਲ ਭਰ ਗਿਆ—

ਸਹਜ ਅਨੰਦ ਹੋਆ ਵਡਭਾਗੀ
ਮਨਿ ਹਰਿ ਹਰਿ ਮੀਠਾ ਲਾਇਆ ॥

(ਅੰਕ-੭੭੩)

ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ੬ ਸਤੰਬਰ ਤੋਂ ੧੬ ਅਕਤੂਬਰ ਤੱਕ ਗੁਰੂ ਨਾਨਕ ਦੇ ਸਿੱਖ ਸੰਗਤ ਨੂੰ ਬਖਸ਼ੇ "ਨਾਮ" ਨੂੰ ਜਪਣ ਵਿਚ ਗੜੂੰਦ ਸੀ। ਇਹਨਾਂ ਦਿਨਾਂ ਵਿਚ ਹਰ ਨਾਮਧਾਰੀ ਮੋਹ-ਮਾਇਆ ਤੋਂ ਨਿਰਲੇਪ ਹੋ ਕੇ ਚਿੱਟੀ ਸੁੰਦਰ ਨਾਮਧਾਰੀ ਕਾਟ ਦੀ ਪੋਸ਼ਾਕ ਪਹਿਨੀ, ਹੱਥ ਵਿਚ ਚਿੱਟੀ ਊਨ ਦੀ ਮਾਲਾ ਫੜ ਆਪਣੇ ਚਿੱਟੇ ਆਸਣ ਤੇ ਉਸ ਸਿਮਰਨ ਦੇ ਜਾਪ ਵਿਚ ਸਸ਼ੋਭਿਤ ਸੀ ਜਿਸ ਸਬੰਧੀ ਗੁਰਬਾਣੀ ਵਿਚ ਲਿਖਿਆ ਹੈ—

ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥

(ਅੰਕ-੨੬੩)

ਪਿਛਲੇ ਚਾਰ ਦਿਨ ਅੱਸੂ ਦੇ ਮੇਲੇ ਦੇ ਜਪੁ ਪ੍ਰਯੋਗ ਦਾ ਭਾਰੀ ਮੇਲਾ ਹੋਇਆ। ਦੁਨੀਆਂ ਦੇ ਵੱਖ-ਵੱਖ ਕੋਨਿਆਂ ਤੋਂ ਸੰਗਤ ਆਪਣੇ ਮਹਿਬੂਬ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਪਹੁੰਚੀ ਹੋਈ ਸੀ। ਭੈਣੀ ਸਾਹਿਬ ਦੇ ਰੁੱਖਾਂ, ਘਾਹ ਦੇ ਮੈਦਾਨਾਂ, ਸੁੰਦਰ ਫੁੱਲ ਬੂਟਿਆਂ ਨਾਲ ਸਜੀ ਧਰਤੀ ਦੁੱਧ ਚਿੱਟੇ ਬਸਤਰਾਂ ਵਿਚ ਲੱਖਾਂ ਦੀ ਗਿਣਤੀ ਵਿਚ ਪਹੁੰਚੀ ਸੰਗਤ ਸੁੰਦਰਤਾ ਨੂੰ ਹੋਰ ਚਾਰ ਚੰਨ ਲਾ ਰਹੀ ਸੀ।

ਦੁੱਧ ਚਿੱਟੀਆਂ ਪੋਸ਼ਾਕਾਂ ਪਹਿਨੀ ਭਾਈਆਂ, ਮਾਈਆਂ, ਨੌਜਵਾਨਾਂ, ਬੱਚਿਆਂ ਦਾ ਭਾਰੀ ਇਕੱਠ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਚੜ੍ਹਦੇ ਪਾਸੇ ਲੱਗੇ ਬਹੁਤ ਹੀ ਵਿਸ਼ਾਲ ਅਤੇ ਸੁੰਦਰ ਸ਼ਾਮਿਆਨੇ ਵੱਲ ਜਾ ਰਿਹਾ ਸੀ। ਸ਼ਾਮਿਆਨੇ ਦਾ ਬਾਹਰ ਹੀ ਲੰਮੀਆਂ ਚੌੜੀਆਂ ਲਾਈਨਾਂ ਬਰਾਬਰ ਬਰਾਬਰ ਸ਼ਾਮਿਆਨੇ ਵਿਚ ਪ੍ਰਵੇਸ਼ ਕਰ ਰਹੀਆਂ ਸਨ ਅਤੇ ਇਸੇ ਤਰ੍ਹਾਂ ਹੀ ਸ਼ਾਮਿਆਨੇ ਦੇ ਦੂਸਰੇ ਪਾਸੇ ਬੀਬੀਆਂ, ਬੱਚੀਆਂ ਦੀਆਂ ਲਾਈਨਾ ਲੱਗੀਆਂ ਹੋਈਆਂ ਸਨ। ਸ਼ਾਂਤੀ ਸਾਜ਼ਾਂ ਨਾਲ ਵਜਾਈਆਂ ਜਾ ਰਹੀਆਂ

ਗੁਰਮਤਿ ਸੰਗੀਤ ਦੀਆਂ ਧੁਨਾਂ ਕੰਨਾਂ ਵਿਚ ਅੰਮ੍ਰਿਤ ਰਸ ਘੋਲ ਰਹੀਆਂ ਸਨ। ਹਜ਼ੂਰੀ ਰਾਗੀਆਂ ਵਲੋਂ ਰਸਭਿੰਨਾ ਅਮ੍ਰਿਤਮਈ ਕੀਰਤਨ ਗੁਰਬਾਣੀ ਦੇ ਇਸ ਸ਼ਬਦ ਦੀ ਪੂਰਤੀ ਦਰਸਾ ਰਿਹਾ ਸੀ—

ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥
ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥

(ਅੰਕ-੨੧੪)

ਇਹ ਸੰਗਤ ਦਾ ਭਾਰੀ ਇਕੱਠ ਆਪਣੇ ਮਹਿਬੂਬ ਸਤਿਗੁਰੂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨਾਂ ਲਈ ਜਾ ਰਿਹਾ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਆਸਣ ਤੇ ਇਸ ਤਰ੍ਹਾਂ ਸਸ਼ੋਭਤ ਸਨ ਜਿਵੇਂ ਤਾਰਿਆਂ ਵਿਚ ਚੰਦਰਮਾ ਸ਼ੋਭਦਾ ਹੈ। ਸਮੁੱਚੀ ਸੰਗਤ ਸ੍ਰੀ ਸਤਿਗੁਰੂ ਜੀ ਨੂੰ ਨਤਮਸਤਕ ਹੋ ਕੇ ਆਪਣੇ ਧੰਨ ਭਾਗ ਸਮਝ ਰਹੀ ਸੀ। ਪਾਤਸ਼ਾਹ ਜੀ ਕਾਫੀ ਸਮੇਂ ਤੋਂ ਨੇਤ੍ਰ ਬੰਦ ਕਰ ਕੇ ਸਿਮਰਨ ਵਿਚ ਲੀਨ ਰਹਿੰਦੇ ਹਨ। ਜਿਸਨੂੰ ਪਾਤਸ਼ਾਹ ਜੀ ਦੇ ਖੁੱਲ੍ਹੇ ਨੇਤ੍ਰਾਂ ਵਿਚ ਦਰਸ਼ਨ ਹੋ ਜਾਣ ਉਹ ਆਪਣੇ ਧੰਨ ਭਾਗ ਸਮਝਦਾ ਹੈ। ਅੱਜ ਜਦ ਪਾਤਸ਼ਾਹ ਜੀ ਨੇ ਨੇਤ੍ਰ ਖੋਲ੍ਹ ਕੇ ਸੰਗਤਾਂ ਦੇ ਭਾਰੀ ਇਕੱਠ ਵਲ ਮਿਹਰ ਦੀ ਨਜ਼ਰ ਨਾਲ ਤੱਕਿਆ ਅਤੇ ਫਿਰ



ਚਿਹਰਾ ਘੁਮਾਕੇ ਹਜ਼ੂਰੀ ਰਾਗੀਆਂ ਵਲ ਵੇਖਿਆ ਤਾਂ ਸੰਗਤ ਦਾ ਠਾਠਾਂ ਮਾਰਦਾ ਇਕੱਠ ਵੈਰਾਗ ਵਿਚ ਆ ਗਿਆ। ਪਾਤਸ਼ਾਹ ਜੀ ਦੇ ਖੁੱਲ੍ਹੇ ਨੇਤ੍ਰਾਂ ਵਿਚ ਨੂਰਾਨੀ ਦਰਸ਼ਨ ਕਰਕੇ ਵੱਡੇ ਇਕੱਠ ਵਿਚ ਮਧੁਰ ਆਵਾਜ਼ਾਂ ਆ ਰਹੀਆਂ ਸਨ "ਧੰਨ ਹੋ ਪਾਤਸ਼ਾਹ ਤੁਸੀਂ ਧੰਨ ਹੋ", ਬਖਸ਼ਿਸ਼ਾਂ ਕਰੋ ਪ੍ਰਭੂ ਬਖਸ਼ਿਸ਼ਾਂ ਕਰੋ, "ਬਖਸ਼ ਲਉ ਪ੍ਰੀਤਮ ਬਖਸ਼ ਲਉ।" ਕਿਸੇ ਦੀਆਂ ਅੱਖਾਂ ਵਿਚੋਂ ਪਿਆਰ ਅਤੇ ਖੁਸ਼ੀ ਦੇ ਹੰਝੂ ਵਹਿ ਰਹੇ ਸਨ, ਕੋਈ ਚਿਹਰੇ ਤੋਂ ਦਰਸ਼ਨਾਂ ਨਾਲ ਬਾਗੋ ਬਾਗ ਹੋ ਰਿਹਾ ਸੀ, ਕੋਈ ਵਿਰਾਗ ਵਿਚ ਰੂਹਾਨੀ ਇਕਮਿਕਤਾ ਦੇ ਹੰਝੂ ਕੇਰ ਰਿਹਾ ਸੀ, ਕਈ ਚਿਹਰੇ ਬਾਹਰੋਂ ਹੱਸ ਰਹੇ ਸਨ ਪਰ ਅੱਖਾਂ ਪ੍ਰੇਮ ਨਾਲ ਸਿਮਰਨ ਵਿਚ ਮੰਤਰ ਮੁਗਧ ਸੀ। ਗੁਰਬਾਣੀ ਦੀ ਇਹ ਤੁਕ ਸਾਰਥਕ ਹੋ ਰਹੀ ਜਾਪਦੀ ਸੀ—

ਸਾਗਰ ਭਗਤਿ ਭੰਡਾਰ ਹਰਿ ਪੂਰੇ ਸਤਿਗੁਰ ਪਾਸਿ ॥
ਸਤਿਗੁਰ ਤੁਠਾ ਖੋਲਿ ਦੇਇ ਮੁਖਿ ਹਰਿ ਪਰਗਾਸਿ ॥

(ਅੰਕ-੯੯੬)

ਇਸ ਸਮੇਂ ਕੂਕਾ ਅੰਦੋਲਨ ਦੀ ੧੫੦ਵੀਂ ਵਰ੍ਹੇਗੰਢ ਨੂੰ ਸਮਰਪਿਤ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਅਤੇ ਨਾਮਧਾਰੀ ਸ਼ਹੀਦਾਂ ਦੀ ਤਸਵੀਰ ਵਾਲੇ ਸਿੱਕੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਟ ਕੀਤੇ ਗਏ। ਅਗਲੀ ਦੁਪਹਿਰ ਵਿਚ ਇਸੇ ਤਰ੍ਹਾਂ ਦੇ ਸਤਿਜੁਗੀ ਵਾਤਾਵਰਨ ਅਤੇ ਸਤਿਗੁਰੂ ਜੀ ਦੇ ਪਵਿੱਤਰ ਆਭਾ ਮੰਡਲ ਵਿਚ ਪਦਮਸ੍ਰੀ ਡਾ. ਸੁਰਜੀਤ ਪਾਤਰ ਜੀ ਸਤਿਗੁਰੂ ਜੀ ਨੂੰ ਨਤਮਸਤਕ ਹੋਏ। ਉਨ੍ਹਾਂ ਸਤਿਗੁਰੂ ਜੀ ਪ੍ਰਤੀ ਆਪਣੀ ਅਥਾਹ ਸ਼ਰਧਾ ਦੇ ਭਾਵ ਪ੍ਰਗਟ ਕੀਤੇ ਅਤੇ ਸਤਿਗੁਰੂ ਜੀ ਦੇ ਪਿਆਰ ਪ੍ਰਤੀ ਲਿਖੀਆਂ ਗ਼ਜ਼ਲਾਂ ਗਾ ਕੇ ਇਹ ਸ਼ੇਅਰ ਆਖੇ—

ਤੇਰੀ ਲੋਏ ਲਫ਼ਜ਼ ਪਰੋਏ।
ਸਭ ਗਮ ਮਿਲਕੇ ਨਗ਼ਮਾ ਹੋਏ।
ਅਤੇ
ਇਹ ਨੇ ਸਾਜ਼, ਸਾਜ਼ ਨਿਵਾਜ਼ ਤੂੰ, ਤੇ ਫਿਜ਼ਾ ਨੂੰ ਧੁਨ ਦੀ ਉਡੀਕ ਹੈ।
ਤੇਰੇ ਪੋਟਿਆਂ ਤੇ ਸੁਰਾਂ 'ਚ ਇਹ ਕੇਹੇ ਫਾਸਲੇ ਕੇਹੀ ਲੀਕ ਹੈ।

ਇਸ ਸਮੇਂ ਨਾਮਧਾਰੀ ਦਰਬਾਰ ਵਲੋਂ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ ਸਵਾ ਲੱਖ ਪਾਠਾਂ ਵਿਚੋਂ ਰਹਿੰਦੇ ਪਾਠ ਪੂਰੇ ਕਰਨ ਲਈ ਵੀ ਸੰਗਤ ਨੂੰ ਬੇਨਤੀ ਕੀਤੀ ਗਈ। ਗੁਰਬਾਣੀ ਨਾਲ ਜੁੜਨ ਅਤੇ ਆਪਣੀ ਮਾਤ ਭਾਸ਼ਾ ਗੁਰੂਆਂ ਦੀ ਭਾਸ਼ਾ ਪੰਜਾਬੀ ਨਾਲ ਜੁੜਨ ਦੀ



ਵੀ ਗੱਲ ਹੋਈ।

੧੯ ਤਾਰੀਖ ਅਮ੍ਰਿਤ ਵੇਲੇ ਤੋਂ ਆਸਾ ਦੀ ਵਾਰ ਦਾ ਕੀਰਤਨ ਅਰੰਭ ਹੋਇਆ। ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਦਰਸ਼ਨ ਦਿੱਤੇ। ਗੁਰਮਤਿ ਮੁਤਾਬਕ ਉਹ ਆਨੰਦ ਕਾਰਜ ਹੋਏ ਜਿਨਾ ਨੂੰ ਆਨੰਦ ਕਾਰਜ ਆਖਿਆ ਜਾ ਸਕਦਾ ਹੈ। ਅਖੀਰ ਸਮਾਪਤੀ ਸਮੇਂ ਅਰਦਾਸ ਹੋਈ, ਅਰਦਾਸ ਰੂਹ ਦੀ ਹੂਕ ਹੈ, ਅਰਜ਼ ਹੈ, ਅਰਜੋਈ ਹੈ, ਸਤਿਗੁਰੂ ਜੀ ਅੱਗੇ ਪ੍ਰਾਰਥਨਾ ਹੈ, ਪ੍ਰਭੂ ਨਾਲ ਰੂਹ ਤੋਂ ਇਕ ਮਨ ਹੋ ਕੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਨਮਨ ਹੈ— ਇਹ ਅਰਜੋਈ ਇਸ ਸ਼ਬਦ ਮੁਤਾਬਕ ਹੋਈ—

ਤੂੰ ਅਥਾਹੁ ਅਪਾਰ ਅਤਿ ਊਚਾ ਕੋਈ ਅਵਰੁ ਨਾ ਤੇਰੀ ਭਾਤੇ ॥
ਇਹ ਅਰਦਾਸਿ ਹਮਾਰੀ ਸੁਆਮੀ ਵਿਸਰੁ ਨਾਹੀ ਸੁਖ ਦਾਤੇ ॥

(ਅੰਕ-੭੪੭)

ਲੰਗਰ ਵੱਲ ਗਏ ਤਾਂ ਕਈ ਸਿੰਘ ਦਾਲਾਂ ਉਬਾਲ ਰਹੇ ਸਨ। ਕਈ ਸਬਜ਼ੀਆਂ ਦੇ ਦੇਗੇ ਭਰ ਰਹੇ ਸਨ। ਕੋਈ ਅਮ੍ਰਿਤੀ ਬਣਾ ਰਿਹਾ ਸੀ। ਕੜਾਹ ਪ੍ਰਸ਼ਾਦਿ ਦੇ ਵੱਡੇ-ਵੱਡੇ ਟੱਬ ਭਰੇ ਪਏ ਸਨ, ਕੋਈ ਚਾਵਲ ਬਣਾ ਰਿਹਾ ਸੀ, ਸਭ ਦੀ ਜ਼ੁਬਾਨ ਤੇ ਸਿਮਰਨ ਸੀ। ਸਭ ਦੇ ਮੂੰਹਾਂ ਤੇ ਠਾਠੇ ਬੰਨੇ ਹੋਏ ਸਨ। ਪ੍ਰਸ਼ਾਦਿਆਂ ਵਾਲੇ ਹਾਲ ਵਿਚ ਸੈਂਕੜੇ ਬੀਬੀਆਂ, ਕਈ ਗਰੁੱਪ ਮਸ਼ੀਨ ਨਾਲ ਆਟਾ ਗੁੰਨ ਰਹੇ ਸਨ, ਕਈ ਗਰੁੱਪ ਪੇੜੇ ਬਣਾ ਰਹੇ ਸਨ, ਕਈ ਪੇੜੇ ਵੇਲ ਰਹੇ ਸਨ, ਦਰਜਨਾਂ ਤਵੀਆਂ ਤੇ ਪ੍ਰਸ਼ਾਦੇ ਪੱਕ ਰਹੇ ਸਨ, ਅਨੇਕਾਂ ਸਿੰਘ, ਬੀਬੀਆਂ ਪ੍ਰਸ਼ਾਦੇ ਚੋਪੜ ਰਹੇ ਸਨ, ਲੰਗਰ ਹਾਲ ਵਿਚ ਸਾਰੀ ਸੰਗਤ ਨੂੰ ਪ੍ਰੇਮ ਨਾਲ ਥਾਲਾਂ ਵਿਚ ਪ੍ਰਸ਼ਾਦਾ ਵਰਤਾਇਆ ਜਾ ਰਿਹਾ ਸੀ। ਸਤਿਗੁਰੂ ਜੀ ਦੇ ਸ੍ਰੀ ਮਹਿਲ ਮਾਤਾ ਚੰਦ ਕੌਰ ਜੀ ਸਭ ਦੇਖ ਰੇਖ ਕਰ ਰਹੇ ਸਨ, ਭਾਂਡੇ ਸੰਗਤਾਂ ਵਲੋਂ ਸਰਫ ਨਾਲ ਧੌਣ ਦੀ ਥਾਂ ਭੈਣੀ ਸਾਹਿਬ ਵਿਚ ਸੁਕ ਮਾਂਜ ਹੋ ਰਹੇ ਸਨ। ਕਿਤੇ ਸੰਗਤ ਲਈ ਕੇਲਿਆਂ ਦਾ ਟਰੱਕ ਖੜ੍ਹਾ ਸੀ, ਕਿਤੇ ਸੇਬ ਵਰਤਾਏ ਜਾ ਰਹੇ ਸਨ। ਸੰਗਤ ਪ੍ਰਸ਼ਾਦਾ ਪਾਣੀ ਛੱਕਕੇ ਆਪਣੇ ਘਰਾਂ ਨੂੰ ਇਸ ਤਰ੍ਹਾਂ ਪਰਤ ਰਹੀ ਸੀ ਜਿਵੇਂ ਦਰਿਆ ਦਾ ਪਾਣੀ ਨਹਿਰਾਂ ਸੂਇਆਂ, ਮੋਘਿਆਂ ਅਤੇ ਖਾਲਾਂ ਰਾਹੀਂ ਖੇਤਾਂ ਨੂੰ ਸਿੰਜਦਾ ਹੈ ਇਹ ਤੁਕ ਸਾਰਥਕ ਹੋ ਗਈ ਸੀ।

ਸਤਿਗੁਰ ਸੇਵਿ ਸਰਬ ਫਲ ਪਾਏ ॥
ਜਨਮ ਜਨਮ ਕੀ ਮੈਲੁ ਮਿਟਾਏ ॥ (ਅੰਕ-੧੧੩੮)

੯੮੭੬੮-੫੦੬੮੦


ਲੰਡਨ ਵਿਚ ਸੰਗੀਤ ਉਲੰਪਿਕ



ਗੁਰਬਖਸ਼ ਸਿੰਘ
ਮਠਾਰੂ

ਇਹ ਸੰਗੀਤ ਉਲੰਪਿਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ੯੨ਵੇਂ ਜਨਮਦਿਨ ਨੂੰ ਸਮਰਪਿਤ ਸੀ ਜੋ ੩,੪,੫ ਅਗਸਤ ਨੂੰ ਸਾਊਥਾਲ ਦੇ ਡੋਮੀਨੀਅਲ ਸੈਂਟਰ ਹਾਲ ਵਿਚ ਬੜੇ ਜੋਸ਼ ਖਰੋਸ਼ ਨਾਲ ਮਨਾਇਆ ਗਿਆ।

ਇਹਨਾਂ ਦਿਨਾਂ ਵਿਚ ਲੰਡਨ ਵਿਚ ਉਲੰਪਿਕ ਖੇਡਾਂ ਹੋ ਰਹੀਆਂ ਸਨ ਜਿਨਾਂ ਵਿਚ ਕਈ ਮੁਲਕਾਂ ਦੇ ਖਿਡਾਰੀ ਹਿੱਸਾ ਲੈਣ ਆਏ ਹੋਏ ਸਨ। ਇਸ ਤਰ੍ਹਾਂ ਹੀ ਇਸ ਸੰਗੀਤ ਸੰਮੇਲਨ ਵਿਚ ਵੀ ਲੰਡਨ ਨੂੰ ਛੱਡ ਇੰਗਲੈਂਡ ਦੇ ਹੋਰ ਦੂਰ ਦੁਰਾਡੇ ਸ਼ਹਿਰਾਂ ਤੋਂ ਇਲਾਵਾ ਭਾਰਤ ਤੋਂ ਵੀ ਸੰਗੀਤਕਾਰਾਂ ਨੇ ਹਿੱਸਾ ਲਿਆ। ਕੁਝ ਸੰਗੀਤਕਾਰ ਤਾਂ ਖਾਸ ਤੌਰ ਤੇ ਅਮਰੀਕਾ ਤੋਂ ਭਾਰਤ ਜਾਂਦੇ ਹੋਏ ਇਥੇ ਰੁਕ ਕੇ ਇਸ ਵਿਚ ਸ਼ਿਰਕਤ ਕਰਕੇ ਗਏ।



ਇਹਨਾਂ ਸੰਗੀਤਕਾਰਾਂ ਵਿਚ ਸਤਿਗੁਰੂ ਜੀ ਦੀ ਸੰਗੀਤ ਫੁਲਵਾੜੀ ਦੇ ਮਹਿਕਦੇ ਫੁਲ ਵੀ ਸਨ, ਜਿਨ੍ਹਾਂ ਨੂੰ ਪਹਿਲੇ ਤਾਂ ਉਹਨਾਂ ਆਪ ਸੰਗੀਤ ਦੀ ਤਾਲੀਮ ਦਿੱਤੀ ਅਤੇ ਬਾਅਦ ਵਿਚ ਭਾਰਤ ਦੇ ਜਗਤ ਪ੍ਰਸਿੱਧੀ ਦੇ ਮਾਲਕ ਉਸਤਾਦਾਂ ਪਾਸੋਂ ਤਾਲੀਮ ਦਿਲਵਾਈ। ਇਹ ਕਲਾਕਾਰ ਹੁਣ ਆਪ ਜਗਤ ਪ੍ਰਸਿੱਧ ਹੋ ਗਏ ਹਨ।

ਇਹ ੩ ਦਿਨਾਂ ਸੰਗੀਤ ਸੰਮੇਲਨ ਜੋ ਸ਼ਾਮ ੬ ਵਜੇ ਤੋਂ ਸ਼ੁਰੂ ਹੋ ਕੇ ਰਾਤ ੧੧ ਵਜੇ ਤਕ ਚੱਲਦਾ ਸੀ, ਬਿਲਕੁਲ ਫ੍ਰੀ ਸੀ। ਇਸ ਤੋਂ ਇਲਾਵਾ ਇੰਟਰਵਲ ਵੇਲੇ ਚਾਹ, ਜੂਸ, ਸਮੋਸੇ ਅਤੇ ਮਿਠਾਈ ਵੀ ਫ੍ਰੀ ਵਰਤਾਈ ਗਈ। ਇਸ ਪ੍ਰੋਗਰਾਮ ਤੇ ਹਾਲ ਦੇ ਕਿਰਾਏ, ਸੰਗੀਤਕਾਰਾਂ ਦੀ ਭੇਟਾ ਅਤੇ ਹੋਰ ਖਰਚੇ ਦਾ ਟੋਟਲ ੫ ਲੱਖ ਰੁਪਏ ਤੋਂ ਵਧ ਸੀ। ਇਸ ਪ੍ਰੋਗਰਾਮ ਦੇ ਕਰਤਾ ਧਰਤਾ ਸ੍ਰੀ ਸਤਿਗੁਰੂ ਜੀ ਦੀ ਹੀ ਸੰਗੀਤ ਫੁਲਵਾੜੀ ਦਾ ਮਹਿਕਦਾ ਫੁੱਲ ਸਰੋਦ ਵਾਦਕ ਗੁਰਦੇਵ ਸਿੰਘ ਜੋ ਸਤਿਗੁਰੂ ਜੀ ਦੇ ਜਨਮ ਦਿਨਾਂ ਤੇ ਪਹਿਲੇ ਵੀ ਚਾਰ ਪ੍ਰੋਗਰਾਮ ਕਰ ਚੁੱਕਾ ਹੈ। ਪਹਿਲੇ ਪ੍ਰੋਗਰਾਮਾਂ ਤੇ ਮੁਨਾਸਬ ਟਿਕਟ ਲਗਾਇਆ ਜਾਂਦਾ ਸੀ ਪਰ ਇਹ ਬਿਲਕੁਲ ਫ੍ਰੀ ਸੀ। ਇਹ ਗੁਰਦੇਵ ਸਿੰਘ ਦੀ ਮਿਹਨਤ ਅਤੇ ਸਤਿਗੁਰੂ ਜੀ ਦਾ ਅਸ਼ੀਰਵਾਦ ਹੀ ਸੀ ਜੋ ਐਡਾ ਕਾਰਜ ਕਰ ਸਕਿਆ। ਨਾਮਧਾਰੀ ਸੰਗਤ ਦਾ ਵੀ ਪੂਰਾ ਸਾਥ ਸੀ ਪਰ ਉਗਰਾਹੀ ਉਸਨੇ ਖੁਦ ਹੀ ਆਪਣੇ ਅਸਰ ਰਸੂਖ ਅਤੇ ਮੇਲ ਮਿਲਾਪ ਸਦਕਾ ਹੀ ਯਾਰਾਂ ਦੋਸਤਾਂ ਪਾਸੋਂ ਕੀਤੀ ਸੀ ਜਿਸ ਨਾਲ ਇਹ ਪ੍ਰੋਗਰਾਮ ਸੰਪੰਨ ਹੋ ਸਕਿਆ।

ਗੁਰਦੇਵ ਸਿੰਘ ਐਸਾ ਸੰਗੀਤਕਾਰ ਹੈ ਜਿਸਦਾ ਆਪਣਾ ਸਾਜ਼ ਤਾਂ ਸਰੋਦ ਹੈ ਪਰ ਉਸਦੀ ਸੁਰਨਾਦ ਸੰਗੀਤ ਅਕੈਡਮੀ ਵਿਚ ਵੋਕਲ (ਗਾਣੇ) ਤੋਂ ਇਲਾਵਾ ਹਰ ਤਰ੍ਹਾਂ ਦੇ ਸਾਜ਼ ਵਜਾਏ ਜਾਂਦੇ ਹਨ। ਇਸ ਪ੍ਰੋਗਰਾਮ ਵਿਚ ਵੀ ਉਸਦੇ ਸ਼ਗਿਰਦ ਬੱਚਿਆਂ ਨੇ ਸਰੋਦ, ਦਿਲਰੁਬਾ, ਸਿਤਾਰ, ਵਾਇਲਨ ਅਤੇ ਤਬਲੇ ਦੇ ਆਈਟਮ ਪੇਸ਼ ਕਰ ਕੇ ਸਰੋਤਿਆਂ ਪਾਸੋਂ ਖੂਬ ਪ੍ਰਸੰਸਾ ਪ੍ਰਾਪਤ ਕੀਤੀ। ੪ ਅਗਸਤ ਨੂੰ ਸ੍ਰੀ ਉਦੇ ਸਿੰਘ ਜੀ ਨੇ ਪਰਿਵਾਰ ਸਮੇਤ ਇਸ ਵਿਚ ਸ਼ਿਰਕਤ ਕਰ ਕੇ ਹੋਰ ਵੀ ਅਨੰਦਮਈ ਕਰ ਦਿੱਤਾ। ਸ੍ਰੀ ਉਦੇ ਸਿੰਘ ਜੀ ਵੀ ਉਲੰਪਿਕ ਕਰਕੇ ਹੀ ਲੰਡਨ ਆਏ ਹੋਏ ਸੀ।

ਉਹਨਾਂ ਨੇ ਵੀ ਸੰਗੀਤ ਦਾ ਬੜਾ ਅਨੰਦ ਮਾਣਿਆ।

ਸਟੇਜ ਦੀ ਜ਼ੁੰਮੇਵਾਰੀ ਇਸ ਵਾਰ ਲੰਡਨ ਦੇ ਮਸ਼ਹੂਰ ਸਨਰਾਈਜ਼ ਰੇਡੀਓ ਦੇ ਸ਼੍ਰੀ ਰਵੀ ਸ਼ਰਮਾ ਨੇ ਬਾਖੂਬੀ ਨਿਭਾਈ। ਪਹਿਲੇ ਇਹ ਸੇਵਾ ਮਸ਼ਹੂਰ ਸ਼ਾਇਰ ਸ਼੍ਰੀ ਚਮਨ ਲਾਲ ਚਮਨ ਨਿਭਾਂਦੇ ਸੀ, ਪਰ ਸਿਹਤ ਅੱਜਕਲ੍ਹ ਕੁਝ ਠੀਕ ਨਹੀਂ ਸੀ। ਵੀਡਿਓਗ੍ਰਾਫੀ ਸੰਤ ਕ੍ਰਿਪਾਲ ਸਿੰਘ ਚਾਨਾ ਹੁਰਾਂ ਨੇ ਕੀਤੀ ਅਤੇ ਫੋਟੋਗ੍ਰਾਫੀ ਸ. ਹਰਭਜਨ ਸਿੰਘ ਭੁੱਲਰ ਹੋਰਾਂ ਦੇ ਬੇਟੇ ਨੇ ਕੀਤੀ। ਮਿਊਜ਼ਿਕ ਸਿਸਟਮ ਦੀ ਸੇਵਾ ਸ. ਰਣਜੀਤ ਸਿੰਘ ਨੇ ਕੀਤੀ।

੩ ਅਗਸਤ ਦੇ ਪ੍ਰੋਗਰਾਮ ਦੀ ਸ਼ੁਰੂਆਤ ਉਸਤਾਦ ਹਰਭਜਨ ਸਿੰਘ ਹੋਰਾਂ ਨੇ ਧੁਰਪਦ ਨਾਲ ਕੀਤੀ। ਰਾਗ ਧਨਾਸਰੀ ਜਿਸ ਦੇ ਬੋਲ ਸਨ-'ਸਖੀ ਨਾਲ ਵਸਾਂ ਅਪਨੇ ਪਿਆਰੇ' ਅਤੇ ਪੜਤਾਲ ਦੇ ਬੋਲ ਸਨ 'ਹਉ ਬਲਿਹਾਰੇ ਜਾਉ ਸਾਚੇ ਤੇਰੇ ਨਾਮ ਵਿਟਹੁ'। ਇਹਨਾਂ ਨਾਲ ਗੁਰਬਖਸ਼ ਸਿੰਘ ਨੇ ਤਾਰ ਸ਼ਹਿਨਾਈ ਅਤੇ ਉਦੈ ਸਿੰਘ ਨੇ ਦਿਲਰੁਬਾ ਤੇ ਸਾਥ ਦਿੱਤਾ। ਪਖਾਵਜ ਤੇ ਸੰਗਤ ਸਰਵਜੀਤ ਸਿੰਘ ਨੇ ਕੀਤੀ। ਉਸਤਾਦ ਹਰਭਜਨ ਸਿੰਘ ਹੁਰਾਂ ਨੇ ਧੁਰਪਦ ਦੀ ਤਾਲੀਮ ਸ੍ਰੀ ਭੈਣੀ ਸਾਹਿਬ ਰਹਿੰਦੇ ਸਤਿਗੁਰੂ ਜੀ ਪਾਸੋਂ ਅਤੇ ਜੀਵਨ ਨਗਰ ਰਹਿੰਦੇ ਮਹਾਰਾਜ ਬੀਰ ਸਿੰਘ, ਸਤਿਗੁਰੂ ਜੀ ਦੇ ਸਹਿਪਾਠੀ ਚੰਦਰਹਾਂਸ ਅਤੇ ਪੰਡਿਤ ਮਹਾਂਦੇਵ ਕਥਕ ਹੁਰਾਂ ਪਾਸੋਂ ਲਈ। ਉਹਨਾਂ ਦਿਨਾਂ ਵਿਚ ਗੁਰਦੇਵ ਸਿੰਘ ਵੀ ਉਸਤਾਦ ਜੀ ਨਾਲ ਹੀ ਹੁੰਦਾ ਸੀ ਪਰ ਬਾਅਦ ਵਿਚ ਸਰੋਦ ਸਿਖਣ ਉਸਤਾਦ ਅਮਜਦ ਅਲੀ ਹੁਰਾਂ ਪਾਸ ਚਲਾ ਗਿਆ। ਇਹਨਾਂ ਤੋਂ ਬਾਅਦ ਗੁਰਦੇਵ ਸਿੰਘ ਦੇ ਸ਼ਾਗਿਰਦਾਂ ਦੀ ਵਾਰੀ ਆਈ। ਪਹਿਲੇ ਸੰਤੋਸ਼ ਬਾਂਸਲ ਜਿਸਨੇ ਦਿਲਰੁਬਾ ਤੇ ਰਾਗ ਯਮਨ ਦੀ ਮਧ ਅਤੇ ਦਰੁਤ ਲੈਅ ਵਿਚ ਬੰਦਸ਼ ਪੇਸ਼ ਕੀਤੀ ਜੋ ਤਿੰਨ ਤਾਲ ਵਿਚ ਸੀ। ਤਬਲੇ ਉਪਰ ਸੰਗਤ ਸ. ਤਰਸੇਮ ਸਿੰਘ ਨੇ ਕੀਤੀ ਜੋ ਜਨਾਬ ਅੱਲਾ ਰਖਾ ਖਾਂ ਸਾਹਿਬ ਦਾ ਸ਼ਾਗਿਰਦ ਹੈ। ਇਸ ਤੋਂ ਬਾਅਦ ਕਾਕਾ ਗਿਆਨ ਸਿੰਘ ਵਿਰਦੀ ਨੇ ਸਿਤਾਰ ਉਪਰ ਰਾਗ ਰਾਗੇਸ਼ਵਰੀ ਦੀ ਤਿੰਨ ਤਾਲ ਵਿਚ ਮਧ ਅਤੇ ਦਰੁਤ ਲੈਅ ਵਿਚ ਗਤ ਪੇਸ਼ ਕੀਤੀ। ਇਸ ਦੀ ਵੀ ਤਬਲੇ ਤੇ ਸੰਗਤ ਸ. ਤਰਸੇਮ ਸਿੰਘ ਨੇ ਕੀਤੀ। ਇਹਨਾਂ ਤੋਂ ਬਾਅਦ ਆਇਆ ਛੋਟਾ ਕਲਾਕਾਰ ੧੦ ਸਾਲ ਦਾ ਕਾਕਾ ਜੀਵਨ ਸਿੰਘ ਜਿਸਨੇ ਤਬਲੇ ਤੇ ਤਿੰਨ ਤਾਲ ਦੀ ਐਸੀ ਜ਼ਬਰਦਸਤ ਪੇਸ਼ਕਾਰੀ ਕੀਤੀ ਕਿ ਸਰੋਤਿਆਂ ਨੇ ਖੜ੍ਹੇ ਹੋ ਕੇ ਤਾੜੀਆਂ ਮਾਰ ਕੇ ਉਸਦੀ ਹੌਸਲਾ ਅਫਜ਼ਾਈ ਕੀਤੀ। ਇਹ ਗੁਰਦੇਵ ਸਿੰਘ ਦੇ ਪੁੱਤਰ ਨਵਿੰਦਰਪਾਲ ਸਿੰਘ ਦਾ ਸ਼ਾਗਿਰਦ ਹੈ। ਨਵਿੰਦਰਪਾਲ ਸਿੰਘ ਖੁਦ ਉਸਤਾਦ ਸੁਖਵਿੰਦਰ ਸਿੰਘ ਪਿੰਕੀ ਦਾ





ਸ਼ਾਗਿਰਦ ਹੈ।

ਇੰਟਰਵਲ ਤੋਂ ਬਾਅਦ ਵਾਰੀ ਆਈ ਅੱਜ ਦੇ ਮਹਿਮਾਨ ਆਰਟਿਸਟ ਵਾਇਲਨ ਵਾਦਕ ਸ਼੍ਰੀਮਤੀ ਕਲਾ ਰਾਮਨਾਥ ਜੋ ਖਾਸ ਤੌਰ ਤੇ ਅਮਰੀਕਾ ਤੋਂ ਇਸ ਪ੍ਰੋਗਰਾਮ ਲਈ ਆਈ ਸੀ। ਇਸਨੇ ੩ ਸਾਲ ਦੀ ਉਮਰ ਵਿਚ ਵਾਇਲਨ ਆਪਣੇ ਦਾਦਾ ਪਾਸੋਂ ਸਿੱਖਣਾ ਸ਼ੁਰੂ ਕੀਤਾ। ਉਸ ਤੋਂ ਬਾਅਦ ਭਾਰਤ ਦੀ ਸਿਰਮੌਰ ਵਾਇਲਨ ਵਾਦਕ ਆਪਣੀ ਭੂਆ ਸ਼੍ਰੀਮਤੀ ਐਮ ਰਾਜਮ ਪਾਸੋਂ ੧੫ ਸਾਲ ਤਾਲੀਮ ਲਈ। ਦੋਨੋਂ ਭੂਆ ਭਤੀਜੀ ਗਾਇਕੀ ਅੰਗ ਨਾਲ ਵਾਇਲਨ ਵਜਾਉਂਦੀਆਂ ਹਨ। ਇਸ ਲਈ ਐਨ. ਰਾਜਮ ਤਾਂ ਪੰਡਿਤ ਓਂਕਾਰ ਨਾਥ ਠਾਕੁਰ ਹੁਰਾਂ ਦੀ ਸ਼ਗਿਰਦ ਸੀ ਅਤੇ ਇਹ ਆਪ ਸੰਗੀਤ ਮਾਰਤੰਡ ਪੰਡਤ ਜਸਰਾਜ ਹੁਰਾਂ ਦੀ ਸ਼ਗਿਰਦ ਹੈ। ਇਸਨੇ ਰਾਗ ਮਾਰੂ ਬਿਹਾਗ ਦੀ ਗਤ ਝਪ ਤਾਲ ਅਤੇ ਤਿੰਨ ਤਾਲ ਵਿਚ ਪੇਸ਼ ਕੀਤੀ। ਤਬਲੇ ਉਪਰ ਸੰਗੀਤ ਸ਼੍ਰੀ ਸੰਜੂ ਸਹਾਏ ਬਨਾਰਸ ਵਾਲੇ ਨੇ ਬੜੀ ਕੁਸ਼ਲਤਾ ਨਾਲ ਕੀਤੀ। ਕਲਾ ਦਾ ਹੱਥ ਬੜਾ ਸਾਫ ਅਤੇ ਸੁਰੀਲਾ ਹੈ। ਇਸਦੀ ਤਿਆਰੀ ਵੀ ਬਹੁਤ ਹੈ। ਬਾਅਦ ਵਿਚ ਇਕ ਚੇਤੀ ਧੁਨ ਦੀ ਵਜਾਈ ਸਰੋਤਿਆਂ ਨੇ ਬੜਾ ਅਨੰਦ ਮਾਣਿਆ।

੪ ਅਗਸਤ ਦੇ ਪ੍ਰੋਗਰਾਮ ਦੀ ਸ਼ੁਰੂਆਤ ਵੀ ਉਸਤਾਦ ਹਰਭਜਨ ਸਿੰਘ ਹੁਰਾਂ ਨੇ ਰਾਗ ਕਾਨੜਾ ਵਿਚ ਧਰੁਪਦ ਗਾਇਨ ਨਾਲ ਕੀਤੀ ਜਿਸਦੇ ਬੋਲ ਸਨ 'ਵਿਸਰ ਗਈ ਸਭ ਤਾਤ ਪਰਾਈ' ਅਤੇ ਪੜਤਾਲ ਦੇ ਬੋਲ ਸਨ 'ਮਨ ਜਪ ਰਾਮ ਗੋਪਾਲ' ਉਦੈ ਸਿੰਘ ਨੇ ਦਿਲਰੁਬਾ ਤੇ ਸਾਥ ਦਿੱਤਾ ਅਤੇ ਪਖਾਵਜ ਤੇ ਸੰਗਤ

ਸਰਵਜੀਤ ਸਿੰਘ ਨੇ ਕੀਤੀ। ਇਹਨਾਂ ਤੋਂ ਬਾਅਦ ਗੁਰਦੇਵ ਸਿੰਘ ਦੇ ਸ਼ਗਿਰਦ ਡਾ. ਹਰਸ਼ ਅਮੀਨ ਅਤੇ ਰਵਿੰਦਰਪਾਲ ਸਿੰਘ ਨੇ ਸਰੋਦ ਤੇ ਜੁਗਲਬੰਦੀ ਪੇਸ਼ ਕੀਤੀ। ਇਹਨਾਂ ਨਾਲ ਅਨਿਲ ਸੰਧੂ ਨੇ ਤਬਲੇ ਉਪਰ ਸੰਗਤ ਕੀਤੀ। ਇਹਨਾਂ ਨੇ ਰੰਗ ਮਾਲਕੌਂਸ ਦੀ ਮਧ ਅਤੇ ਦਰੁਤ ਲੈ ਵਿਚ ਗਤ ਵਜਾਈ ਜੋ ਸਰੋਤਿਆਂ ਨੇ ਬਹੁਤ ਪਸੰਦ ਕੀਤੀ। ਇਹਨਾਂ ਤੋਂ ਬਾਅਦ ਵਾਰੀ ਤਾਂ ਗੁਰਬਖਸ਼ ਸਿੰਘ ਤਾਰ ਸ਼ਹਿਨਾਈ ਵਾਲੇ ਦੀ ਸੀ ਪਰ ਸਿਹਤ ਖਰਾਬ ਹੋਣ ਕਰਕੇ ਆ ਨਾ ਸਕਿਆ। ਉਸਦੀ ਜਗ੍ਹਾ ਬੜੌਦਾ ਭਾਰਤ ਤੋਂ ਆਏ ਇਲਿਆਸ ਖਾਨ ਨੇ ਸਾਰੰਗੀ ਉਪਰ ਰਾਗ ਚਾਰਕੇਸੀ ਦੀ ਤਿੰਨ ਤਾਲ ਵਿਚ ਬੰਦਿਸ਼ ਪੇਸ਼ ਕੀਤੀ। ਤਬਲੇ ਉਪਰ ਸੰਗਤ ਗੁਰਦੇਵ ਰਾਇਤ ਨੇ ਕੀਤੀ। ਇਸ ਤੋਂ ਬਾਅਦ ਕਿਰਨਪਾਲ ਸਿੰਘ ਦਾ ਸੰਤੂਰਵਾਦਨ ਸੀ। ਇਸਨੇ ਸੂਤਰ ਦੀ ਤਾਲੀਮ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਜਗਤ ਪ੍ਰਸਿੱਧ ਸੰਤੂਰਵਾਦਕ ਉਸਤਾਦ ਪੰਡਿਤ ਸ਼ਿਵ ਕੁਮਾਰ ਪਾਸੋਂ ਲਈ। ਇਸਨੇ ਰਾਗ ਕੌਂਸੀ ਕਾਨੜਾ ਦੀ ਰੂਪਕ ਤਾਲ ਵਿਚ ਗਤ ਪੇਸ਼ ਕੀਤੀ। ਤਬਲੇ ਦੀ ਸੰਗਤ ਭਾਰਤ ਵਿਦਿਆ ਭਵਨ ਵਾਲੇ ਰਾਜ ਕੁਮਾਰ ਮਿਸ਼ਰਾ ਨੇ ਕੀਤੀ। ਇਸ ਤੋਂ ਬਾਅਦ ਕਾਕਾ ਤੀਰਥ ਸਿੰਘ ਸਿਆਨ ਨੇ ਤਬਲੇ ਤੇ ਤਿੰਨ ਤਾਲ ਪੇਸ਼ ਕੀਤਾ। ਇਹ ਵੀ ਨਰਿੰਦਰਪਾਲ ਸਿੰਘ ਦਾ ਸ਼ਗਿਰਦ ਹੈ। ਇੰਟਰਵਲ ਤੋਂ ਬਾਅਦ ਜਗਤ ਪ੍ਰਸਿੱਧ ਉਸਤਾਦ ਵਲਾਇਤ ਖਾਂ ਦੇ ਸ਼ਗਿਰਦ ਸਤਿਗੁਰੂ ਜੀ ਦੀ ਸੰਗੀਤ ਫੁਲਵਾੜੀ ਦੇ ਫੁੱਲ ਧਰਮਵੀਰ ਸਿੰਘ ਦਾ ਸਿਤਾਰ ਵਾਦਨ ਹੋਇਆ। ਇਹਨਾਂ ਨਾਲ ਤਬਲੇ ਦੀ ਸੰਗਤ ਇਹਨਾਂ ਦੇ ਪੁੱਤਰ ਕਾਕਾ ਉਪਨੀਤ ਸਿੰਘ ਅਤੇ ਗੁਰਦੇਵ ਸਿੰਘ ਰਾਇਤ ਨੇ ਕੀਤੀ। ਇਹਨਾਂ ਨੇ ਰਾਗ ਸ਼ੁੱਧ ਬਸੰਤ ਦੀ ਗਤ ਰੂਪਕ ਤਾਲ ਅਤੇ ਰਾਗ ਯਮਨ ਦੀ ਗਤ ਤਿੰਨ ਤਾਲ ਵਿਚ ਪੇਸ਼ ਕੀਤਾ। ਇਹਨਾਂ ਦੀ ਸ਼ਗਿਰਦ ਰੂਪਾ ਪਨੇਸਰ ਨੇ ਵੀ ਇਹਨਾਂ ਦਾ ਭਰਪੂਰ ਸਾਥ ਦਿੱਤਾ।

੫ ਅਗਸਤ ਦੀ ਸ਼ੁਰੂਆਤ ਵੀ ਉਸਤਾਦ ਹਰਭਜਨ ਸਿੰਘ ਹੁਰਾਂ ਨੇ ਰਾਗ ਮਲ੍ਹਾਰ ਵਿਚ ਧਰੁਪਦ ਗਾਇਨ ਨਾਲ ਕੀਤੀ- ਜਿਸਦੇ ਬੋਲ ਸਨ 'ਕਹੂੰ ਗੀਤ ਕੇ ਗਵਈਆ ਕਹੂੰ ਬੀਨ ਕੇ ਬਜਈਆ' ਇਸ ਤੋਂ ਬਾਅਦ ਇਕ ਤਾਲ ਵਿਚ ਬੰਦਿਸ਼ ਪੇਸ਼ ਕੀਤੀ ਜਿਸਦੇ ਬੋਲ ਸਨ 'ਜੋਰ ਘਟਾ ਘਣ ਆਏ ਸਖੀ' ਇਹਨਾਂ ਦਾ ਗਾਣੇ ਵਿਚ ਸਾਥ ਦਿੱਤਾ ਇਹਨਾਂ ਦੇ ਸ਼ਗਿਰਦ ਸਤਵਿੰਦਰ ਸਿੰਘ ਭੋਗਲ ਨੇ ਅਤੇ ਦਿਲਰੁਬਾ ਤੇ ਉਦੇ ਸਿੰਘ ਨੇ। ਪਖਾਵਜ ਦੀ ਸੰਗਤ ਸਰਵਜੀਤ ਸਿੰਘ ਨੇ ਕੀਤੀ। ਇਹਨਾਂ ਤੋਂ ਪਹਿਲੇ ੧੦ ਸਾਲਾਂ ਪੁਨੀਤ ਕੌਰ ਸਿਆਨ ਨੇ ਸਰੋਦ ਉਪਰ ਰਾਗ ਬਿਹਾਗ ਦੀ ਮਧ ਅਤੇ ਦਰੁਤ ਤਿੰਨ ਤਾਲ ਗਤ ਪੇਸ਼ ਕੀਤੀ। ਐਡੀ ਛੋਟੀ ਉਮਰ ਵਿਚ ਐਡਾ ਮੁਸ਼ਕਲ ਸਾਜ਼ ਸੁਰ ਵਿਚ ਵਜਾਣਾ ਹੀ ਆਪਣੇ ਆਪ ਵਿਚ ਕਮਾਲ ਹੈ। ਤਬਲੇ ਤੇ ਸੰਗਤ ਅਨਿਲ ਸੰਧੂ ਨੇ ਕੀਤੀ। ਇਸ ਤੋਂ ਬਾਅਦ ਭੈਣ ਭਰਾ ਦੀ ਜੋੜੀ ਹਾਕਮ ਸਿੰਘ ਨੇ ਦਿਲਰੁਬਾ ਅਤੇ ਅਮਨ ਕੌਰ ਨੇ ਸਿਤਾਰ ਉਪਰ ਜੁਗਲਬੰਦੀ ਪੇਸ਼ ਕੀਤੀ। ਇਹਨਾਂ ਨੇ ਰਾਗ ਮਾਰਵਾ ਦੀ ਗਤ ਇਕ ਤਾਲ ਅਤੇ ਤਿੰਨ ਤਾਲ ਵਿਚ ਪੇਸ਼ ਕੀਤੀ। ਇਹਨਾਂ ਤੋਂ ਬਾਅਦ ਹਰਨਾਮ ਕੌਰ ਚਾਨਾ ਨੇ ਵਾਇਲਨ ਤੇ ਰਾਗ ਕਿਰਵਾਨੀ ਦੀ ਤਿੰਨ ਤਾਲ ਵਿਚ ਮਧ ਅਤੇ ਦਰੁਤ ਗਤ ਪੇਸ਼ ਕੀਤੀ।

ਇੰਟਰਵਲ ਤੋਂ ਬਾਅਦ ਪਹਿਲੇ ਆਏ ਜਗਤ ਪ੍ਰਸਿੱਧ ਪੰਡਿਤ ਕਿਸ਼ਨ ਮਹਾਰਾਜ ਦੇ ਸ਼ਗਿਰਦ ਸੁਖਵਿੰਦਰ ਸਿੰਘ ਪਿੰਕੀ ਜਿਨ੍ਹਾਂ ਨੇ ਤਬਲੇ ਤੇ ਐਸਾ ਰੰਗ ਬੰਨ੍ਹਿਆ ਕਿ ਸਰੋਤੇ ਤਾੜੀਆਂ ਮਾਰ ਮਾਰ ਥੱਕ ਗਏ। ਪਿੰਕੀ ਤੇ ਸਤਿਗੁਰਾਂ ਦੀ ਬੜੀ ਮਿਹਰ ਹੈ। ਇਹਨਾਂ ਨਾਲ ਨਗਮਾ ਇਲਿਆਸ ਖਾਨ ਨੇ ਸਾਰੰਗੀ ਤੇ ਵਜਾਇਆ। ਅੱਜ ਦੀ ਆਖਰੀ ਪੇਸ਼ਕਸ਼ ਸੀ, ਜਗਤ ਪ੍ਰਸਿੱਧ ਭਾਈ ਬਲਦੀਪ ਸਿੰਘ ਹੁਰਾਂ ਦਾ ਧਰੁਪਦ ਗਾਇਨ। ਇਨ੍ਹਾਂ ਦਾ ਸੰਬੰਧ ਪ੍ਰਸਿੱਧ ਕੀਰਤਨ ਪਰਿਵਾਰ ਭਾਈ ਗੁਰਚਰਨ ਸਿੰਘ ਅਵਤਾਰ ਸਿੰਘ ਹੁਰਾਂ ਨਾਲ ਹੈ। ਆਪ ਰਹਿੰਦੇ ਤਾਂ ਦਿੱਲੀ ਹਨ ਪਰ ਅਕਸਰ ਬਾਹਰਲੇ ਮੁਲਕਾਂ ਦਾ ਦੌਰਾ ਕਰਦੇ ਰਹਿੰਦੇ ਹਨ। ਇਹਨਾਂ ਨੇ ਧਰੁਪਦ ਦੀ ਤਾਲੀਮ ਫਹੀਮਓਦੀਨ ਡਾਗਰ ਹੁਰਾਂ ਪਾਸੋਂ ਲਈ। ਇਹਨਾਂ ਨੇ ਰਾਗ ਮਲ੍ਹਾਰ ਦਾ ਹੀ ਪ੍ਰਕਾਰ ਗਾਇਆ। ਇਹਨਾਂ ਨਾਲ ਸਾਰੰਗੀ ਤੇ ਸਾਥ ਇਲਿਆਸ ਖਾਂ ਨੇ ਦਿੱਤਾ ਅਤੇ ਪਖਾਵਜ ਦੀ ਸੰਗਤ ਸੁਖਵਿੰਦਰ ਸਿੰਘ ਪਿੰਕੀ ਨੇ ਕੀਤੀ।





ਇਕ ਸੰਘਰਸ਼ਮਈ ਜੀਵਨ

ਸ. ਸੇਵਾ ਸਿੰਘ ਤੰਬੂਆਂ ਵਾਲੇ



ਜਗਦੀਸ਼ ਸਿੰਘ
ਵਰਿਆਮ

ਸ. ਸੇਵਾ ਸਿੰਘ ਜੀ ਫਨ ਐਂਡ ਫੂਡ ਵਿਲੇਜ ਗੜਗਾਓਂ ਵਾਲੇ ਵਰਿਆਮ ਦੇ ਜਨਮ ਸਮੇਂ ਤੋਂ ਹੀ ਇਸਦੇ ਸੁਹਿਰਦ-ਮਿੱਤਰ ਸਖਾ ਅਤੇ ਵੱਡੀ ਧਿਰ ਰਹੇ ਹਨ। ਵਰਿਆਮ ਉੱਤੇ ਵੀ ਸਮੇਂ ਦੇ ਬੜੇ ਉਤਾਰ ਚੜ੍ਹਾ ਆਏ ਹਨ ਅਤੇ ਸ. ਸੇਵਾ ਸਿੰਘ ਪਰਿਵਾਰ ਵੀ ਬਹੁਤ ਸੰਘਰਸ਼ 'ਚੋਂ ਲੰਘਿਆ ਹੈ। ਇਸ ਵੇਲੇ ਫਨ ਐਂਡ ਫੂਡ ਵਿਲੇਜ ਦਾ ਗੁੜਗਾਓਂ ਤੋਂ ਇਲਾਵਾ ਡੁਬਈ ਅਤੇ ਤਾਸ਼ਕੰਦ ਵਿਚ ਵੀ ਪਾਸਾਰ ਹੈ। ਸਰਦਾਰ, ਸੇਠ, ਸੰਤ ਸੇਵਾ ਸਿੰਘ ਜੀ ਬਾਰੇ ਇਹ ਲੇਖ ਸੰਨ ੧੯੭੭ ਦੇ ਜੁਲਾਈ ਅੰਕ ਵਿਚ ਪਹਿਲੀ ਵਾਰ ਛਪਿਆ ਸੀ। ਵਰਿਆਮ ਅਤੇ ਵਰਿਆਮ ਸੰਪਾਦਕ ਨਾਲ ਵਾਤਸਲ ਮੋਹ ਰੱਖਣ ਵਾਲੇ ਸ. ਸੇਵਾ ਸਿੰਘ ਜੀ ਦੇ ਨਿਰੰਤਰ ਪਿਆਰ ਨੂੰ ਮੁੱਖ ਰੱਖਦੇ ਹੋਏ ਇਹ ਲੇਖ ਮੁੜ ਪ੍ਰਕਾਸ਼ਤ ਕਰ ਰਹੇ ਹਾਂ। ਭਾਵੇਂ ਇਸ ਸਮੇਂ ਸਰਦਾਰ ਜੀ ਦੀ ਜੀਵਨ ਸਾਥਨ ਮਾਤਾ ਪਵਨਜੀਤ ਕੌਰ ਆਪਣੀ ਸੰਸਾਰ ਯਾਤਰਾ ਪੂਰੀ ਕਰ ਗਏ ਹਨ ਪਰ ਉਹਨਾਂ ਦਾ ਮਮਤਾ ਭਰਿਆ ਆਸ਼ੀਰਵਾਦ ਵਰਿਆਮ ਦੇ ਅੰਗ-ਸੰਗ ਹੈ।


—ਸੰਪਾਦਕ

ਆਮ ਤੌਰ ਤੇ ਨਾਮਧਾਰੀ ਮੇਲਿਆਂ ਤੇ ਤੰਬੂਆਂ ਛੌਲਦਾਰੀਆਂ ਤੇ ਕਨਾਤਾਂ ਲਾਉਣ ਲੁਆਉਣ ਵਿਚ ਇਕ ਭਰਵੇਂ ਕਦ ਕਾਠ ਵਾਲੇ ਗੋਰੇ ਰੰਗ ਦੇ ਨਿਰਮਾਨ ਜਿਹੇ ਸਿਖ ਨੂੰ ਅਣਥੱਕ ਸੇਵਾ ਕਰਦਿਆਂ, ਕਦੇ ਰੱਸੇ ਖਿਚਦਿਆਂ, ਕਦੇ ਕਿੱਲੇ ਗੱਡਦਿਆਂ ਕਿਤੇ ਤਣੀਆਂ ਕਸਦਿਆਂ ਕਦੇ ਬਾਂਸ ਚੁਕਦਿਆਂ ਵੇਖਿਆ ਹੋਵੇਗਾ ਇਹ ਹੀ ਸ. ਸੇਵਾ ਸਿੰਘ ਹਨ। ਜਿਹੜੇ ਆਮ ਕਰਕੇ ਸੇਵਾ ਸਿੰਘ ਤੰਬੂਆਂ ਵਾਲੇ ਕਰਕੇ ਮਸ਼ਹੂਰ ਹਨ।

ਸ. ਸੇਵਾ ਸਿੰਘ ਇਸ ਵੇਲੇ ਸਮ੍ਰਿਧ ਹਨ। ਭਾਰਤ ਭਰ ਵਿਚ ਇਹਨਾਂ ਦਾ ਵਪਾਰ ਹੈ, ਦਫਤਰ ਅਤੇ ਗੱਡੀਆਂ ਏਅਰ ਕੰਡੀਨਸ਼ਡ ਹਨ। ਪਰਿਵਾਰਕ, ਵਿਹਾਰਕ ਅਤੇ ਸਮਾਜਕ ਸਾਰੇ ਸੁਖ ਪ੍ਰਾਪਤ ਹਨ। ਪਰ ਇਹਨਾਂ ਦਾ ਜੀਵਨ ਘੋਲਾਂ ਅਤੇ ਸੰਘਰਸ਼ਾਂ ਦਾ ਜੀਵਨ ਹੈ। ਇਹਨਾਂ ਨੇ ਇਹ ਪਦਵੀ ਆਪਣੇ ਗੁਰੂ ਦੇ ਬਚਨਾਂ ਤੇ ਵਿਸ਼ਵਾਸ ਰਖਦਿਆਂ ਹੋਇਆਂ ਕਰੜੀ ਮਿਹਨਤ ਅਤੇ ਸਿਦਕ ਦਿਲੀ ਨਾਲ ਪ੍ਰਾਪਤ ਕੀਤੀ ਹੈ। ਆਪਣੇ ਜੀਵਨ ਵਿਚ ਬਾਣੀ ਦੀਆਂ ਇਹਨਾਂ ਤੁਕਾਂ ਨੂੰ ਇਹਨਾਂ ਨੇ ਮਾਰਗ ਦਰਸ਼ਨ ਬਣਾਇਆ ਹੈ-

ਸਗਲ ਸਿਆਨਪ ਛਾਡਿ। ਕਰਿ ਸੇਵਾ ਸੇਵਕ ਸਾਜਿ ॥
ਅਪਨਾ ਆਪੁ ਸਗਲ ਮਿਟਾਇ ॥ ਮਨ ਚਿੰਦੇ ਸੇਈ ਫਲ
ਪਾਇ. ।੧॥ ਹੋਹੁ ਸਾਵਧਾਨ ਅਪੁਨੇ ਗੁਰ ਸਿਉ ॥ ਆਸਾ
ਮਨਸਾ ਪੂਰਨ ਹੋਵੈ ਪਾਵਹਿ ਸਗਲ ਨਿਧਾਨ ਗੁਰ ਸਿਉ ॥

ਸ. ਸੇਵਾ ਸਿੰਘ ਦੀ ਜ਼ਿੰਦਗੀ ਦੀ ਕਹਾਣੀ ਬੜੀ ਦਿਲਚਸਪ ਉਤਾਰਾਂ ਚੜ੍ਹਾਵਾਂ ਨਾਲ ਓਤਪੋਤ ਹੈ। ਇਮਾਨਦਾਰੀ ਤੇ ਗੁਰੂ ਭਗਤੀ ਇਹਨਾਂ ਨੂੰ ਵਿਰਸੇ ਵਿਚ ਹੀ ਮਿਲੀ। ਦਾਦਾ ਸੰਤ ਕਿਸ਼ਨ ਸਿੰਘ ਪਿੰਡ ਬੈਂਕਾ ਚੀਮਾ (ਗੁਜਰਾਂਵਾਲਾ) ਨੂੰ ਗੁਰੂ ਰਾਮ ਸਿੰਘ ਜੀ ਕੋਲੋਂ ਭਜਨ ਲੈਣ ਦਾ ਸੁਭਾਗ ਪ੍ਰਾਪਤ ਹੋਇਆ। ਪਿੰਡ ਵਾਲੀ ਧਰਮਸਾਲਾ ਉਹਨਾਂ ਹੀ ਬਣਵਾਈ ਸੀ। ਪਿਤਾ ਸੰਤ ਕਿਸ਼ਨ ਸਿੰਘ ਨੇ ਸੰਨ ੧੯੦੫ ਵਿਚ ਥਾਈਲੈਂਡ ਵਿਚ ਜਾ ਕੇ ਕਪੜੇ ਦਾ ਕਾਰੋਬਾਰ ਸ਼ੁਰੂ ਕੀਤਾ। ਲੱਖਾਂ ਰੁਪਏ ਹੱਥਾਂ ਵਿਚ ਆਉਣ ਜਾਣ ਦੇ ਬਾਵਜੂਦ ਵੀ ਬਿਲਕੁਲ ਸ਼ੁਧ ਵਿਹਾਰ ਰੱਖਿਆ। ਇਥੇ ੨੭ ਅਪ੍ਰੈਲ ੧੯੨੨ ਨੂੰ ਸਾਡੀ ਕਹਾਣੀ ਦੇ ਨਾਇਕ ਦਾ ਜਨਮ ਹੋਇਆ। ਜਦੋਂ





ਅਠ ਸਾਲ ਦੇ ਸੇਵਾ ਸਿੰਘ ਹੋਏ ਤਾਂ ਇਹਨਾਂ ਦੇ ਮਾਤਾ ਜੀ ਬੀਮਾਰ ਹੋ ਗਏ ਤਾਂ ਪਿਤਾ ਜੀ ਵਾਪਸ ਭਾਰਤ ਪਰਤੇ। ਅਤੇ ਇਸ ਦੇ ਨਾਲ ਹੀ ਇਹਨਾਂ ਦੀ ਜ਼ਿੰਦਗੀ ਵਿਚ ਸੰਘਰਸ਼ ਸ਼ੁਰੂ ਹੋ ਗਿਆ।

ਇਹਨਾਂ ਦੇ ਮਾਮਾ ਜੀ ਡਾਕਟਰ ਨਰਿਜਨ ਸਿੰਘ ਸੇਠੀ M.D. London ਜ਼ਿਲਾ ਹੈਲਥ ਅਫਸਰ ਸਨ ਅਤੇ ਮਿੰਟਗੁਮਰੀ, ਅੰਮ੍ਰਿਤਸਰ, ਲਾਹੌਰ, ਰਾਵਲਪਿੰਡੀ ਆਦਿ ਥਾਵਾਂ ਤੇ ਉਹ ਸਰਵਿਸ ਕਰ ਚੁਕੇ ਸਨ। ਉਹਨਾਂ ਦੀ ਸ਼ਰਨ ਵਿਚ ਹੀ ਖਾਲਸਾ ਹਾਈ ਸਕੂਲ ਗੁਜਰਾਂਵਾਲਾ ਵਿਚ ਪੜ੍ਹਨੇ ਪਏ। ਡਾ. ਕਿਰਪਾਲ ਸਿੰਘ ਮੌਜੂਦਾ ਪ੍ਰੋਫੈਸਰ ਆਫ ਹਿਸਟਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਇਹਨਾਂ ਦੇ ਹਮਜਮਾਤੀ ਸਨ।

ਭਾਵੇਂ ਪੜ੍ਹਾਈ ਵਿਚ ਸੇਵਾ ਸਿੰਘ ਜੀ ਬਹੁਤ ਹੀ ਹੁਸ਼ਿਆਰ ਸਨ ਪਰ ਮਜਬੂਰਨ ਪੜ੍ਹਾਈ ਛੱਡ ਕੇ ਬੰਬਈ ਜਾਣਾ ਪਿਆ। ਬੰਬਈ ਵਿਚ ਆਪਣੇ ਜੀਵਨ ਦੇ ਤਜਰਬੇ ਨੂੰ ਜ਼ਿਆਦਾ ਮੋਕਲਾ ਕਰਨ ਦਾ ਅਵਸਰ ਮਿਲਿਆ। ਇਕ ਪਾਸੇ ਤਾਂ ਇਕ ਮਿਲ ਵਿਚ ਦੋ ਰੁਪਏ ਰੋਜ਼ ਦੀ ਨੌਕਰੀ ਕਰਕੇ ਜੀਵਨ ਦੀ ਗੱਡੀ ਨੂੰ ਤੋਰਨ ਦਾ ਯਤਨ ਦੂਜੇ ਪਾਸੇ ਬੰਬਈ ਦੀ ਤੜਕ ਭੜਕ ਵਾਲੇ ਮਾਹੌਲ ਦਾ ਨੌਜੁਆਨ ਦਿਲ ਨੂੰ ਸੱਦਾ। ਜਿਸ ਬਿਲਡਿੰਗ ਵਿਚ ਇਹ ਰਹਿੰਦੇ ਸਨ ਉਥੇ ਐਕਟਰ ਤੇ ਐਕਟਰਸਾਂ ਵੀ ਰਹਿੰਦੀਆਂ ਸਨ। ਉਹਨਾਂ ਨਾਲ ਮੇਲ ਜੋਲ, ਸਿਨਮਾਂ ਅਤੇ ਸ਼ੂਟਿੰਗ ਵੇਖਣ ਦੀਆਂ ਸਹੂਲਤਾਂ ਬਹੁਤ ਸਨ। ਪਰ ਸੇਵਾ ਸਿੰਘ ਜੀ ਉਤੇ ਸ. ਤੇਜਾ ਸਿੰਘ ਜੀ ਕਸਟਮ ਆਫੀਸਰ ਜੋ ਪੂਰਨ ਗੁਰਸਿਖ ਸਨ ਦਾ ਪ੍ਰਭਾਵ ਜ਼ਿਆਦਾ ਪ੍ਰਬਲ ਰਿਹਾ। ਸ. ਸੇਵਾ ਸਿੰਘ ਨੇ ਫਿਲਮਾਂ ਅਤੇ ਸ਼ੂਟਿੰਗਾਂ ਵੇਖਣ ਲਈ ਦਿੱਤੇ ਜਾਂਦੇ ਪਾਸਾਂ ਦੀ ਬਿਲਕੁਲ ਵਰਤੋਂ ਨਾ ਕੀਤੀ ਸਗੋਂ ਸਾਰੀ ਉਮਰ ਹੀ ਫਿਲਮ ਨਹੀਂ ਵੇਖੀ ਪ ਸ. ਤੇਜਾ ਸਿੰਘ ਦੀ ਸੰਗਤ ਵਿਚ ਭਜਨ ਬੰਦਗੀ ਬਹੁਤ ਕੀਤੀ। ਸਵੇਰੇ ਤਿੰਨ ਵਜੇ ਤੋਂ ਪਹਿਲਾਂ ਉਠਣਾ ਅਤੇ ਨਾਮ ਸਿਮਰਨ ਦਾ ਅਭਿਆਸ ਕਰਨਾ। ਲਿਖਣ ਦਾ ਵੀ ਸ਼ੌਕ ਸੀ ਅਤੇ ਆਪਣੇ ਧਾਰਮਕ ਲੇਖ ਲਿਖ ਕੇ ਸਤਿਜੁਗ ਅਖਬਾਰ ਨੂੰ ਭੇਜਣੇ ਜੋ ਛਪ ਜਾਣੇ।

੧੯੩੭ ਤੋਂ ੩੯ ਤਕ ਦੋ ਸਾਲ ਬੰਬਈ ਰਹੇ। ਇਸ ਦੌਰਾਨ ਗਰੀਬੀ ਨੇ ਭਰਪੂਰ ਹਮਲਾ ਕੀਤਾ। ਕਈ ਵਾਰੀ ਰੋਟੀ ਤੋਂ ਵੀ ਆਤਰ ਹੋ ਜਾਣਾ ਪਰ ਸਿਦਕ ਹੱਥੋਂ ਨਹੀਂ ਛਡਿਆ ਅਤੇ ਨਾ ਹੀ ਰੋਟੀ ਵਾਸਤੇ ਗਲਤ ਰਸਤਾ ਅਪਣਾਇਆ। ੧੯੩੯ ਵਿਚ ਦੂਜੀ ਸੰਸਾਰ ਜੰਗ ਛਿੜ ਗਈ। ਸ੍ਰੀ ਭੈਣੀ ਸਾਹਿਬ ਵਿਚ ੧੦੦ ਦਿਨਾਂ ਦਾ ਪਾਠ ਪਰਯੋਗ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ਼ੁਰੂ ਕੀਤਾ ਹੋਇਆ ਸੀ ਜਿਸ ਵਿਚ ਜਾਣ ਲਈ ਸ. ਸੇਵਾ ਸਿੰਘ ਬੰਬਈ ਤੋਂ ੧੫ ਰੁਪੈ ਉਧਾਰੇ ਲੈ ਕੇ ਪਹੁੰਚੇ। ਇਸ ਪ੍ਰਯੋਗ ਸਮੇਂ ਸਤਿਗੁਰਾਂ ਦਾ ਕਰੜਾ ਹੁਕਮ ਸੀ ਕਿ ਕੋਈ ਵੀ ਸਜਨ ਸੇਵਾ ਤੋਂ ਬਗੈਰ ਨਾ ਰਹੇ। ਭੈਣੀ ਸਾਹਿਬ ਰਾਤ ਨੌ ਵਜੇ ਪੁਜੇ ਅਤੇ ਬਾਗ ਵਾਲੀ ਕੋਠੀ ਕੋਲ ਖਲੋ ਗਏ, ਕੋਲ ਹੋਰ ਵੀ ਤਿੰਨ ਸਿਖ ਸਨ। ਸਤਿਗੁਰੂ ਜੀ, ਸੰਤ ਨਿਧਾਨ ਸਿੰਘ ਆਲਮ, ਸੰਤ ਬਲਵੰਤ ਸਿੰਘ ਐਡੀਟਰ ਸਤਿਜੁਗ ਅਤੇ ਭਾਈ ਬਹਾਦਰ ਸਿੰਘ ਸਹਿਤ ਉਥੇ ਪੁਜੇ। ਬਾਕੀ ਸਿਖ ਤਾਂ ਸ਼ਾਇਦ ਸੇਵਾ ਵਲੋਂ ਭਗੌੜੇ ਹੋਣ ਦੇ ਕਸੂਰੋਂ ਭਜ ਗਏ ਇਹ ਓਥੇ ਹੀ ਖੜੇ ਰਹੇ। ਸਤਿਗੁਰੂ ਜੀ ਨੇ ਨਾ ਨਾਮ ਪੁਛਿਆ ਨਾ ਹੀ ਥਾਂ ਪੁਛਿਆ ਆਉਂਦੀਆਂ ਹੀ ਬਚਨ ਕੀਤਾ, "ਸੇਠ ਜੀ ਬੰਬਈਓਂ ਕਦੋਂ ਆਏ ਹੋ।" ਸ. ਸੇਵਾ ਸਿੰਘ ਗੁਰੂ ਚਰਨਾਂ ਤੇ ਆਪਣਾ ਸਿਰ ਸੁਟ ਕੇ ਬਹੁਤ ਰੋਏ। ਕਿਥੇ ਗਰੀਬੀ ਦੀ ਇਹ ਹਾਲਤ ਅਤੇ ਕਿਥੇ ਸੇਠਾਈ ਦਾ ਵਰ। ਦਿਲ ਵਿਚ ਵਿਸ਼ਵਾਸ ਹੋ ਗਿਆ ਕਿ ਮੈਂ ਇਕ ਦਿਨ ਸੇਠ ਜ਼ਰੂਰ ਬਣਾਂਗਾ।

ਸ. ਬਲਵੰਤ ਸਿੰਘ ਜੀ ਸੰਪਾਦਕ ਨੇ ਇਹਨਾਂ ਦੇ ਭੇਜੇ ਲੇਖਾਂ ਬਾਬਤ ਗੱਲ ਕੀਤੀ ਗੁਰੂ ਜੀ ਕਹਿਣ ਲੱਗੇ ਚਲ ਤੈਨੂੰ ਪੜ੍ਹਿਆ ਲਿਖਿਆ ਮੁੰਡਾ ਮਿਲ ਗਿਆ ਹੈ। ਸ੍ਰੀ ਭੈਣੀ ਸਾਹਿਬ ਵਿਚ ਸਤਿਜੁਗ ਦੀ ਸੇਵਾ ਤੋਂ ਇਲਾਵਾ ਜੋੜਿਆਂ ਦੀ ਸੇਵਾ ਨਾਮਧਾਰੀ ਸੰਗਤ ਬੰਬਈ ਦੇ ਬੋਰਡ ਹੇਠਾਂ ਕਰਦੇ ਰਹੇ ਇਸ ਤੋਂ ਇਲਾਵਾ ਪੰਡਾਲ ਦੀ ਸਜਾਵਟ ਦੀ ਸੇਵਾ ਵੀ ਕਰਦੇ ਰਹੇ ਜੋ ਹੁਣ ਤਕ ਕਰ

ਰਹੇ ਹਨ। ਇਕ ਦਿਨ ਸ. ਦਇਆ ਸਿੰਘ ਪਰਬੰਧਕ ਨੇ ਕਿਸੇ ਕਾਰਨ ਜੋੜਿਆਂ ਦੀ ਸੇਵਾ ਇਹਨਾਂ ਪਾਸੋਂ ਵਾਪਸ ਲੈ ਲਈ। ਸਤਿਗੁਰੂ ਜੀ ਸ. ਦਇਆ ਸਿੰਘ ਨਾਲ ਬਹੁਤ ਨਾਰਾਜ਼ ਹੋਏ ਅਤੇ ਹੁਕਮ ਕੀਤਾ ਕਿ ਸੇਵਾ ਇਹ ਹੀ ਕਰਨਗੇ ਭਾਵੇਂ ਸਾਰੇ ਜੋੜੇ ਗੁੰਮ ਜਾਣ। ਬੰਬਈ ਦੀ ਸੰਗਤ ਦਾ ਬੋਰਡ ਨਹੀਂ ਉਤਰ ਸਕਦਾ।

ਭੈਣੀ ਸਾਹਿਬ ਤੋਂ ਆਪਣੇ ਮਾਮਾ ਜੀ ਕੋਲ ਰਾਵਲ ਪਿੰਡੀ ਚਲੇ ਗਏ। ਉਥੇ ਹੀ ਉਸ ਸਮੇਂ ਇਹਨਾਂ ਦੇ ਬਹਿਨੋਈ ਮਾਸਟਰ ਨਿਹਾਲ ਸਿੰਘ ਜੀ ਹੁੰਦੇ ਸਨ। ਮਾਮਾ ਜੀ ਨੂੰ ਇਹਨਾਂ ਦੀ ਘਰੇਗੀ ਹਾਲਤ ਦਾ ਪਤਾ ਲੱਗਾ ਤਾਂ ਔਖੇ ਹੋਏ। ਪਿਤਾ ਜੀ ਮਦਦ ਲੈਣਾ ਨਹੀਂ ਸਨ ਚਾਹੁੰਦੇ। ਮਾਮਾ ਜੀ ਤੇ ਮਾਤਾ ਜੀ ਵਿਚ ਬਹੁਤ ਪਿਆਰ ਸੀ। ਉਹਨਾਂ ਕਿਰਾਇਆ ਭੇਜ ਕੇ ਪਰਿਵਾਰ ਨੂੰ ਬੰਬਈ ਤੋਂ ਰਾਵਲਪਿੰਡੀ ਬੁਲਾ ਲਿਆ ਅਤੇ ਸ. ਸੇਵਾ ਸਿੰਘ ਨੂੰ ਸਰਕਾਰੀ ਡਾਇੰਗ ਪਰਿੰਟਿੰਗ ਕੈਲੀਕੋ ਇੰਸਟੀਚਿਊਟ ਸ਼ਾਹਦਰਾ (ਲਾਹੌਰ) ਵਿਚ ਦਾਖਲਾ ਦੁਆ ਦਿੱਤਾ। ਇਕ ਸਾਲ ਦਾ ਕੋਰਸ ਸੀ। ਡਾਇਰੈਕਟਰ ਨੇ ਸਪੀਚ ਕੀਤੀ ਕਿ ਇਕ ਕਲਾਸ ਦੀ ਸ਼ੁਰੂਆਤ ਹੀ ਨਹੀਂ ਜ਼ਿੰਦਗੀ ਦਾ ਆਗਾਜ਼ ਏ...ਕੰਮ ਟੈਕਨੀਕਲ ਸਿਖਣਾ ਚਾਹੀਦਾ ਹੈ...ਕਦੇ ਕਿਸੇ ਅਖਬਾਰ ਵਿਚ ਲੁਹਾਰ, ਤਰਖਾਣ ਲਲਾਰੀ ਆਦਿ ਦੇ ਖੁਦਕਸ਼ੀ ਕਰਦੇ ਦੀ ਖਬਰ ਨਹੀਂ ਪੜ੍ਹੀ ਹੋਣੀ। ਇਥੇ ਸ. ਸੇਵਾ ਸਿੰਘ ਜੀ ਨੇ ਕੰਮ ਸਿਖਣ ਲਈ ਅਣਥਕ ਮਿਹਨਤ ਕੀਤੀ। ਰੰਗਸਾਜ਼ੀ ਦਾ ਕੋਰਸ ਕਰਕੇ ਰਾਵਲਪਿੰਡੀ ਚਲੇ ਗਏ। ਉਥੇ ਸ. ਆਤਮਾ ਸਿੰਘ ਜੀ ਟੈਂਟਾਂ ਦੇ ਸਰਕਾਰੀ ਠੇਕੇਦਾਰ ਸਨ। ਲੇਬਰ ਰੇਟ ਤੇ ਮਾਲ ਦੀ ਰੰਗਾਈ ਸ. ਸੇਵਾ ਸਿੰਘ ਕਰਨ ਲੱਗੇ। ਕਰੜੀ ਮਿਹਨਤ ਕੀਤੀ। ਚਾਰ ਮਜ਼ਦੂਰਾਂ ਦੇ ਮੁਕਾਬਲੇ ਦਾ ਕੰਮ ਕੀਤਾ। ਚੰਗੇ ਪੈਸੇ ਹੋ ਗਏ, ਘਰ ਦੀ ਹਾਲਤ ਵੀ ਵਧੀਆ ਹੋ ਗਈ। ਪਿਛੋਂ ਅਹਿਮਦਾਬਾਦ ਵਿਚ ਜੀ. ਐਸ ਬੂਟਾ ਸਿੰਘ ਐਂਡ ਕੋ. ਸ. ਆਤਮਾ ਸਿੰਘ ਜੀ ਦੇ ਭਤੀਜੇ ਸ. ਜਸਬੀਰ ਸਿੰਘ ਦੀ ਫਰਮ ਸੀ, ਉਥੇ ਵੀ ਰੰਗਾਈ ਦਾ ਕੰਮ ਕੀਤਾ।



ਵਿਆਹ ਹੋਇਆ। ਛੋਟਿਆਂ ਹੁੰਦਿਆਂ ਜੋ ਗੁਰੂ ਦਾ ਹੁਕਮ ਮੰਨਣ ਦੀ ਲਗਨ ਸੀ ਉਸ ਅਨੁਸਾਰ ਸਗਨ, ਘੋੜੀ, ਵਾਜਾ ਅਤੇ ਮੇਜ਼ ਤੇ ਰੋਟੀ ਖਾਣ ਤੋਂ ਵੀ ਪਰਹੇਜ਼ ਕੀਤਾ। ਕੇਵਲ ਕੁਨੇਤਰ ਤੋੜਨ ਵਾਸਤੇ ਹੀ ੨੨ ਚੇਤਰ ਨੂੰ ਵਿਆਹ ਕਰਵਾਇਆ। ਆਪਣੀ ਗੱਲ ਤੇ ਅੜੇ ਰਹੇ। ਰਾਵਲਪਿੰਡੀ ਅਤੇ ਅਹਿਮਦਾਬਾਦ ਦਾ ਸਮਾਂ ੧੯੪੧ ਤੋਂ ੧੯੪੫ ਤਕ ਦਾ ਹੈ।

ਸ. ਆਤਮਾ ਸਿੰਘ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਨਾਲ ਪਾਰਟੀਸ਼ਨ ਤੋਂ ਪਹਿਲਾਂ ਸੰਨ ੧੯੪੬ ਵਿਚ ਦਿੱਲੀ ਆ ਗਏ ਸਨ ਅਤੇ ਸ. ਸੇਵਾ ਸਿੰਘ ਵੀ ਉਸੇ ਸਮੇਂ ਦਿੱਲੀ ਆ ਗਏ ਅਤੇ ਹਾਲਾਤ ਇਕ ਵੇਰ ਫੇਰ ਹੇਠਾਂ ਨੂੰ ਜਾਣ ਲੱਗੇ।

ਦਿੱਲੀ ਵਿਚ ਡੇਅਰੀ ਖੋਹਲੀ, ਹੋਟਲ ਖੋਹਲਿਆ ਪਰ ਚਲਿਆ ਨਾ। ਸੱਜਣ ਮਿੱਤਰ ਮੁਫਤ ਚਾਹ ਪੀਣ ਵਾਲੇ ਵਧੇਰੇ ਹੁੰਦੇ ਸਨ। ੧੯੫੦ ਵਿਚ ਘਾਟਾ ਪਾ ਕੇ ਜਾ ਪਟਿਆਲੇ ਡੇਰੇ ਲਾਏ ਅਤੇ ਸਿੰਘ ਸਨਜ਼ ਡਾਈਰਜ਼ ਐਂਡ ਡਰਾਈਕਲੀਨਰਜ਼ ਦੀ ਦੁਕਾਨ ਖੋਲ ਲਈ।

ਇਥੇ ਸ. ਧਨਾ ਸਿੰਘ ਕਮਿਸ਼ਨਰ ਹੁੰਦੇ ਸਨ ਉਹਨਾਂ ਦੇ ਘਰ

ਦੀਆਂ ਚਾਰ ਬਹੁਤ ਕੀਮਤੀ ਸਲਵਾਰਾਂ ਦੀਵਾਲੀ ਤੇ ਸੜ ਕੇ ਖਰਾਬ ਹੋ ਗਈਆਂ। ਸਾਰੇ ਸ਼ਹਿਰ 'ਚੋਂ ਢੂੰਡ ਕੇ ਸ. ਸੇਵਾ ਸਿੰਘ ਨੂੰ ਲਭਿਆ ਅਤੇ ੨੫ ਰੁਪੈ ਫੀ ਸਲਵਾਰ ਠੀਕ ਕਰਨ ਦੇ ਕੀਤੇ ਅਤੇ ਖਰਾਬ ਹੋਣ ਦੀ ਸੂਰਤ ਵਿਚ ੬੦੦ ਰੁਪਿਆ ਵਾਪਸ ਦੇਣਾ ਮਨਜ਼ੂਰ ਹੋਇਆ। ਇਹਨਾਂ ਨੇ ਸਲਵਾਰਾਂ ਠੀਕ ਕੀਤੀਆਂ ਕਮਿਸ਼ਨਰ ਸਾਹਿਬ ਬਹੁਤ ਖੁਸ਼ ਹੋਏ। ਉਹਨਾਂ ਕਿਹਾ ਇਹ ਕੀ ਤੂੰ ਗੋਲ ਪਗ ਬੰਨੀ ਹੈ ਜ਼ਰਾ ਆਪਣੀ ਪੋਜ਼ੀਸ਼ਨ ਬਣਾ ਕੇ ਰੱਖ ਤੇ ਕੰਮ ਵਧੀਆ ਤਰੀਕੇ ਨਾਲ ਚਲਾ। ਸ. ਸੇਵਾ ਸਿੰਘ ਨੇ ਨਾਮਧਾਰੀ ਢੰਗ ਦੀ ਦਸਤਾਰ ਨੂੰ ਤਲਾਂਜਲੀ ਦੇ ਦਿੱਤੀ ਅਤੇ ਪਟਿਆਲੇ-ਸ਼ਾਹੀ ਪੱਗ ਬੰਨ ਲਈ।

ਇਸ ਕੰਮ ਤੇ ਸਤਿਗੁਰੂ ਜੀ ਨਾਰਾਜ਼ ਹੋਏ। ਸੇਵਾ ਸਿੰਘ ਜੀ ਦਾ ਕੰਮ ਹੋਰ ਹੇਠਾਂ ਨੂੰ ਜਾ ਲੱਗਾ।

ਇਕ ਵਾਰ ਸਤਿਗੁਰੂ ਪ੍ਰਤਾਪ ਸਿੰਘ ਕੈਟਲ ਸ਼ੋ ਤੇ ਪਟਿਆਲੇ ਗਏ। ਸ. ਸੇਵਾ ਸਿੰਘ ਹੋਰਾਂ ਗੁਰੂ ਜੀ ਦੇ ਕੁਝ ਕੱਪੜੇ ਡਰਾਈਕਲੀਨ ਕੀਤੇ। ਜਦੋਂ ਸੇਵਾ ਸਿੰਘ ਗੁਰੂ ਜੀ ਦੇ ਪੇਸ਼ ਹੋਏ ਤਾਂ ਉਹਨਾਂ ਪੱਗ ਬਦਲਣ ਦਾ ਕਾਰਨ ਪੁਛਿਆ ਤਾਂ ਸੇਵਾ ਸਿੰਘ ਨੇ ਡਿੱਗਦੇ ਕਾਰੋਬਾਰ ਦੀ ਸਾਰੀ ਵਿਥਿਆ ਸੁਣਾਈ। ਗੁਰੂ ਜੀ ਨੇ ਫੁਰਮਾਇਆ-

ਪੱਗ ਸਿਧੀ ਕਰ ਲੈ, ਸਚੇ ਪਾਤਸ਼ਾਹ ਕਿਰਪਾ ਕਰਣਗੇ। ਮਾਇਆ ਵਾਸਤੇ ਇਹ ਕੰਮ ਕੀਤਾ ਹੈ। ਮਾਇਆ ਏਦਾਂ ਨਹੀਂ ਆਉਂਦੀ, ਮਾਇਆ ਸਤਿਗੁਰੂ ਦੀ ਕ੍ਰਿਪਾ ਨਾਲ ਆਉਂਦੀ ਹੈ। ਧਰਮ ਵਿਚ ਪ੍ਰਪੱਕ ਰਹਿਣ ਨਾਲ ਸਤਿਗੁਰੂ ਸਹਾਈ ਹੁੰਦਾ ਹੈ।

ਇਹਨਾਂ ਬਚਨ ਮਨ ਕੇ ਘਰ ਵਿਚ ਹੀ ਤੰਬੂਆਂ ਦੀ ਰੰਗਾਈ ਸ਼ੁਰੂ ਕਰ ਦਿੱਤੀ। ਮਹਾਰਾਜ ਬੀਰ ਸਿੰਘ ਜੀ ਇਹਨਾਂ ਦੇ ਘਰ ਆ ਕੇ ਠਹਿਰਦੇ। ਕੰਮ ਚੰਗਾ ਹੋਣਾ ਸ਼ੁਰੂ ਹੋ ਗਿਆ। ੧੯੬੨ ਵਿਚ ਦਿੱਲੀ ਆ ਕੇ ਨਾਮਧਾਰੀ ਡਾਇੰਗ ਪ੍ਰਿੰਟਿੰਗ ਵਰਕਸ ਫਰਮ ਖੋਲ ਕੇ ਤੰਬੂ, ਛੋਲਦਾਰੀਆਂ ਕਨਾਤਾਂ ਦੀ ਰੰਗਾਈ ਤੇ ਪ੍ਰਿੰਟਿੰਗ ਦਾ ਕੰਮ ਸ਼ੁਰੂ ਕਰ ਦਿੱਤਾ। ਇਸ ਪਿਛੋਂ ਸ. ਸੇਵਾ ਸਿੰਘ ਨੇ ਪਿਛੇ ਮੁੜ ਕੇ ਨਹੀਂ ਵੇਖਿਆ ਤੇ ਕਾਰੋਬਾਰ ਅਗੇ ਤੋਂ ਅਗੇ ਹੀ ਵਧਿਆ ਹੈ।

ਅੱਜ ਕਲ ਇਹਨਾਂ ਦੀ ਫਰਮ ਦੇ ਬਣੇ ਸਮਾਨ ਚਾਨਣੀਆਂ ਕਨਾਤਾਂ ਆਦਿ ਦੀ ਇਹ ਸਿਫਤ ਹੈ ਕਿ ਇਨ੍ਹਾਂ ਦਾ ਰੰਗ ਨਾ ਤਾਂ ਧੁਪ ਨਾਲ ਉੜਦਾ ਹੈ ਅਤੇ ਨਾ ਹੀ ਪਾਣੀ ਨਾਲ ਉਤਰਦਾ ਹੈ। ਇਸੇ ਹੀ ਸਿਫਤ ਕਰਕੇ ਇਹਨਾਂ ਦਾ ਕਾਰੋਬਾਰ ਅੱਜ ਸਾਰੇ ਹਿੰਦੁਸਤਾਨ ਵਿਚ ਫੈਲਿਆ ਹੈ। ਵੱਡਾ ਆਫਿਸ ਹੈਦਰਾਬਾਦ ਵਿਚ ਵੀ ਖੋਲਿਆ ਹੈ।

ਪਰਿਵਾਰ ਵਲੋਂ ਵੀ ਸੁਖੀ ਹਨ। ਇਹਨਾਂ ਦੀ ਪਹਿਲੀ ਧਰਮਪਤਨੀ ਛੇਤੀ ਮੁਰਗਵਾਸ ਹੋ ਗਈ ਸੀ ਦੂਸਰੀ ਸ਼ਾਦੀ 'ਚੋਂ ਜੀਵਨ ਸਾਥਣ ਬੀਬੀ ਪਵਨਜੀਤ ਕੌਰ ਗੁਰਮੁਖ ਸੁਭਾ ਦੇ ਸਦਾ ਹੀ ਸੇਵਾ ਵਾਸਤੇ ਤੱਤਪਰ ਰਹਿੰਦੇ ਹਨ ਤੇ ਗੁਰੂ ਤੇ ਅਗਾਧ ਸ਼ਰਧਾ ਰੱਖਦੇ ਹਨ। ਚਾਰ ਲੜਕੇ ਹਨ— ਡਾਕਟਰ ਵਰਿੰਦਰ ਪਾਲ ਸਿੰਘ ਐਮ. ਬੀ. ਬੀ. ਐਸ ਦਿੱਲੀ ਵਿਚ ਹੀ, ਭੁਪਿੰਦਰਪਾਲ ਸਿੰਘ ਕਾਰੋਬਾਰ ਬੜੀ ਨਿੰਪੁਨਤਾ ਨਾਲ ਸੰਭਾਲ ਰਿਹਾ ਹੈ—ਬਹੁਤ ਹਸਮੁਖ ਤੇ ਹਲੀਮ ਹੈ। ਬਲਵੰਤ ਸਿੰਘ ਯੂਨੀਵਰਸਿਟੀਜ਼ ਬੈਡਮਿੰਟਨ ਚੈਂਪੀਅਨ ਹੈ। ਮਦਰਾਸ, ਹੈਦਰਾਬਾਦ, ਜਲੰਧਰ ਵਿਖੇ ਕੌਮੀ ਮੁਕਾਬਲਿਆਂ ਵਿਚ ਦਿੱਲੀ ਦੀ ਨੁਮਾਇੰਦਗੀ ਕਰ ਚੁੱਕਿਆ ਹੈ। ਚੌਥਾ ਲੜਕਾ ਸੰਤੋਖ ਸਿੰਘ ਵੀ ਵਿਦਿਆਰਥੀ ਹੈ। ਤਿੰਨ ਲੜਕੀਆਂ ਵੀ ਵਿਆਹੀਆਂ ਹੋਈਆਂ ਹਨ—ਵੱਡੀ ਬੀਬੀ ਅੰਮ੍ਰਿਤ ਕੌਰ ਸੇਠ, ਸੰਤੋਖ ਸਿੰਘ ਹੈਦਰਾਬਾਦ ਹੋਰਾਂ ਦੀ ਨੂੰਹ ਹੈ-ਦੂਸਰੀ ਮਨਮੋਹਣ ਕੌਰ ਡਾਕਟਰ ਦਲੀਪ ਸਿੰਘ ਹੋਰਾਂ ਦੇ ਘਰ ਅਤੇ ਸਭ ਤੋਂ ਛੋਟੀ ਤਰਨਜੀਤ ਕੌਰ ਬਨਾਰਸ ਵਿਖੇ ਸ. ਲਹਿਣਾ ਸਿੰਘ ਦੇ ਸਪੁੱਤਰ ਸ. ਮਨਜੀਤ ਸਿੰਘ ਨਾਲ ਵਿਆਹੀ ਹੈ।

ਇਹਨਾਂ ਦੇ ਭਾਣਜੇ ਸ. ਮਨਮੋਹਨ ਸਿੰਘ ਇਹਨਾਂ ਦੇ ਪਾਰਟਨਰ ਹਨ, ਉਹਨਾਂ ਨੂੰ ਕੰਮ ਵੀ ਸਿਖਾਇਆ ਲੁਧਿਆਣੇ ਤੋਂ ਕੋਰਸ ਵੀ ਕਰਾਇਆ।

ਉਹ ਆਪਣੇ ਕਾਰੋਬਾਰ ਦੀ ਸਫਲਤਾ ਅਤੇ ਜੀਵਨ ਵਿਚ ਸੰਤੁਸ਼ਟਤਾ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਮੰਨਦੇ ਹਨ। ਉਹ ਦੱਸਦੇ ਹਨ ਕਿ ਜੋ ਤਪਸਿਆ ਕਰਕੇ ਅਮੀਰ ਹੁੰਦੇ ਤਾਂ ਜਨਮ ਤੋਂ ਹੁੰਦੇ। ਉਹ ਕਹਿੰਦੇ ਹਨ ਕਿ ਸਾਡਾ ਤਾਂ ਪਠਾਣਾਂ ਵਾਲਾ ਸਿਧਾਂਤ ਹੈ ਕਿ ਜਿੰਨਾ ਖਰਚੋਗੇ ਓਨਾਂ ਹੀ ਆਵੇਗਾ—ਐਮਰਜੈਂਸੀ ਦੌਰਾਨ ਜਦੋਂ ਉਤਰੀ ਭਾਰਤ ਵਿਚ ਕਾਰੋਬਾਰ ਠੱਪ ਹੋ ਗਏ ਤਾਂ ਦੱਖਣ ਵਲ ਇਹਨਾਂ ਦਾ ਬਹੁਤ ਕੰਮ ਚਮਕਿਆ।

ਸਤਿਗੁਰੂ ਜੀ ਤੋਂ ਇਲਾਵਾ ਜਿਹਨਾਂ ਵਿਅਕਤੀਆਂ ਦਾ ਉਹਨਾਂ ਦੇ ਜੀਵਨ ਤੇ ਪ੍ਰਭਾਵ ਹੈ ਅਤੇ ਜਿਹਨਾਂ ਤੋਂ ਉਹਨਾਂ ਨੇ ਪਰੇਰਣਾ ਲਈ ਹੈ ਉਹ ਹਨ ਸ. ਤੇਜਾ ਸਿੰਘ ਸਰਸੇ ਵਾਲੇ ਅਤੇ ਮਾਸਟਰ ਨਿਹਾਲ ਸਿੰਘ ਜੀ।

ਇਹ ਪੁੱਛਣ ਤੇ ਕਿ ਹੁਣ ਤੁਹਾਡੀ ਵੱਡੀ ਖਾਹਸ਼ ਕੀ ਹੈ ਤਾਂ ਉੱਤਰ ਦਿੱਤਾ, "ਅਖੀਰਲੇ ਸੁਆਸਾਂ ਤਕ ਸਤਿਗੁਰਾਂ ਦੇ ਚਰਨਾਂ ਨਾਲ ਨਿਭ ਜਾਵੇ, ਸਤਿਗੁਰਾਂ ਤੋਂ ਬੇਮੁਖ ਹੋ ਕੇ ਨਾ ਮਰਾਂ ਤੇ ਸਸਕਾਰ ਸਚੇ ਪਾਤਸ਼ਾਹ ਆਪਣੀ ਹੱਥੀਂ ਕਰਨ।

ਪੱਛਮੀ ਪੰਜਾਬ ਵਿਚ ਕੁਛ ਦਿਨ



ਪ੍ਰਿੰ. ਕਰਤਾਰ ਸਿੰਘ
ਕਾਲੜਾ

ਸਰੀਰਕ ਆਯੂ ਤੋਂ ਛੋਟੇ ਪਰ ਗਿਆਨ ਭੰਡਾਰੇ ਤੋਂ ਭਰਪੂਰ ਤੇ ਵੱਡੀ ਰੂਹ ਦੇ ਸਵਾਮੀ 'ਵਿਰਕ' ਵੀਰ ਨੂੰ ਬੰਦਨਾ ਪ੍ਰਵਾਨ ਕਰਨੀ ਜੀ।

ਪ੍ਰੋ. ਕਸੇਲ ਹੋਰਾਂ ਦੀ ਮੇਜ਼ ਤੇ ਪਈ ਇਸ ਹੱਦਯਾ ਤੁੱਲ ਪੁਸਤਕ ਦੇ ਜਦੋਂ ਦੀਦਾਰੇ ਹੋਏ ਤਾਂ ਬੰਦਨਾ ਕੀਤੀ ਕਿ ਪ੍ਰੋਫੈਸਰ ਸਾਹਿਬ ਇਸ ਪੁਸਤਕ ਦਾ ਜਦੋਂ ਤੁਸੀਂ ਪਾਠ ਕਰ ਲਵੋ ਤਾਂ ਮੈਨੂੰ ਵੀ ਮੇਰੇ ਦੇਸ਼ ਦੇ ਦੀਦਾਰੇ ਕਰਨ ਲਈ ਕੁਝ ਦਿਨਾਂ ਲਈ ਇਸ ਦਾ ਸਾਥ ਬਖਸ਼ਿਸ਼ ਕਰਨ ਦੀ ਕ੍ਰਿਪਾ ਕਰਨੀ। ਤਾਂ ਉਹਨਾਂ ਸਹਿਜੇ ਹੀ ਫਰਮਾਇਆ "ਇਹ ਤਾਂ ਮੇਰੀ ਕਾਪੀ ਹੈ" ਤੇ ਮੈਂ ਗੁਰਦੇਵ ਦੇ ਬਚਨਾਂ ਨੂੰ ਪਰਤਾ ਦਿੱਤੇ ਬਿਨਾ ਚੁੱਪ ਕਰ ਗਿਆ। ਪਰ ਜਦੋਂ ਕੁਝ ਦਿਨ ਛੋਟੀ ਬੇਟੀ ਕੋਲ ਲਾ ਕੇ ਪਟਿਆਲਿਓਂ ਪਰਤਿਆ ਤਾਂ ਮੇਰੀ ਆਤਮਾ ਦੀ ਮੁਰਾਦ ਮੇਜ਼ ਤੇ ਪਈ ਸੀ। ਵਾਹ ਮੇਰੇ ਪਰਵਰਦਗਾਰ। ਤੁਰੰਤ ਹੀ ਇਕ ਰੁਬਾਈ ਰਾਹੀਂ ਪੁਸਤਕ ਦਾ ਪਹੁੰਚ ਦਾ ਧੰਨਵਾਦ ਭੇਜਿਆ ਸੀ। ਜ਼ਰੂਰ ਮਿਲ ਗਿਆ ਹੋ ਸੀ।

ਮਿਲ ਗਿਆ ਹੈ ਹਜ਼ੂਰ ਦਾ ਤੋਹਫਾ
ਜੀਕੂੰ ਮੂਸਾ ਨੂੰ ਨੂਰ ਦਾ ਤੋਹਫਾ
ਮੁਸਲਿਮ ਹੈ ਖੁਸ਼ ਨਸੀਬ
ਜਿਸ ਨੂੰ ਮਿਲੇ ਰੋਜ਼ਿਆਂ ਵਿਚ
ਖਜੂਰ ਦਾ ਤੋਹਫਾ।

ਪੁਸਤਕ ਕੇਵਲ ਯਾਤਰਾ ਹੀ ਨਹੀਂ ਸਗੋਂ ਬਹੁ ਪੱਖੀ ਦਸਤਾਵੇਜ਼ ਹੈ। ਕੁਰਬਾਨ ਆਪ ਜੀ ਦੇ ਖੋਜੀ ਸੁਭਾਅ, ਸਾਹਿਤਕ ਰੂਹ ਅਤੇ ਸਿਰਮਨ ਸ਼ਕਤੀ ਦੇ। ਕਈ ਗੱਲਾਂ ਮੇਰੇ ਲਈ ਬਹੁਤ ਹੀ ਨਵੀਆਂ ਤੇ ਸੁੱਚੀ ਜਾਣਕਾਰੀ ਭਰਪੂਰ ਹਨ। ਮੈਂ ਛੋਟਾ ਜਿਹਾ ਸੀ। ਸਤਵੀਂ ਦੀ ਪ੍ਰੀਖਿਆ ਹੀ ਪਾਸ ਕੀਤੀ ਸੀ। ਪੜ੍ਹਦੜੀ ਬਿਰਤੀ ਤਾਂ ਸੀ ਪਰ ਦੁਰੇਡੇ ਪਿੰਡਾਂ ਤੇ ਫਿਰ ਬੱਚਿਆਂ ਨੂੰ ਕੀ ਮਿਲ ਸਕਦਾ ਸੀ। ਜੋ ਮਾੜਾ ਮੋਟਾ ਜਾਣਿਆ ਸੀ। ਉਹ ਓਪਰਾ ਓਪਰਾ ਜਿਹਾ ਸੀ। ਹਾਂ ਕੁਝ ਸਿਖ ਇਤਿਹਾਸ ਨਾਲ ਸਬੰਧਿਤ ਚਿੱਠੇ ਹੀ ਮਿਲੇ ਸਨ। ਇਸ ਲਈ ਮੇਰੇ ਜਿਹੇ ਅਗਿਆਨੀ ਲਈ ਇਹ ਪੁਸਤਕ ਅਨਮੋਲ ਖਜ਼ਾਨਾ ਸਿੱਧ ਹੋ ਰਹੀ ਹੈ।

ਪੁਸਤਕ ਕੇਵਲ ਜਾਣਕਾਰੀ ਦਾ ਭੰਡਾਰ ਹੀ ਨਹੀਂ ਸਗੋਂ ਉਹ ਸਭ ਅਨੁਭਵ ਦਾ ਰੂਪ ਧਾਰ ਕੇ ਪ੍ਰਭਾਵਸ਼ਾਲੀ ਸਾਹਿਤ, ਭੂਗੋਲਿਕ ਵਿਆਖਿਆ, ਸਮਾਜਕ ਝਲਕਾਂ ਦੀ ਹੁਸੀਨ ਪੇਸ਼ਕਾਰੀ ਬਣ ਗਈ ਹੈ। ਕੋਈ ਐਸਾ ਥਾਂ ਨਹੀਂ ਜਿੱਥੇ ਤੁਸਾਂ ਦੀ ਸਰੀਰਕ ਪਹੁੰਚ ਦੇ ਨਾਲ ਰੂਹ ਨੇ ਸਾਹਿਤਕ ਉਡਾਣ ਨਾ ਭਰੀ ਹੋਵੇ। ਉਥੋਂ ਦੀ ਭੂਗੋਲਿਕ ਮਨਜ਼ਰ ਕਸ਼ੀ ਨਾ ਕੀਤੀ ਹੋਵੇ ਤੇ ਲੋਕ ਜੀਵਨ ਦੇ ਰੂ-ਬ-ਰੂ ਹੁੰਦਿਆਂ ਹੋਇਆ ਉਸ ਨਾਲ ਸਬੰਧਿਤ ਪੁਰਾਣੀਆਂ ਯਾਦਾਂ ਨੂੰ ਸਾਕਾਰ ਨਾ ਕੀਤਾ ਹੋਵੇ। ਗੁਜਰਾਂਵਾਲਾ ਹੈ ਪਰ ਕੀ ਹੈ ? ਕਿਵੇਂ ਹੈ? ਮਹੱਤਵ ਦੀ ਵਿਆਖਿਆ, ਇਤਿਹਾਸਕ ਹਸਤੀਆਂ ਦੀ ਜਨਮ ਭੂਮੀ ਅਤੇ ਵਾਪਰੀਆਂ ਘਟਨਾਵਾਂ ਨੂੰ ਤੁਸਾਂ ਜਿਸ ਪੈਨੀ ਦ੍ਰਿਸ਼ਟੀ ਤੋਂ ਵੇਖਿਆ ਤੇ ਬਿਆਨਿਆ ਹੈ ਸਗੋਂ ਸਾਹਿਤਕ ਕਾਨੀ ਨੇ ਨਿਹਾਰੇ ਨੂੰ, ਅਨੁਭਵ ਨੂੰ ਰੂਹ ਦੇ ਰੰਗ ਰੰਗ ਕੇ ਰੂਪਮਾਨ ਕੀਤਾ ਹੈ। ਬਾਬੇ ਨਾਨਕ ਜੀ ਦੀ 'ਤਲਵੰਡੀ ਰਾਇ ਭੋਇ' ਦੀ ਅਪੂਰਵ ਵਿਆਖਿਆ ਕੇਵਲ ਦਿਮਾਗ ਨੂੰ ਹੀ ਨਹੀਂ ਹਿਲੂਣਾ ਦਿੰਦੀ ਦਿਲ ਨੂੰ ਵੀ ਧੂਹ ਪਾਉਂਦੀ ਹੈ। ਸਰਬ ਵਿਆਪੀ ਸੋਚ ਵਾਲਾ, ਸਰਬ ਕਾਲਕ ਅਤੇ ਸਰਬ ਪ੍ਰਵਾਨਿਤ ਬਾਬੇ ਦਾ ਕਿਰਦਾਰ ਜਿੱਥੇ ਸਾਨੂੰ ਸੱਚੇ ਸੁੱਚੇ ਮਾਨਵ ਬਨਾਉਣ ਲਈ ਖੁਦ ਸਹੇੜੀਆਂ ਕਠਿਨ ਯਾਤਰਾਵਾਂ ਤੋਂ ਵਾਰਨੇ ਹੋਣ ਦੀ ਪ੍ਰੇਰਨਾ ਦਿੰਦਾ ਹੈ ਉਥੇ ਮਾਤਾ ਤ੍ਰਿਪਤਾ ਜੀ ਅਤੇ ਪਿਤਾ ਕਾਲੂ ਜੀ ਦੇ ਮੋਹ ਭਰੇ ਵਾਤਸਲੀ ਮਨਾਂ ਵਿਚ ਝਾਤੀ ਪੁਆਉਂਦਾ ਹੈ। ਮੈਨੂੰ ਲੰਮੀ ਯਾਤਰਾ ਝਾਗ ਕੇ ਮਾਂ ਨੂੰ ਆਣ ਮਿਲਣ ਵੱਲੇ ਬਾਬੇ ਦੇ ਮੁਖਾਰਬਿੰਦ ਚੋਂ ਨਿਕਲੇ ਆਤਮਾ ਨੂੰ ਹਲੂਣ ਵਾਲੇ ਬੋਲ ਅਤੇ ਮਮਤਾ ਦੇ ਮੂੰਹੋਂ ਵੈਰਾਗਮਈ ਤਰਬਾਂ ਨੂੰ ਜਗਾਉਂਦੇ ਪਿਆਰੇ ਸ਼ਬਦ ਪ੍ਰਤੱਖ ਹੋ ਆਏ ਹਨ। ਗੁਰੂ ਬਾਬੇ ਦੇ ਨਗਰ ਦੀ ਵਿਆਖਿਆ ਤਾਂ ਮੈਨੂੰ ਸੱਚ-ਮੁੱਚ ਬਾਲ ਲੀਲਾ, ਪੱਟੀ ਸਾਹਿਬ,

ਮਾਲ ਜੀ ਸਾਹਿਬ ਦੇ ਥਾਵਾਂ ਤੇ ਘੁਮਾ ਫਿਰਾ ਕੇ ਵਾਪਸ ਜਨਮ ਸਥਾਨ ਉਸੇ ਬਜ਼ਾਰ ਚੋਂ ਲੈ ਕੇ ਆਈ ਸੀ ਜਿਸ ਵਿਚ ਨਿਹੰਗਾਂ ਦੀ ਛਾਉਣੀ ਅੱਜ ਕਲ ਨਿਹੰਗ ਵਿਹੂਣੀ ਹੋਈ ਪਈ ਹੈ। ਵਿਰਕ ਟੱਪੇ ਦੀਆਂ ਗੱਲਾਂ ਸੁਣੀਆਂ ਸਨ ਕੁਲਵੰਤ ਸਿੰਘ ਵਿਰਕ ਅਤੇ ਮੁਖਤਿਆਰ ਸਿੰਘ ਪਾਸੋਂ ਕੋਈ ਤੀਹ ਪੈਂਤੀ ਸਾਲ ਪਹਿਲਾਂ ਜੋ ਇਥੇ ਪ੍ਰਤੱਖ ਹੋ ਆਇਆ ਹੈ। ਚੂਹੜਕਾਣੇ ਦੀ ਵਾਰਤਾ ਤੇ ਫਿਰ ਬਜ਼ੁਰਗ 'ਰਫ਼ੀਕ ਵਿਰਕ' ਦੀ ਸਬਰ ਸ਼ੁਕਰ ਦੀ ਸੋਚ ਤੇ ਨਾਲ ਵਾਲੇ ਬਜ਼ੁਰਗ ਵਲੋਂ ਖੁੱਲ੍ਹ ਕੇ ਵਿਰਕਾਂ ਬਾਰੇ ਦੱਸਣਾ। ਮੈਨੂੰ ਇਵੇਂ ਲੱਗਿਆ ਸੀ ਜਿਵੇਂ ਮੇਰਾ ਕੋਈ ਆਪਣਾ ਬਜ਼ੁਰਗ ਮੇਰੇ ਕੰਨਾਂ ਵਿਚ ਬਾਰ ਦੇ ਸ਼ੁਧ ਸਰਾਇਕੀ ਉਚਾਰਨ ਦੀ ਮਿਸ਼ਰੀ ਘੋਲ ਰਿਹਾ ਹੋਵੇ।

"ਬਜ਼ੁਰਗ ਨਾਂਅ ਰਫੀਕ ਵਿਰਕ ਸੀ। ਉਮਰ ੭੫-੭੬ ਵਰ੍ਹਿਆਂ ਦੀ ਛੀਟਕਾ ਜਿਹਾ ਸਰੀਰ। ਅੱਖਾਂ ਤਿੱਖੀਆਂ ਨਜ਼ਰਾਂ ਵਾਲੀਆਂ ਤੇ ਛੋਟੀਆਂ-ਛੋਟੀਆਂ ਜਿਹੋ ਜਿਹੀਆਂ ਟਕਸਾਲੀ ਵਿਰਕਾਂ ਦੀਆਂ ਹੁੰਦੀਆਂ ਹਨ, ਅਸੀਂ ਪੁਛਿਆ, "ਸੁਣਾਓ ਬਜ਼ੁਰਗੋ ਹਾਲ ਚਾਲ ਗੋਡੀਂ ਹੱਥ ਲਾਇਆ। ਬੋਲੇ 'ਰੰਗ ਲੱਗੇ ਹੋਏ ਨੇ' ਤੇ ਨਾਲ ਆਏ ਚੂਹੜਕਾਣੇ ਤੋਂ ਇਕ ਸ਼ਖਸ ਵਲ ਵੇਖ ਕੇ ਮਿੰਨਾਂ, ਮਿਨਾ ਮੁਸਕਰਾਏ ਤੇ ਫਿਰ ਆਪੇ ਬੋਲ ਪਏ, ਰੰਗ ਹੀ ਆਖਣਾ ਬਣਦਾ ਏ। ਪੁਤਰ ਇਕ ਹੀ ਗੱਭਰੂ ਜੁਆਨ। ਥਾਣੇਦਾਰ ਲਗਿਆ। ਉਹ ਸਾਈਂ ਨੂੰ ਪਿਆਰਾ ਹੋ ਗਿਆ ਏ".. ਦੋ ਕੁ ਮਿੰਟ ਦੀ ਖਾਮੋਸ਼ੀ ਤੋਂ ਬਾਅਦ ਬਾਬੇ ਨੇ ਆਪਣੀ ਵਾਰਤਾ ਸੁਨਾਉਣੀ ਸ਼ੁਰੂ ਕਰ ਦਿੱਤੀ, "ਅਸੀਂ ੯ ਕੁ ਪੀਹੜੀਆਂ ਤੋਂ ਹੀ ਮੁਸਲਮਾਨ ਬਣੇ, ਪਹਿਲਾਂ ਹਿੰਦੂ ਸਿੱਖ ਹੋਵਾਂਗੇ। ਹੋਇਆ ਇੰਜ ਕਿ ਸਾਡੇ ਚੂਹੜਕਾਣੇ ਵਾਲੇ ਵਿਰਕਾਂ ਦਾ ਕੁਝ ਝਗੜਾ ਰਹਿੰਦਾ ਸੀ ਗਵਾਂਢੀ ਜੰਡਿਆਲੇ ਸ਼ੇਰ ਖਾਂ ਵਾਲਿਆਂ ਪਠਾਣਾਂ ਦੇ ਨਾਲ। ਉਨ੍ਹਾਂ ਸਾਡਾ ਇਕ ਬੰਦਾ ਮਾਰ ਘੱਤਿਆ। ਕੁਝ ਸਮਾਂ ਪਾ ਕੇ ਉਹਦੀ ਸੁਆਣੀ ਨੰਗੇ ਮੂੰਹ ਪਿੰਡ ਦੀ ਜਿਥੇ ਪਰ੍ਹੇ ਬੈਠੀ ਸੀ ਉਥੋਂ ਲੰਘ ਤੁਰੀ। ਪੈਂਚਾਂ ਦੇ ਪੁੱਛਣ ਤੇ ਉਸ ਦੱਸਿਆ ਕਿ ਮੇਰਾ ਬੰਦਾ ਉਨ੍ਹਾਂ ਮਾਰ ਦਿੱਤਾ ਹੈ। ਹੁਣ ਕਿਸੇ ਦਿਨ ਮੈਨੂੰ ਵੀ ਹਿੱਕ ਲਿਜਾਣਗੇ। ਮੈਨੂੰ ਹੁਣ ਪਰ੍ਹੇ ਦੀਆਂ ਕਾਹਦੀਆਂ ਸ਼ਰਮਾਂ ? ਕਾਵੜ ਲਗਿਓ ਨੇ? ਜਿਉਂ ਪਏ ਸਾਡੇ ਬੰਦੇ। ਉਨ੍ਹਾਂ ਜੰਡਿਆਲੇ ਆਲਿਆਂ ਦੇ ੫-੬ ਬੰਦੇ ਵੱਡ ਘੱਤੇ।...

ਨਿੱਕੇ-ਨਿੱਕੇ ਪਿੰਡ ਤੇ ਉਥੋਂ ਦੇ ਇਤਿਹਾਸ ਦਾ ਵਰਨਣ। ਵਾਰਬ੍ਰਟਨ ਦਾ ਵੱਸਣਾ, ਉਹਦੀ ਮੇਮ ਦੀ ਰਹਿਮਦਿਲੀ, ਕਾਵਨ ਦੀ ਮੇਮ ਦੇ ਅੰਦਰਲੀ ਮਮਤਾ। "ਪਾਣੀ ਇਸ਼ਕ ਝਨਾਂ ਦਾ" ਦੀ ਵਾਰਤਾ ਤੇ ਉਹਦੇ ਨਾਲ ਸਬੰਧਤ ਸ਼ਿਅਰ ਤੇ ਲੋਕ ਗੀਤ ਨਾਲ ਹੀ ਗੁਜਰਾਤ ਦੀ ਸੋਹਣੀ, ਸਦਾ ਰਾਮ ਦੀ ਸੋਹਣੀ, ਫ਼ਜ਼ਲ ਸ਼ਾਹ ਦੀ ਸੋਹਣੀ ਦੇ ਟੋਟਕੇ, ਰੰਗ ਬੰਨ੍ਹ ਦਿੱਤਾ ਜੋ ਕਿ ਜਿਹਲਮ ਦੇ ਪਾਣੀਆਂ ਦੀ ਗਲ ਅਤੇ ਨਾਲ ਜੜੇ ਇਤਿਹਾਸ ਦਾ ਸੰਖੇਪ ਵੇਰਵਾ, ਲਾਹੌਰ ਦੇ ਗੁਰਦੁਆਰੇ ਤੇ ਵਿਸ਼ੇਸ਼ ਕਰ ਕੇ ਸ਼ਹੀਦ ਗੰਜ ਭਾਈ ਤਾਰੂ ਸਿੰਘ ਤੇ ਸਿੰਘਣੀਆਂ। ਪਰ ਨਾਲ ਹੀ ਚਿਰੋਕਣੇ ਵਿਛੜੇ ਲੋਕਾਂ ਵਲੋਂ ਦਰਸਾਏ ਮੋਹ-ਮਾਣ ਦੇ ਵੇਰਵੇ। ਇਲਿਆਸ ਘੁੰਮਣ ਅਤੇ ਪ੍ਰਿੰ-ਸਾਹਿਬ ਵਲੋਂ ਸਾਹਿਤਕ ਇਕੱਤ੍ਰਤਾਵਾਂ ਤੇ ਵਿਖਾਈ ਮੁਹੱਬਤੀ ਪ੍ਰਾਹੁਣਚਾਰੀ ਵੀ ਯਾਦਗਾਰੀ ਹਨ ਪਰ ਸਾਡੇ ਆਪਣੇ ਜੱਥੇ ਨਾਲ ਗਿਆਂ ਬੰਦਿਆਂ ਦਾ ਵਪਾਰੀਪਣ ਵੀ ਵਾਹਵਾ ਉਘੇੜਿਆ ਏ। ਰਣਜੀਤ ਸਿੰਘ ਦਾ ਕਿਲ੍ਹਾ, ਮਹਾਰਾਣੀ ਜਿੰਦਾਂ ਦਾ ਹਾਲ ਜਿਧਰ ਵੀ ਪੈਰ ਪਾਇਆ ਸੋ ਪੁਸਤਕ ਵਿਚ ਯਾਦਗਾਰੀ ਹੋ ਨਿਬੜਿਆ ਹੈ।

ਆਤਸ਼ਬਾਜ਼ੀ ਦੀ ਗਲ ਤਾਂ ਹੁਣ ਦੋਵੇਂ ਪਾਸੇ ਇਕੋ ਜਿਹੀ ਹੋ ਗਈ ਹੈ। ਨੌਜਵਾਨਾਂ ਨੂੰ ਧਰਮ ਸਦਾਚਾਰ ਜਾਂ ਦਰਸ਼ਨ ਦੀ ਗੱਲ ਤਾਂ ਸਮਝਾਉਣ ਦਾ ਕੋਈ ਉਪਰਾਲਾ ਨਹੀਂ ਤੇ ਉਹਨਾਂ ਨੇ ਇਹੋ ਜਾਣ ਛੱਡਿਆ ਏ ਕਿ ਪਟਾਕੇ ਵਜਾਉਣਾ ਹੀ 'ਧਰਮ ਹੈ, ਇਸ ਪਾਸੇ ਸੱਚਮੁੱਚ ਸੰਸਥਾਵਾਂ ਨੂੰ ਧਿਆਨ ਦੀ ਜ਼ਰੂਰਤ ਹੈ ਪਰ ਗੋਲਕਾਂ ਦਾ ਮੋਹ ਕਿਵੇਂ ਮੁੱਕੇ ?

ਭਾਈ ਲਾਲ ਜੀ ਅਤੇ ਭਾਈ ਰਾਮ ਜੀ ਦੇ ਮਾਨਸਿਕ ਦਰਦ ਦੀ ਵਿਥਿਆ, ਪਰ ਕਿਨੇ, ਸੋਚਣਾ ਹੈ ਇਸ ਬਾਰੇ।

ਸਭ ਤੋਂ ਵੱਡੀ ਤੇ ਧਿਆਨ ਯੋਗ ਸੋਚ ਜੋ ਇਸ ਪੁਸਤਕ ਨੇ ਦ੍ਰਿਸ਼ਟੀ ਵਿਚ ਲਿਆਂਦੀ ਹੈ ਉਹ ਹੈ "ਸੂਝ ਦਾ ਚੌਮੁਖੀਆ ਦੀਵਾ ਬਾਲਣ ਦੀ" ਪਰ ਸਰਮਾਏਦਾਰੀ ਪਬੰਧ ਦੋਹਾਂ ਪਾਸਿਆਂ ਦਾ ਇਸ ਦਾ ਵਿਰੋਧੀ ਹੈ। ਬਾਬੇ ਨਾਨਕ ਤੇ ਮਾਰਕਸ ਦੇ ਦਰਸ਼ਨਾਂ ਦੇ ਸਮਨਵੈ ਨਾਲ ਮਸਲੇ ਹੱਲ ਹੋ ਸਕਦੇ ਹਨ ਨਹੀਂ ਤਾਂ-

ਧਰਮ ਦੇ ਨਾਂ ਤੇ ਕਿਤੇ ਤੇ ਕਿਤੇ ਸਿਆਸੀ ਜੁੱਲ
ਹਰਿਕ ਨੂੰ ਦੇਣਾ ਵਤਨ ਦੀ ਅਨੋਖੀ ਚਾਲ ਬਣੀ

ਕਿੰਨੀ ਕੁ ਵਾਰੀ ਧੰਨਵਾਦ ਕਰਾਂ ਤੇ ਪੁਸਤਕ ਨੂੰ ਸਿਜਦਾ ਕਰਾਂ

ਮੋਹ ਸਹਿਤ ਹਿਤੂ ਵੀਰ।

ਕਾਮਰੇਡ ਸੁਵਰਨ ਸਿੰਘ ਵਿਰਕ





ਬਲਦੇਵ ਮਾਧੋਪੁਰੀ
ਪਿੰਡ ਤੇ ਡਾਕ. ਮਾਧੋਪੁਰ,
ਤਹਿ. ਫਗਵਾੜਾ (ਕਪੂਰਥਲਾ)

'ਵਰਿਆਮ' ਦੇ ਹਰ ਅੰਕ ਵਿਚ ਸੁਵਰਨ ਸਿੰਘ ਵਿਰਕ ਜੀ ਦਾ ਇਕ ਲੇਖ ਜ਼ਰੂਰ ਹੁੰਦਾ ਹੈ। ਆਮ ਤੌਰ ਇਹ ਸਾਰੇ ਲੇਖ ਨਾਮਧਾਰੀ ਸਿੱਖਾਂ-ਸ਼ਹੀਦਾਂ ਅਤੇ ਆਪਣੇ ਆਪ ਨੂੰ ਕੁਰਬਾਨ ਕਰਨ ਵਾਲੇ ਗੁਰੂ ਦੇ ਮੁਰੀਦਾਂ ਦੇ ਹੁੰਦੇ ਹਨ। ਕਾਫੀ ਸਖਤ ਮਿਹਨਤ ਅਤੇ ਖੋਜ ਕਰਕੇ, ਕਿਤਾਬਾਂ ਪੜ੍ਹਕੇ ਵਿਰਕ ਜੀ ਇਹ ਲੇਖ ਪਾਠਕਾਂ ਦੇ ਪੜ੍ਹਨ ਹਿੱਤ ਤੇ ਸਭ ਨੂੰ ਜਾਣਕਾਰੀ ਦੇਣ ਵਾਸਤੇ ਲਿਖਦੇ ਹਨ, ਤੇ ਨਾਮਧਾਰੀ ਸ਼ਹੀਦਾਂ ਨੂੰ (ਜਿਨਾਂ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਤੇ ਅੰਗਰੇਜ਼ ਸਰਕਾਰ ਨੂੰ ਦੇਸ਼ ਵਿਚੋਂ ਕੱਢਣ ਲਈ ਕੁਰਬਾਨੀਆਂ ਦਿੱਤੀਆਂ) ਉਜਾਗਰ ਕਰਦੇ ਹਨ। ਇਹ ਲੇਖ ਖੋਜ ਭਰਪੂਰ ਤਾਂ ਹੁੰਦੇ ਹੀ ਹਨ, ਇਸਦੇ ਨਾਲ-ਨਾਲ ਬੜੇ ਦਿਲਚਸਪ ਵੀ ਹੁੰਦੇ ਹਨ। ਇਤਿਹਾਸ ਲਿਖਣ ਲਈ ਉਸਦੀ ਪੈੜ ਕੱਢਣੀ ਪੈਂਦੀ ਹੈ, ਸਬੰਧਤ ਬੰਦਾ, ਜਿਸਦਾ ਇਤਿਹਾਸ ਲਿਖਣਾ ਹੋਵੇ ਉਸਦੇ ਜਨਮ ਤੋਂ ਲੈ ਕੇ ਮਰਨ ਤੱਕ ਉਸਦੀਆਂ ਸਾਰੀਆਂ ਸਰਗਰਮੀਆਂ ਚੇਤੇ ਕਰਨੀਆਂ ਪੈਂਦੀਆਂ ਹਨ ਤਾਂ ਜਾ ਕੇ ਉਸਦਾ ਇਤਿਹਾਸ ਲਿਖ ਹੁੰਦਾ ਹੈ।

ਇਸ ਤਰ੍ਹਾਂ ਵਿਰਕ ਜੀ ਵੀ ਹਰ ਗੱਲ ਨੂੰ ਮੱਦੇ-ਨਜ਼ਰ ਰੱਖਦੇ ਹੋਏ ਨਾਮਧਾਰੀ ਸ਼ਹੀਦਾਂ ਦੇ ਇਤਿਹਾਸ ਲਿਖਦੇ ਹਨ। ਵਰਿਆਮ ਦੇ ਸਤੰਬਰ ਅੰਕ ਵਿਚ "ਸ਼ਹੀਦ ਭਾਈ ਧੌਂਕਲ ਸਿੰਘ-ਕਿਲ੍ਹਾ ਰਾਇਪੁਰ" ਬਾਰੇ ਵਿਰਕ ਜੀ ਨੇ ਕਿੰਨੀ ਖੋਜ ਕੀਤੀ ਹੈ- ਧੌਂਕਲ ਸਿੰਘ ਇਕ ਬਹੁਤ ਵੱਡਾ ਅਫ਼ੀਮ ਦਾ ਅਮਲੀ ਸੀ। ਜਿਸ ਵੇਲੇ ਸਤਿਗੁਰਾਂ ਦੇ ਸਨਮੁੱਖ ਹੋਇਆ ਤਾਂ ਕਹਿਣ ਲੱਗਾ-ਮਹਾਰਾਜ ਮੈਂ ਪੰਜ-ਪੰਜ ਤੋਲੇ ਫੀਮ ਖਾ ਲੈਨਾ ਆਂ, ਚਾਰ-ਚਾਰ, ਪੰਜ-ਪੰਜ ਬੋਤਲਾਂ ਸ਼ਰਾਬ ਪੀ ਲੈਨਾ ਤੇ ਏਨਾ ਈ ਸੁੱਖਾ ਪੀਨਾ। ਤਾਂ ਸਤਿਗੁਰ ਆਖਦੇ ਨੇ "ਆ ਓਰੇ, ਤੈਨੂੰ ਇਕ ਸਾਰਿਆਂ ਤੋਂ ਵੱਡਾ ਅਮਲ ਦੇਈਏ!" ਮਾਗੀ ਜਿਸ ਵੇਲੇ ਕੰਨ ਵਿਚ ਫੂਕ, ਸਭ ਕੁਝ ਭੁਲਾ ਦਿੱਤਾ। ਬਸ ਭਜਨ ਕਰਨ ਲੱਗ ਪਏ।

ਇਸੇ ਲੇਖ ਵਿਚ ਰੁੜਕਾ ਪਿੰਡ (ਥਾਣਾ ਡੇਹਲੋਂ) ਦੀ ਇਕ ਕਥਾ ਲਿਖਦੇ ਹਨ ਕਿ ਇਥੋਂ ਦਾ ਇਕ ਸਾਹਿਬਾ ਜ਼ੈਲਦਾਰ ਸਰਕਾਰ ਦਾ ਝੋਲੀ ਚੁੱਕ ਸੀ। ਉਸਨੇ ਪਿੰਡ ਵਿਚ ਲੱਗੇ ਨਾਮਧਾਰੀਆਂ ਦੇ ਦੀਵਾਨ ਵਿਚ, ਹੁੱਕੇ ਦੇ ਪਾਣੀ ਨਾਲ ਥਾਲ ਧੋਕੇ ਪਤਾਸੇ ਪਾ ਲਏ ਤੇ ਪਿੰਡ ਦੇ ਬਾਹਮਣਾਂ ਨੂੰ ਨਾਲ ਲੈ ਕੇ ਆ ਗਿਆ। ਸਤਿਗੁਰੂ ਜੀ ਤਾੜ ਗਏ ਤੇ ਉਨ੍ਹਾਂ ਹੱਥ ਦੀ ਛਟੀ ਦੀ ਅੜ੍ਹੇਸ ਦੇ ਕੇ ਥਾਲ ਦੀਵਾਨ ਤੋਂ ਬਾਹਰ ਸੁੱਟ ਦਿੱਤਾ। ਤੇ ਨਾਲ ਹੀ ਫੁਰਮਾਨ ਕੀਤਾ-"ਏਹ ਸਾਹਿਬਾ ਸੌ ਜੁੱਤੀਆਂ ਦਾ ਹੱਕਦਾਰ ਹੈ।" ਇਸ ਦਿੱਤੇ ਸੰਤਾਪ ਨੂੰ ਭਾਈ ਧੌਂਕਲ ਸਿੰਘ ਨੇ ਪੰਜ ਪੋਲੇ ਸਾਹਿਬੇ ਦੇ ਘੋੜੀ ਤੋਂ ਉਤਾਰ ਕੇ ਮਾਰੇ ਸਨ ਤੇ ਸਤਿਗੁਰਾਂ ਦਾ ਬਚਨ ਪੂਰਾ ਕੀਤਾ ਸੀ। ਸੋ ਇਸ ਤਰ੍ਹਾਂ ਦਾ ਸੀ ਭਾਈ ਧੌਂਕਲ ਸਿੰਘ, ਜਿਸ ਨੂੰ ਬੰਦਾ ਸਿੰਘ ਬਹਾਦਰ ਵਾਂਗ ਪਿੰਜਰੇ ਵਿਚ ਬੰਦ ਕਰ ਦਿੱਤਾ ਸੀ।

ਅਕਤੂਬਰ ੨੦੧੨ ਦੇ ਤਾਜ਼ਾ ਅੰਕ ਵਿਚ ਵਿਰਕ ਜੀ ਦਾ ਲਿਖਿਆ ਲੇਖ "ਮਹਾਂਬਲੀ, ਦੇਸ਼ ਭਗਤ-ਬਾਬਾ ਫਤੇਹ ਸਿੰਘ ਵਲਟੋਹਾ" ਬੜਾ ਹੀ ਦਿਲਚਸਪ ਹੈ। ਉਹ ਇਕ ਐਸੇ ਸੂਰਮੇ ਦੀ ਗੱਲ ਕਰਦੇ ਹਨ, ਜੋ ਕਿ ਪਹਿਲਵਾਨ ਹੈ। ਕੂਕਿਆਂ ਦੀ ਵਧ ਰਹੀ ਸ਼ਕਤੀ ਨੂੰ ਦੇਖ ਕੇ ਕਈ ਅਣਖੀਲੇ ਗੱਭਰੂ ਵੀ ਇਸ ਲਹਿਰ ਵਿਚ ਸ਼ਾਮਲ ਹੋਣ ਲੱਗ ਪਏ ਸਨ। ਉਨ੍ਹਾਂ ਗੱਭਰੂਆਂ ਵਿਚ ਮਾਝੇ ਦੇ ਮਸ਼ਹੂਰ ਪਿੰਡ ਵਲਟੋਹੇ ਦੇ ਫਤੇਹ ਸਿੰਘ ਪਹਿਲਵਾਨ ਦਾ ਨਾਂਅ ਵੀ ਆਉਂਦਾ ਹੈ। ਵਿਰਕ ਜੀ ਲਿਖਦੇ ਹਨ ਕਿ ਮੇਰੇ ਪਿਤਾ ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਤੇ ਅਧਾਰਿਤ ਲਿਖਤ ਵਿਚ ਇਉਂ ਲਿਖਿਆ ਹੈ-"ਸਤਿਗੁਰੂ ਰਾਮ ਸਿੰਘ ਦੀ ਸੋਅ ਸੁਣ ਕੇ ਫਤੇਹ ਸਿੰਘ ਜਦੋਂ ਵਲਟੋਹੇ ਤੋਂ ਸ੍ਰੀ ਭੈਣੀ ਸਾਹਿਬ ਸਿੱਖ ਬਣਨ

ਵਾਸਤੇ ਗਿਆ ਤਾਂ ਭੈਣੀ ਸਾਹਿਬ ਦੇ ਪਰਲੇ ਪਾਸੇ ਰਾਈਆਂ ਵਲ ਜੋੜੇ ਖੂਹ ਸਨ, ਉਥੇ ਬੈਠ ਗਿਆ। ਚਿੱਤ ਵਿਚ ਫੁਰਨਾ ਫੁਰਿਆ-ਜੇ ਇਹ ਪੂਰਾ ਗੁਰੂ ਹੈ ਤਾਂ ਇਹ ਖੂਹ ਦੁੱਧ ਦਾ ਖੂਹ ਹੋ ਜਾਏ। ਸਤਿਗੁਰੂ ਜੀ ਤਾਂ ਇਹੋ ਜਿਹੇ ਸੁਆਲ ਝੱਟ ਪੂਰੇ ਕਰ ਦਿੰਦੇ ਹਨ-ਖੂਹ ਦੁੱਧ ਦਾ ਹੋ ਗਿਆ। ਫਤੇਹ ਸਿੰਘ ਦਾ ਸ਼ੰਕਾ ਨਵਿਰਤ ਹੋ ਗਿਆ ਤੇ ਸਤਿਗੁਰਾਂ ਦੇ ਚਰਨੀਂ ਜਾ ਲੱਗਾ ਤੇ ਕਹਿਣ ਲੱਗਾ ਮੈਨੂੰ ਨਾਮ ਦਾਨ ਦਿਓ। ਤੇ ਉਸ ਵੇਲੇ ਤੋਂ ਨਾਮਧਾਰੀ ਸਿੰਘ ਸੱਜ ਗਿਆ।

ਵਿਰਕ ਜੀ ਲਿਖਦੇ ਹਨ—ਫਤੇਹ ਸਿੰਘ ਭੀਮ ਬਲੀ ਸੀ। ਇਕ ਵਾਰ ਉਹ ਹਿੰਦੋਸਤਾਨ ਦੇ ਮਸ਼ਹੂਰ ਪਹਿਲਵਾਨ ਗੁਲਾਮ ਦੇ ਅਖਾੜੇ ਵਿਚ ਚਲਾ ਗਿਆ। ਉਸਨੇ ਰੇਲ ਦੀ ਪੱਟੜੀ ਨੂੰ ਦੋਹਾਂ ਸਿਰਿਆਂ ਤੋਂ ਫੜ ਕੇ ਪੈਰ ਰੱਖ ਕੇ ਐਸਾ ਜ਼ੋਰ ਮਾਰਿਆ ਕਿ ਪੱਟੜੀ ਕੁੱਬੀ ਕਰ ਦਿੱਤੀ। ਪਹਿਲਵਾਨਾਂ ਨੂੰ ਕਹਿਣ ਲੱਗਾ-ਲਓ ਕਰੋ ਇਸਨੂੰ ਸਿੱਧੀ! ਪਰ ਕਿਸੇ ਕੋਲੋਂ ਸਿੱਧੀ ਨਾ ਹੋਈ। ਆਖਰ ਪਹਿਲਵਾਨਾਂ ਦੇ ਕਹਿਣ ਤੇ ਫਤੇਹ ਸਿੰਘ ਨੇ ਦੋਹਾਂ ਸਿਰਿਆਂ ਤੇ ਹੱਥ ਰੱਖ ਕੇ ਪੰਜ ਡੰਡ ਕੱਢੇ ਤਾਂ ਲੋਹੇ ਦਾ ਗਾਡਰ ਸਿੱਧਾ ਕਰ ਦਿੱਤਾ। ਉਸ ਵਿਚ ਬਹੁਤ ਤਾਕਤ ਸੀ। ਜਦੋਂ ਵੀ ਕਿਤੇ ਕੁਸ਼ਤੀ ਕਰਨ ਜਾਂਦਾ ਤਾਂ ਖਲੋਤੀ ਖਲਕਤ ਦੇ ਉਤੋਂ ਦੀ ਟੱਪ ਕੇ ਛਾਲ ਮਾਰ ਕੇ ਪਿੜ ਵਿਚ ਜਾ ਡਿੱਗਦਾ ਸੀ। ਉਸਦੀ ਪਹਿਲਵਾਨੀ ਦੀਆਂ ਕਈ ਕਹਾਣੀਆਂ ਹਾਲੇ ਵੀ ਪ੍ਰਚਲਤ ਹਨ।

ਇਕ ਕਹਾਣੀ ਬੜੀ ਦਿਲਚਸਪ ਹੈ, ਜਿਹੜੀ ਮੈਂ ਇਸੇ ਲੇਖ ਵਿਚ ਪੜ੍ਹੀ ਹੈ, ਦੱਸਣੋਂ ਨਹੀਂ ਰਹਿ ਸਕਦਾ। ਪਹਿਲਵਾਨ ਫਤੇਹ ਸਿੰਘ ਦਾ ਵਿਆਹ ਬੀਬੀ ਮਾਨ ਕੌਰ ਨਾਲ ਹੋਇਆ ਸੀ। ਪਰ ਉਹ ਔਰਤ ਨੂੰ ਪੈਰ ਦੀ ਜੁੱਤੀ ਸਮਝ ਕੇ ਕਈ ਵਾਰ ਉਸਦੀ ਕੁੱਟਮਾਰ ਕਰ ਦੇਂਦਾ ਸੀ। ਇਕ ਵਾਰ ਉਹ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਨੂੰ ਭੈਣੀ ਸਾਹਿਬ ਆਏ। ਗੁਰੂ ਜੀ ਗੱਦੀ ਤੇ ਬਿਰਾਜਮਾਨ ਸਨ। ਬੀਬੀ ਮਾਨੋ ਨੇ ਗੁਰੂ ਜੀ ਅੱਗੇ ਫਰਿਆਦ ਕੀਤੀ, "ਮਹਾਰਾਜ ਤੁਹਾਡਾ ਪਹਿਲਵਾਨ ਮੈਨੂੰ ਤੰਗ ਬਹੁਤ ਕਰਦਾ ਹੈ। ਗੁਰੂ ਜੀ ਖੁਸ਼ੀ ਦੇ ਮੂਡ ਵਿਚ ਸਨ, ਉਹਨਾਂ ਨੇ ਫਤੇਹ ਸਿੰਘ ਪਹਿਲਵਾਨ ਨੂੰ ਪਹਿਲਾਂ ਤਾਂ ਨਸੀਹਤਾਂ ਦਿੱਤੀਆਂ ਕਿ ਬਹਾਦਰ ਆਦਮੀ ਔਰਤਾਂ ਦੀ ਰਾਖੀ ਕਰਦੇ ਹਨ, ਨਾ ਕਿ ਉਹਨਾਂ ਤੇ ਹੱਥ ਚੁੱਕਣ। ਫਿਰ ਹੁਕਮ ਕੀਤਾ-"ਫਤੇਹ ਸਿੰਘ ਜੀ ਤੁਸੀਂ ਤਾਂ ਹੋਏ ਸਰੀਰਕ ਬਲ ਕਰਕੇ 'ਭੈਰਉ ਸਿੰਘ' ਅਤੇ ਬੀਬੀ ਮਾਨੋ ਤੁਹਾਡੀ ਅਤੇ ਸੰਗਤ ਦੀ ਪ੍ਰੇਮ ਸਹਿਤ ਸੇਵਾ ਕਰਨ ਕਰਕੇ 'ਪ੍ਰੇਮ ਸਿੰਘ' ਹੋਈ। ਅੱਜ ਤੋਂ ਤੁਸੀਂ ਪ੍ਰੇਮ ਸਿੰਘ ਦਾ ਹਰ ਬਚਨ ਸੱਤ ਕਰਕੇ ਮੰਨਣਾ...ਪ੍ਰੇਮ ਸਿੰਘ ਹੋਰੀਂ ਹੁਣ ਕਿਤੇ ਵੀ ਤੁਰ ਕੇ ਨਹੀਂ ਜਾਣਗੇ, ਉਹ ਭੈਰਉ ਸਿੰਘ ਦੇ ਮੋਢਿਆਂ ਤੇ ਹੀ ਚੜ੍ਹ ਕੇ ਰਹਿੰਦੀ ਜੀਵਨ ਯਾਤਰਾ ਪੂਰਾ ਕਰਨਗੇ। ਫਤੇਹ ਸਿੰਘ ਨੇ ਨਾ ਸਿਰਫ ਸਿਰ ਹੀ ਨਿਵਾਇਆ, ਸਗੋਂ ਡੇਰੇ ਤੋਂ ਬਾਹਰ ਵੀ ਪ੍ਰੇਮ ਸਿੰਘ ਨੂੰ ਮੋਢਿਆਂ ਤੇ ਬਿਠਾ ਕੇ ਹੀ ਨਿਕਲਿਆ।

ਸੋ ਇਸ ਤਰ੍ਹਾਂ ਦੀਆਂ ਹੋਰ ਵੀ ਕਹਾਣੀਆਂ ਇਸ ਲੇਖ ਵਿਚ ਸੁਵਰਨ ਸਿੰਘ ਹੋਰਾਂ ਨੇ ਲਿਖੀਆਂ ਹਨ, ਜਿਹੜੀਆਂ ਵਾਰ-ਵਾਰ ਪੜ੍ਹਨ ਨੂੰ ਚਿੱਤ ਕਰਦਾ ਹੈ। ਇਸ ਤਰ੍ਹਾਂ ਦੇ ਹੋਰ ਦਿਲਚਸਪ ਪਹਿਲੂ ਵੀ ਵਿਰਕ ਜੀ ਨੇ ਅਗਲੇ ਲੇਖਾਂ ਵਿਚ ਲਿਖਣੇ ਹਨ। ਇਹ ਸਿਰ ਸੁੱਟ ਕੇ ਲਿਖਣ ਦਾ ਕੰਮ ਕੋਈ ਚੰਗੇ ਤੋਂ ਚੰਗਾ ਬੰਦਾ ਵੀ ਨਹੀਂ ਲਿਖ ਸਕਦਾ, ਜਿਹੜਾ ਕਿ ਵਿਰਕ ਜੀ ਲਿਖ ਕੇ ਵਰਿਆਮ ਮੈਗਜ਼ੀਨ ਨੂੰ ਭੇਜਦੇ ਹਨ।

ਵਿਰਕ ਜੀ ਪੇਸ਼ੇ ਤੋਂ ਤਾਂ ਵਕੀਲ ਹਨ, ਪਰ ਉਨ੍ਹਾਂ ਦੀ ਸਾਦਗੀ-ਸਫੈਦ ਕੁਰਤਾ ਪਜਾਮਾ ਖੁਲ੍ਹਾ-ਡੁੱਲਾ ਅਤੇ ਬੋਲਚਾਲ ਹਰ ਬੰਦੇ ਨਾਲ ਬਹੁਤ ਮਿਲਾਪੜੀ ਹੈ, ਹਰ ਇਕ ਵਿਅਕਤੀ ਉਨ੍ਹਾਂ ਨੂੰ ਆਮ ਵਿਅਕਤੀ ਹੀ ਸਮਝਦਾ ਹੈ। ਪਿੱਛਿਓਂ ਸਾਰਾ ਪਰਿਵਾਰ ਨਾਮਧਾਰੀ ਚਲਦਾ ਆ ਰਿਹਾ ਹੈ, ਪਰ ਇਹਨਾਂ ਦੇ ਨਾਂਅ ਤੋਂ ਪਹਿਲਾਂ 'ਕਾਮਰੇਡ' ਲੱਗ ਗਿਆ ਹੈ; ਕਿਉਂਕਿ ਇਨ੍ਹਾਂ ਦੀ ਸੋਚ ਮਜ਼ਦੂਰਾਂ ਪ੍ਰਤੀ ਅਗਾਂਹ-ਵਧੂ ਹੈ, ਇਸ ਕਰਕੇ ਇਹ 'ਨਾਮਧਾਰੀ' ਬਨਾਮ 'ਕਾਮਰੇਡ ਸੁਵਰਨ ਸਿੰਘ ਵਿਰਕ' ਕਿਹਾ ਜਾ ਸਕਦਾ ਹੈ।

ਆਪ ਦੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਸ਼ਰਧਾ ਬਹੁਤ ਹੈ ਅਤੇ ਪੂਰੀ ਤਰ੍ਹਾਂ ਸਤਿਗੁਰੂ ਜੀ ਨੂੰ ਨਤਮਸਤਕ ਹਨ ਅਤੇ ਨਾਮਧਾਰੀ ਸਫ਼ਾਂ ਵਿਚ ਕਾਫੀ ਇੱਜ਼ਤ-ਮਾਣ ਹੈ। ਵਿਰਕ ਜੀ, ਜਿਥੇ ਬੜੇ ਵੱਡੇ ਲੇਖਕ ਹਨ, ਉਥੇ ਬਹੁਤ ਤਕੜੇ ਬੁਲਾਰੇ ਵੀ ਹਨ, ਉਨ੍ਹਾਂ ਦਾ ਭਾਸ਼ਣ ਬਹੁਤ ਹੀ ਪ੍ਰਭਾਵਸ਼ਾਲੀ ਹੁੰਦਾ ਹੈ। ਸਰੋਤਿਆਂ ਨੂੰ ਕੀਲ ਲੈਂਦੇ ਹਨ।

ਬਹੁਤ ਵਾਰੀ ਦਰਸ਼ਨ ਕਰਨ ਦਾ ਮੌਕਾ ਮਿਲਿਆ, ਮੈਨੂੰ ਰਤਾ ਨਹੀਂ ਲੱਗਾ ਕਿ ਇਹ ਵਕੀਲ ਹਨ। ਜਦ ਵੀ ਮਿਲਦੇ ਹਨ, ਅੱਗਿਓਂ ਹੋ ਕੇ ਮਿਲਦੇ ਹਨ ਤੇ ਘਰ-ਪਰਿਵਾਰ ਦੀ ਰਾਜ਼ੀ-ਬਾਜ਼ੀ ਪੁੱਛ ਕੇ ਅਗਲੀ ਗੱਲ ਦੀ ਸ਼ੁਰੂਆਤ ਕਰਦੇ ਹਨ। ਭੈਣੀ ਸਾਹਿਬ ਮੇਲਿਆਂ ਉੱਤੇ ਜਦ ਵੀ ਮਿਲਦੇ ਹਨ, ਬੜੇ ਖੁੱਭ ਕੇ ਮਿਲਦੇ ਹਨ। ਹਰਿਆਣੇ ਦੀ ਨਾਮਧਾਰੀ ਸਾਹਿਤ ਮੰਡਲੀ ਦੇ ਵਿਰਕ ਜੀ ਮੋਹਰੀ ਹਨ। ਹਰ ਸਰਗਰਮੀ ਵਿਚ ਅੱਛੀ ਸੇਧ ਦਿੰਦੇ ਹਨ। ਸਾਹਿਤ ਸਭਾਵਾਂ ਵਿਚ ਵੀ ਉਨ੍ਹਾਂ ਦੀ ਸ਼ਮੂਲੀਅਤ ਜ਼ਰੂਰੀ ਹੁੰਦੀ ਹੈ।

ਜਦੋਂ ਤੋਂ ਵਿਰਕ ਜੀ ਦੇ ਲੇਖ ਵਰਿਆਮ ਵਿਚ ਛਪਣੇ ਸ਼ੁਰੂ ਹੋਏ ਹਨ, ਉਨ੍ਹਾਂ ਦੀਆਂ ਕਈ ਕਿਤਾਬਾਂ ਬਣ ਸਕਦੀਆਂ ਹਨ। ਹੋ ਸਕਦਾ ਹੈ ਵਿਰਕ ਜੀ ਹੋਰਾਂ ਇਹ ਕੰਮ ਵੀ ਕੀਤਾ ਹੋਵੇਗਾ। ਜੇ ਨਹੀਂ ਤਾਂ ਇਹ ਨਾਮਧਾਰੀ ਸ਼ਹੀਦਾਂ ਦੀਆਂ ਜੀਵਨੀਆਂ ਬਾਰੇ ਕਿਤਾਬਾਂ ਬਣਵਾ ਕੇ ਹਰ ਬੁੱਕ ਸਟਾਲ ਤੇ ਭੇਜਣ, ਤਾਂ ਕਿ ਨਾਮਧਾਰੀ ਇਤਿਹਾਸ ਆਮ ਲੋਕ ਵੀ ਪੜ੍ਹ ਸਕਣ।

ਮੈਨੂੰ ਆਸ ਹੈ ਵਿਰਕ ਜੀ ਇਨ੍ਹਾਂ ਨਾਮਧਾਰੀ ਸ਼ਹੀਦਾਂ ਦੇ ਇਤਿਹਾਸ ਦੀਆਂ ਪਰਤਾਂ ਇਸ ਤਰ੍ਹਾਂ ਹੀ ਫਰੋਲ ਕੇ ਪਾਠਕਾਂ ਦੀ ਨਜ਼ਰ ਕਰਦੇ ਰਹਿਣਗੇ।



ਪੂਰਨ ਸਿੰਘ ਨਿਰਾਲਾ

ਹੋਵੇ ਖੁਲ੍ਹਮ ਖੁਲ੍ਹਾ ਦੀਦਾਰ ਤੇਰਾ

ਮੇਰੀ ਏ ਅਰਦਾਸ ਗੁਰੂ, ਤੇਰੇ ਚਾਰਨਾਂ ਦੇ ਪਾਸ ਗੁਰੂ
ਤੇਰੇ ਸੰਗ ਜਿੰਦਾ ਸੰਸਾਰ ਮੇਰਾ।
ਹੋਵੇ ਖੁਲ੍ਹਮ ਖੁਲ੍ਹਾ ਦੀਦਾਰ ਤੇਰਾ।
ਤੇਰੇ ਦਰ ਤੇ ਖੜਾ ਸਵਾਲੀ ਏ।
ਮੇਰੀ ਭਰਦੋ ਝੋਲੀ ਖਾਲੀ ਏ।
ਮੰਗਦਾ ਮੈਂ ਪਿਆ ਪਿਆਰ ਤੇਰਾ।
ਹੋਵੇ ਖੁਲ੍ਹਮ ਖੁਲ੍ਹਾ ਦੀਦਾਰ ਤੇਰਾ।
ਮੇਰੇ ਦਿਲ ਨੂੰ ਹੋਰ ਕੋਈ ਭਾਉਂਦਾ ਨਹੀਂ।
ਕਿਸੇ ਹੋਰ ਨੂੰ ਦਰਦ ਸੁਣਾਉਂਦਾ ਨਹੀਂ।
ਕਦੇ ਭੁਲਨਾ ਨਹੀਂ ਉਪਕਾਰ ਤੇਰਾ।
ਹੋਵੇ ਖੁਲ੍ਹਮ ਖੁਲ੍ਹਾ ਦੀਦਾਰ ਤੇਰਾ।
ਦੁਨੀਆਂ ਵਿਚ ਰੱਬ ਕੋਈ ਰਹਿੰਦਾ ਏ।
ਹੈ ਇਹੋ ਦਿਲ ਮੇਰਾ ਕਹਿੰਦਾ ਏ।
ਤੂੰ ਹੀ ਤਾਂ ਬਖਸ਼ਨਹਾਰ ਮੇਰਾ।
ਹੋਵੇ ਖੁਲ੍ਹਮ ਖੁਲ੍ਹਾ ਦੀਦਾਰ ਤੇਰਾ।
ਵਿਸ਼ਵਾਸ ਜਿਹਨੂੰ ਵੀ ਆ ਜਾਵੇ।
ਪੱਥਰ 'ਚੋਂ ਰੱਬ ਨੂੰ ਪਾ ਜਾਵੇ।
ਵਿਸ਼ਵਾਸ ਦਾ ਹੈ ਇਜ਼ਹਾਰ ਮੇਰਾ
ਹੋਵੇ ਖੁਲ੍ਹਮ ਖੁਲ੍ਹਾ ਦੀਦਾਰ ਤੇਰਾ।
ਪਿਆ ਕਰਦਾ ਅਰਜ ਨਿਰਾਲਾ ਏ।
ਕਰੋ ਸਭ ਦਾ ਜਨਮ ਸੁਖਾਲਾ ਏ।
ਕਰੋ ਤਰਲਾ ਇਹ ਸਵੀਕਾਰ ਮੇਰਾ
ਹੋਵੇ ਖੁਲ੍ਹਮ ਖੁਲ੍ਹਾ ਦੀਦਾਰ ਮੇਰਾ।

ਮਮੇਰਾਂ ਰੋਡ ਐਲਨਬਾਦ
ਸਿਰਸਾ, ਮੋ-੯੪੧੬੧੫੨੧੨੮

ਮਿਹਰ ਦੀ ਨਜ਼ਰ

—ਕਰਨੈਲ ਸਿੰਘ ਅਸਪਾਲ

ਸ਼ੇਅਰ—

ਨਜ਼ਰ ਕਿਆ ਮਿਲੀ ਹੈ ਨਜ਼ਰ ਤੇਰੀ ਹੋਇਆ
ਨਜ਼ਰ ਕਰ ਗਈ ਇਕ ਜਦੂਈ ਗੋਇਆ
ਨਜ਼ਰ ਦਿਖਾਇਆ ਨਜ਼ਾਰਾ ਨਜ਼ਰ ਕੋ
ਨਜ਼ਰ ਨੇ ਜਗਾਇਆ ਜਫ਼ਰ ਭਾਗ ਸੋਇਆ।

ਨਜ਼ਮ—

ਤੇਰੀ ਮੇਹਰ ਦੀ ਨਜ਼ਰ ਤੋਂ ਮੇਰੀ ਬਾਤ ਬਣ ਗਈ,
ਮੇਰੀ ਜ਼ਿੰਦਗੀ ਦੀ ਇਹ ਘੜੀ ਖਾਸ ਬਣ ਗਈ।
ਦਿਲ ਚੂਰ ਚੂਰ ਹੋਇਆ ਮੇਰਾ ਤੁਸੀਂ ਜੋੜਿਆ,
ਤੇਰੀ ਰਹਿਮ ਦਿਲੀ ਮੇਰੇ ਲਈ ਸੁਗਾਤ ਬਣ ਗਈ।
ਹੋਇਆ ਤਨ ਮਨ ਸ਼ਾਂਤ ਤੇਰੇ ਉਪਕਾਰ ਤੋਂ,
ਕਣੀ ਮੇਹਰ ਵਾਲੀ ਆਬੇ ਹਯਾਤ ਬਣ ਗਈ।
ਕਦੇ ਝੋਲੀ ਵਲ ਤਕਾਂ ਕਦੇ ਤੇਰੇ ਵਲ ਤਕਾਂ
ਕੀਤਾ ਕ੍ਰਿਸ਼ਮਾ ਤੁਸਾਂ ਜੋ ਰੱਬੀ ਦਾਤ ਬਣ ਗਈ।
ਤੇਰੇ ਦਰ ਉਤੇ ਨਿਆਮਤਾਂ ਦੇ ਢੇਰ ਲੱਗੇ ਨੇ,
ਵੇਖੋ ਮੇਰੀ ਵੀ ਗ਼ਰੀਬ ਦੀ ਬਰਾਤ ਬਣ ਗਈ।
ਤੇਰੀ ਤਕਣੀ ਤੋਂ ਮੁਕੀ ਹੈ ਪਰਾਈ ਤਾਤ ਮੇਰੀ
ਚਿੱਤ ਹੋ ਗਿਆ ਅਡੋਲ ਕਰਾਮਾਤ ਬਣ ਗਈ।
ਤੂੰ ਹੀ ਦਿਲਾਂ ਦੀਆਂ ਸਭੇ ਕਰੇ ਆਸਾਂ ਪੂਰੀਆਂ
ਤਾਂ ਹੀ ਆਜਿਜ਼ ਨਿਮਾਣੇ ਦੀ ਖ਼ੈਰਾਤ ਬਣ ਗਈ।
ਸਾਡੀ ਗ਼ਮੀ ਖੁਸ਼ੀ ਤੇਰੇ ਹੱਥ ਹੋਈ ਪਾਤਸ਼ਾਹ
ਗੁਰੂ ਜੱਸ 'ਚ ਗੁਜ਼ਾਰੀ ਚੰਗੀ ਰਾਤ ਬਣ ਗਈ।
ਨਾਂ ਹੀ ਅਸਪਾਲ ਜਾਣੇ ਤੇਰੇ ਗਹਿਰੇ ਰਾਜ਼ ਨੂੰ
ਹੋਈ ਕ੍ਰਿਪਾ ਜੋ ਤੇਰੀ ਕੁਝ ਉਕਾਤ ਬਣ ਗਈ।

ਪਿੰਡ ਤੇ ਡਾਕ. ਕਰੀਵਾਲਾ ਸਿਰਸਾ,
ਮੋ-੦੯੪੧੬੭-੨੭੯੧੦



ਗੁਰ ਮਹਿਮਾ

—ਹਰਭਜਨ ਸਿੰਘ ਰਾਜ਼ਾ

ਗੁਰੂ ਜਗਜੀਤ ਜੀਓ ਕਰਾਂ ਕੀ ਸਿਫਤ ਤੇਰੀ,
ਜੱਗ ਵਿਚ ਵੇਖੇ ਤੇਰੇ ਕੌਤਕ ਨਿਆਰੇ ਨੇ।
ਖਾਲੀ ਝੋਲੀ ਲੈ ਕੇ ਆਇਆ ਜੋ ਵੀ ਦਵਾਰੇ ਤੇਰੇ,
ਇਕ ਛਿਨ ਵਿਚ ਉਹਦੇ ਭਰਤੇ ਭੰਡਾਰੇ ਨੇ।
ਮਿਹਰ ਵਾਲੀ ਨਿਗ੍ਹਾ ਕਰ ਕੰਗਲੇ ਬਨਾਏ ਰਾਜੇ,
ਲੱਖਾਂ ਹੀ ਸੁਦਾਮਿਆਂ ਦੇ ਮਹਿਲ ਤੂੰ ਉਸਾਰੇ ਨੇ।
ਨਦਰੋ ਹੀ ਨਦਰ ਨਿਹਾਲ ਕੀਤਾ ਰਾਜੇ ਤਾਈਂ,
ਨਾਮ ਅਤੇ ਬਾਣੀ ਵਾਲੇ ਛੱਟੇ ਵੀ ਖਲਾਰੇ ਨੇ।
ਹਾਕੀ ਵਾਲੀ ਟੀਮ ਵੀ ਤਿਆਰ ਕੀਤੀ ਤੁਸਾਂ ਪੀਆ,
ਦੇਸਾਂ ਪਰਦੇਸਾਂ ਵਿਚ ਮਾਨ ਜਿਨ੍ਹਾ ਪਾਏ ਨੇ।
ਰਾਗੀਆਂ ਦੇ ਜਥੇ ਵੀ ਤਿਆਰ ਕੀਤੇ ਭੈਣੀ ਸਾਹਿਬ,
ਪੱਕੇ ਰਾਗਾਂ ਵਿਚ ਜਿਨ੍ਹਾਂ ਨਾਮਣੇ ਕਮਾਏ ਨੇ।
ਜਿਨ੍ਹਾਂ ਤਾਈਂ ਕਦੇ ਵੀ ਨਾ ਸਾਈਕਲ ਨਸੀਬ ਹੋਇਆ,
ਲੱਖਾਂ ਹੀ ਗਰੀਬ ਤੁਸਾਂ ਕਾਰਾਂ 'ਚ ਬਠਾਏ ਨੇ।
ਰਾਜ਼ੇ ਦੀ ਜ਼ੁਬਾਨ ਇਕ ਕਰੇ ਕੀ ਸਿਫ਼ਤ ਤੇਰੀ,
ਸਹਿਸ ਫੱਨੀ ਕੋਲੋਂ ਵੀ ਨਾ ਗਏ ਗੀਤ ਗਾਏ ਨੇ।

ਐਲਨਾਬਾਦ

.ਗ਼ਜ਼ਲ

—ਸਿਰੀ ਰਾਮ ਅਰਸ਼

ਉਸਦੇ ਅਦਭੁਤ ਰੂਪ ਦਾ ਹਰ ਇੱਕ ਬਸ਼ਰ ਚਾਹਵਾਨ ਹੈ।
ਜਿਸ ਨੂੰ ਮਿਲਿਆ ਪੁਰਖਿਆਂ 'ਤੋਂ ਨੂਰ ਦਾ ਵਰਦਾਨ ਹੈ।
ਜਿਸ ਨੇ ਛੈਣੀ ਨਾਲ ਪੱਥਰ 'ਚੋਂ ਉਦ੍ਹਾ ਘੜਿਆ ਵਜੂਦ,
ਓਸਨੂੰ ਪੂਜੋ ਜੋ ਉਸ ਭਗਵਾਨ ਦਾ ਭਗਵਾਨ ਹੈ।
ਅੰਨ੍ਹਿਆਂ ਨੂੰ ਕਹਿ ਰਹੇ ਹਨ ਦਾਨ ਅੱਖਾਂ ਦਾ ਕਰੋ,
ਏਸ ਇੱਕੀਵੀਂ ਸਦੀ ਦਾ ਇਹ ਵਿਲੱਖਣ ਦਾਨ ਹੈ।
ਵੇਚ ਕੇ ਘਰ ਬਾਰ ਆਪਣਾ ਪਾਲਣਾ ਕੀਤੀ ਜਿਦ੍ਹੀ,
ਵੇਖ ਲੈ ਮੇਰੇ 'ਤੇ ਉਹ ਵੀ ਕਰ ਰਿਹਾ ਅਹਿਸਾਨ ਹੈ।
ਤੋੜ ਤੀਕਣ ਜੋ ਮੁਹੱਬਤ ਨੂੰ ਨਿਭਾ ਸਕਦਾ ਨਹੀਂ,
ਫੇਰ ਕਿਉਂ ਉਹ ਸ਼ਖ਼ਸ ਏਥੇ ਪਿਆਰ ਦਾ ਚਾਹਵਾਨ ਹੈ?
ਉਸ ਵਿਲੱਖਣ ਸੋਚ-ਪ੍ਰਣਾਲੀ 'ਤੇ ਹੈ ਮੈਨੂੰ ਯਕੀਨ,
ਜੋ ਸਮਾਜਿਕ ਇਨਕਲਾਬਾਂ ਦੀ ਰਹੀ ਜਿੰਦ-ਜਾਨ ਹੈ।
ਘੋਖਣਾ ਪੈਣਾ ਹੈ ਉਸਨੂੰ, ਦੇਸ਼ ਦੇ ਇਤਿਹਾਸ ਨੂੰ,
'ਅਰਸ਼' ਜੋ ਵਿਦਵਾਨ ਰਹਿੰਦਾ ਗਿਆਨ ਦਾ ਮਹਿਮਾਨ ਹੈ।

ਲੋਚਾ

—ਪ੍ਰਿੰ. ਕਰਤਾਰ ਸਿੰਘ ਕਾਲੜਾ

ਸੱਜਣਾ ਵੇ,
ਅੱਜ ਮੌਸਿਮ ਨਿਖਰੇ ਨਿਖਰੇ,
ਨਿਥਰੇ ਪਾਣੀ
ਅੱਜ ਝੀਲਾਂ ਦੇ,
ਵੱਗਣ ਸਮੀਰੀ 'ਵਾਵਾਂ,
ਹੁਣ ਤਾਂ ਸੱਜਣਾ
ਇਕੋ ਲੋਚਾ-
ਤੇਰੇ ਰੰਙ ਰੰਙ ਜਾਵਾਂ-
ਬਸ ਪਲਟੇ ਕਾਇਆਂ!

੨੨੪, ਪਾਂਡੂਸਰ, ਨਾਭਾ-੧੪੭੨੦੧,
ਮੋ-੯੪੯੪੦-੮੮੯੯੮



ਖ਼ਬਰਨਾਮਾ

ਮਾਤਾ ਕ੍ਰਿਪਾਲ ਕੌਰ ਭੱਟੀ ਨਮਿਤ ਸ਼ਰਧਾਂਜਲੀ ਸਮਾਗਮ

ਸਾਊਥਹਾਲ-(੧੫ ਜੁਲਾਈ) ਅੱਜ ਇਥੇ ਮਾਤਾ ਕ੍ਰਿਪਾਲ ਕੌਰ ਭੱਟੀ ਦੀ ਯਾਦ ਵਿਚ ਕੀਰਤਨ ਕੀਤਾ ਗਿਆ ਅਤੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਮਾਤਾ ਜੀ ਪਿਛਲੇ ਛੱਤੀ ਕੁ ਸਾਲਾਂ ਤੋਂ ਆਪਣੇ ਪਰਿਵਾਰ ਸਹਿਤ ਕੀਨੀਆ ਤੋਂ ਆ ਕੇ ਯੂ. ਕੇ ਵਿਚ ਰਹਿ ਰਹੇ ਸਨ। ਉਹਨਾਂ ਦੇ ਪਿਤਾ ਸਰਦਾਰ ਠਾਕੁਰ ਸਿੰਘ ਸ਼ਾਹ (ਸੱਗੂ), ੧੯੦੦ ਈ. ਵਿਚ ਹੀ ਰੋਜ਼ੀ ਰੋਟੀ ਦੀ ਭਾਲ ਵਿਚ ਹਿਦੁਸਤਾਨ ਤੋਂ ਈਸਟ ਅਫਰੀਕਾ ਗਏ ਸਨ। ਬੀਬੀ ਕ੍ਰਿਪਾਲ ਕੌਰ ਦਾ ਈ. ੧੯੨੩ ਦਾ ਅਫਰੀਕਾ ਦਾ ਹੀ ਜਨਮ ਹੈ। ਸ਼ਾਹ ਜੀ ਦੀ ਆਪਣੀ ਬਿਜਲੀ ਦੇ ਕੰਮ ਦੀ ਵਰਕਸ਼ਾਪ ਸੀ। ਇੱਥੇ ਹੀ ਬੀਬੀ ਕ੍ਰਿਪਾਲ ਕੌਰ ਦੀ ਸ਼ਾਦੀ ਸਰਦਾਰ ਰਘੁਬੀਰ ਸਿੰਘ ਭੱਟੀ ਨਾਲ ਹੋਈ। ਇਹ ਪਰਿਵਾਰ ਨਾਮਧਾਰੀਪੁਣੇ ਵਿਚ ਵਿਸ਼ਵਾਸ ਰੱਖਦਾ ਸੀ। ਬੀਬੀ ਕ੍ਰਿਪਾਲ ਕੌਰ ਆਪਣੀ ਜਠਾਣੀ ਬੀਬੀ ਬਲਵੰਤ ਕੌਰ ਬਾਠਾਂ ਵਾਲੇ (ਪਾਕਿਸਤਾਨ) ਦੇ ਪ੍ਰਭਾਵ ਹੇਠ ਨਾਮਧਾਰੀ ਰਹਿਤ ਮਰਿਆਦਾ ਦੇ ਧਾਰਨੀ ਬਣੇ। ਆਪਣੀ ਲਗਨ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਵਧੀਆ ਪਾਠੀਆਂ ਵਿਚੋਂ ਗਿਣੇ ਜਾਂਦੇ ਸਨ। ਸਤਿਗੁਰੂ ਜੀ ਦੇ ਯੂ. ਕੇ. ਦੇ ਦੌਰਿਆਂ ਸਮੇਂ ਉਹ ਬੜੇ ਚਾਅ ਨਾਲ ਸੇਵਾ ਕਰਦੇ ਸਨ। ਉਹਨਾਂ ਆਪਣੇ ਪੰਜਾਂ ਲੜਕਿਆਂ ਤੇ ਦੋਹਾਂ ਲੜਕੀਆਂ ਦੇ ਆਨੰਦ-ਕਾਰਜ ਨਾਮਧਾਰੀ ਰਹਿਤ ਮਰਿਆਦਾ ਅਨੁਸਾਰ ਹੀ ਕੀਤੇ। ਪੋਤਰਿਆਂ-ਪੜਪੋਤਿਆਂ ਵਾਲਾ ਉਹਨਾਂ ਦਾ ਇਹ ਬੜਾ ਵੱਡਾ ਪਰਿਵਾਰ ਹੈ।

ਪੱਚੀ ਕੁ ਸਾਲ ਪਹਿਲਾਂ ਸੰਤ ਰਘੁਬੀਰ ਸਿੰਘ ਦੇ ਗੁਜ਼ਰ ਜਾਣ ਪਿੱਛੋਂ ਉਹਨਾਂ ਭਾਣੇ ਨੂੰ ਮਿੱਠਾ ਕਰ ਕੇ ਮੰਨਿਆ ਅਤੇ ਪਰਿਵਾਰ ਨੂੰ ਸੰਗਠਿਤ ਰੱਖਿਆ। ਮਾਤਾ ਕ੍ਰਿਪਾਲ ਕੌਰ ਭੱਟੀ ੪ ਜੁਲਾਈ ੨੦੧੨ ਈ. ਨੂੰ ਆਪਣੀ ਸੰਸਾਰ ਯਾਤਰਾ ਪੂਰੀ ਕਰ ਗਏ। ਉਹਨਾਂ ਦੀ ਯਾਦ ਵਿਚ ਰੱਖੇ ਪਾਠ ਦਾ ਭੋਗ ਸਾਊਥਹਾਲ (ਯੂ. ਕੇ) ਨਾਮਧਾਰੀ ਸਿੱਖ ਸੈਂਟਰ ਵਿਚ ਪਾਇਆ ਗਿਆ। ਉਸਤਾਦ ਹਰਭਜਨ ਸਿੰਘ ਅਠਾਂ ਸਿੰਘਾਂ ਦੇ ਜੱਥੇ ਨੇ, ਹਰਿ ਕਾ ਨਾਮ ਰਿਦੈ ਨੀਤ ਧਿਆਈ, ਰਾਮ ਸਿਮਰ ਰਾਮ ਸਿਮਰ ਇਹੈ ਤੇਰਾ ਕਾਜ ਹੈ ਆਦਿ ਸ਼ਬਦ ਗਾਇਨ ਕੀਤੇ। ਮਾਤਾ ਜੀ ਨੂੰ ਕਿਸੇ ਨੇ ਮਾਸੀ ਜੀ, ਕਿਸੇ ਨੇ ਭੂਆ ਜੀ, ਕਿਸੇ ਨੇ ਚਾਚੀ ਜੀ, ਕਿਸੇ ਨੇ ਸਾਧੂ ਸੁਭਾਅ ਮਾਤਾ ਜੀ ਕਹਿ ਕੇ ਉਹਨਾਂ ਦੇ ਗੁਣਾਂ ਬਾਰੇ ਦੱਸਿਆ। ਉਹਨਾਂ ਨੂੰ ਸ਼ਰਧਾਂਜਲੀ ਦੇਣ ਵਾਲਿਆਂ ਵਿਚ ਬੀਬੀ ਹਰਭਜਨ ਕੌਰ ਚਾਨਾ, ਬੀਬੀ ਚਰਨਜੀਤ ਕੌਰ, ਸੰਤ ਸੁਖਪਾਲ ਸਿੰਘ ਭੱਟੀ, ਪ੍ਰਧਾਨ ਗੁਰਤੇਜ ਪਾਲ ਸਿੰਘ ਚਾਨਾ, ਪ੍ਰੋ. ਤਾਰਾ ਸਿੰਘ ਅਨਜਾਣ ਆਦਿ ਸਨ। ਅਜੀਤ ਸਿੰਘ ਨੇ ਸਟੇਜ ਸਕੱਤਰ ਵਜੋਂ ਜ਼ਿੰਮੇਵਾਰੀ ਸੁਚੱਜੇ ਢੰਗ ਨਾਲ ਨਿਭਾਈ। ਅਰਦਾਸ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ।

—ਸੱਤਪਾਲ ਸਿੰਘ ਭੁੱਲਰ

ਡਲਹੌਜ਼ੀ ਵਿਖੇ ਨਾਵਲ ਸੰਵਾਦ ਗੋਸ਼ਟੀ

ਡਲਹੌਜ਼ੀ- ਅਦਾਰਾ 'ਪ੍ਰਵਚਨ' ਤੇ ਬੀਬੀ ਸਵਰਨ ਕੌਰ ਟਰੱਸਟ ਵਲੋਂ ਆਪਣੀ ਅੱਠਵੀਂ ਸੰਵਾਦ ਗੋਸ਼ਟੀ, ਇਸ ਵਾਰ ਪੰਜ ਨਾਵਲਾਂ 'ਤੇ ਚਰਚਾ ਦੇ ਰੂਪ 'ਚ ਇਥੋਂ ਦੇ ਮੇਹਰ ਹੋਟਲ ਵਿਚ ਪ੍ਰਵਾਨ ਚੜ੍ਹੀ। ਡਾ. ਰਜਨੀਸ਼ ਬਹਾਦਰ ਸਿੰਘ ਅਨੁਸਾਰ, "ਇਸਦਾ ਮਕਸਦ ਹੈ ਸਮਕਾਲੀ ਪੰਜਾਬੀ ਨਾਵਲ ਬਾਰੇ ਨਿੱਠ ਕੇ ਸੰਵਾਦ ਤੇ ਪ੍ਰਤੀਨਿਧ ਧੁਨੀਆਂ ਨੂੰ ਪਛਾਣਨ ਦਾ ਯਤਨ। ਇਸ ਅਨੁਸਾਰ ਹੀ ਗੋਸ਼ਟੀ ਲਈ ਨਾਵਲ ਚੁਣੇ ਗਏ ਹਨ।" ਇਹ ਨਾਵਲ ਸਨ : ਕਥਾ ਇਸ ਯੁੱਗ ਦੀ (ਬਲਬੀਰ ਪਰਵਾਨਾ), ਯੁੱਗ ਅੰਤ (ਮਨਮੋਹਨ ਬਾਵਾ), ਮਾਤ ਲੋਕ (ਜਸਵਿੰਦਰ ਸਿੰਘ), ਪੱਤ ਕੁਮਲਾ ਗਏ (ਅਵਤਾਰ ਸਿੰਘ ਬਿਲਿੰਗ) ਤੇ ਗੈਲਰੀ ਸ਼ਹੀਦਾਂ (ਦਰਸ਼ਨ ਸਿੰਘ)। ਇਹਨਾਂ ਨਾਵਲਾਂ ਉੱਪਰ ਕ੍ਰਮ ਅਨੁਸਾਰ ਹਰਵਿੰਦਰ ਭੰਡਾਲ, ਡਾ. ਮਹਿਲ ਸਿੰਘ, ਡਾ. ਹਰਸਿਮਰਤ ਰੰਧਾਵਾ, ਪ੍ਰੋ. ਕੁਲਵੰਤ ਸਿੰਘ ਸੰਧੂ ਤੇ ਰਾਜਪਾਲ ਸਿੰਘ ਨੇ ਪਰਚੇ ਪੜ੍ਹੇ। ਸਮੁੱਚੀ ਗੋਸ਼ਟੀ ਨੂੰ ਸੱਤ ਸੈਸ਼ਨਾਂ ਵਿਚ ਵੰਡਿਆ ਗਿਆ ਸੀ। ੨ ਸਤੰਬਰ ਨੂੰ ਸ਼ੁਰੂ ਹੋਏ ਪਹਿਲੇ ਸੈਸ਼ਨ ਵਿਚ ਡਾ. ਰਜਨੀਸ਼ ਬਹਾਦਰ ਸਿੰਘ ਨੇ ਪਰਚਾ ਪੜ੍ਹਿਆ

'ਸਮਕਾਲੀ ਪੰਜਾਬੀ ਨਾਵਲ : ਬਦਲਦੇ ਪਰਿਪੇਖ'। ਇਸ ਵਿਚ ਪੰਜਾਬੀ ਨਾਵਲ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਦੇ ਸਫਰ ਉੱਪਰ ਸੰਖੇਪ ਝਾਤ ਪਾਈ ਗਈ। ਇਸ ਪਰਚੇ ਉੱਪਰ ਬਹਿਸ ਉਪਰੰਤ ਚੁਣੇ ਗਏ ਪੰਜ ਨਾਵਲਾਂ 'ਤੇ ਪੰਜ ਸੈਸ਼ਨ ਹੋਏ। ਹਰ ਨਾਵਲ ਬਾਰੇ ਪਹਿਲਾਂ ਪਰਚਾ ਪੜ੍ਹਿਆ ਜਾਂਦਾ, ਫਿਰ ਲੇਖਕ ਨਾਵਲ ਦੀ ਸਿਰਜਣ ਪ੍ਰਕਿਰਿਆ ਬਾਰੇ ਪੜ੍ਹਦਾ ਤੇ ਉਪਰੰਤ ਹਾਜ਼ਰ ਵਿਦਵਾਨ ਨਿੱਠ ਕੇ ਚਰਚਾ ਕਰਦੇ। ਹਾਜ਼ਰ ਨਾਵਲਕਾਰਾਂ ਤੇ ਪਰਚਾਕਾਰਾਂ ਤੋਂ ਬਿਨਾਂ 'ਪ੍ਰਵਚਨ' ਦੇ ਸੰਪਾਦਕ ਡਾ. ਰਜਨੀਸ਼ ਬਹਾਦਰ ਸਿੰਘ ਤੇ ਬੀਬੀ ਸਵਰਨ ਕੌਰ ਟਰੱਸਟ ਦੇ ਕਨਵੀਨਰ ਜਸ ਮੰਡ ਨੇ ਜਿੱਥੇ ਬਹਿਸ 'ਚ ਭਾਗ ਲਿਆ, ਉੱਥੇ ਬਹਿਸ ਨੂੰ ਦਿਸ਼ਾ ਦੇਣ ਦੀ ਕੋਸ਼ਿਸ਼ ਵੀ ਕਰਦੇ ਰਹੇ। ਡਾ. ਜਨਮੀਤ ਨੇ ਬਹੁਤ ਸਾਰੇ ਸੈਸ਼ਨਾਂ 'ਚ ਬਹਿਸ ਦੀ ਸ਼ੁਰੂਆਤ ਜਾਂ ਸਮੇਟਣ ਦਾ ਕਾਰਜ ਬਾਖੂਬੀ ਨਿਭਾਇਆ। ਵੱਖ-ਵੱਖ ਸੈਸ਼ਨਾਂ ਵਿਚ ਟੁੱਟਵੇਂ ਰੂਪ 'ਚ ਸ੍ਰੀ ਬਲਦੇਵ ਖੋਸਲਾ, ਸ੍ਰੀ ਸੁਖਦੇਵ ਸਿੰਘ ਬਾਵਾ, ਡਾ. ਪਰਮਜੀਤ ਖੁਰਾਣਾ, ਡਾ. ਅਮਰਜੀਤ ਖੁਰਾਣਾ, ਸ੍ਰੀ ਮਨਿੰਦਰ ਸਿੰਘ ਗੁੰਚਾਸਿਧਾਰਥ, ਜਯਾ ਚੌਧਰੀ ਤੇ ਡੀ ਔਨ ਚੌਧਰੀ ਨੇ ਵੀ ਸੰਵਾਦ 'ਚ ਹਿੱਸਾ ਪਾਇਆ। ਭਗਵੰਤ ਰਸੂਲਪੁਰੀ ਨੇ ਸਾਰੀ ਗੋਸ਼ਟੀ ਦੀ ਫੋਟੋਗ੍ਰਾਫੀ ਕੀਤੀ। ਇਹ ਸਮੁੱਚੀ ਸੰਵਾਦ-ਗੋਸ਼ਟੀ ਨੂੰ ਪਰਚਿਆਂ, ਸਿਰਜਣ ਪ੍ਰਕਿਰਿਆ ਤੇ ਬਹਿਸ ਸਮੇਤ 'ਪ੍ਰਵਚਨ' ਆਗਾਮੀ (ਜਨਵਰੀ-ਮਾਰਚ ੧੩) ਅੰਕ ਵਿਚ ਛਾਪਿਆ ਜਾਵੇਗਾ।

—ਭਗਵੰਤ ਰਸੂਲਪੁਰੀ

ਜੰਮੂ ਵਿਖੇ ਜੱਪ ਪ੍ਰਯੋਗ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕ੍ਰਿਪਾ ਨਾਲ ੬ ਸਤੰਬਰ ੨੦੧੨ ਨੂੰ ਨਾਮਧਾਰੀ ਗੁਰਦੁਆਰਾ ਸੰਤ ਮਾਰਕੀਟ, ਜੰਮੂ ਵਿਖੇ ਅੰਮ੍ਰਿਤ ਵੇਲੇ ੪ ਵਜੇ ਜੱਪ ਪ੍ਰਯੋਗ ਦਾ ਆਰੰਭ ਹੋਇਆ। ਜਿਸਦੀ ਸਮਾਪਤੀ ੧੨ ਅਕਤੂਬਰ ੨੦੧੨ ਨੂੰ ਹੋਈ। ਏਸ ਸਾਲ ਭਾਰੀ ਗਿਣਤੀ ਵਿਚ ਸਾਧ ਸੰਗਤ ਨੇ ਭਾਗ ਲਿਆ। ਗੁਰਦੁਆਰੇ ਦਾ ਹਾਲ ਪੂਰੀ ਤਰ੍ਹਾਂ ਭਰ ਜਾਂਦਾ ਰਿਹਾ। ਆਸਾ ਜੀ ਦੀ ਵਾਰ ਦੇ ਕੀਰਤਨ ਦੀ ਸੇਵਾ ਸੰਤ ਚਰਨ ਸਿੰਘ, ਗੁਰਦੇਵ ਸਿੰਘ, ਅਮਰੀਕ ਸਿੰਘ ਜੀ ਨੇ ਜਥੇ ਸਹਿਤ ਕੀਤੀ। ੯ ਸਤੰਬਰ ਨੂੰ ਦਸਤਾਰ ਬੰਦੀ ਪੁਰਬ ਤੇ ੧੪ ਸਤੰਬਰ ਨੂੰ ਮਾਤਾ ਭੁਪਿੰਦਰ ਕੌਰ ਯਾਦ ਮੇਲਾ ਮਨਾਇਆ ਗਿਆ। ਮੇਲਿਆਂ ਤੇ ਦੋ ਸਾਧਾਰਣ ਪਾਠਾਂ ਦੇ ਭੋਗ ਪਾਏ ਗਏ। ਅਰਦਾਸ ਸੰਤ ਕਰਮ ਸਿੰਘ ਜੀ ਨੇ ਕੀਤੀ।

ਭਾਰਤ ਦੇ ਵਿਤ ਮੰਤਰੀ ਦੁਆਰਾ ਨਾਮਧਾਰੀ ਲਹਿਰ ਸੰਬੰਧੀ ਯਾਦਗਾਰੀ ਸਿੱਕੇ ਰਲੀਜ਼

ਨਵੀਂ ਦਿੱਲੀ-ਅੱਜ ਏਥੇ ਭਾਰਤ ਦੇ ਵਿਤ ਮੰਤਰੀ ਸ਼੍ਰੀ ਪੀ. ਚਿਦੰਬਰਮ ਨੇ ਨਾਮਧਾਰੀ ਲਹਿਰ (ਕੂਕਾ ਮੂਵਮੈਂਟ) ਦੇ ੧੫੦ ਸਾਲਾ ਯਾਦਗਾਰੀ ਸਮਾਗਮ ਵਿਚ ੧੦੦ ਰੁਪਏ ਅਤੇ ੫ ਰੁਪਏ ਦੇ ਸਿੱਕੇ ਰਲੀਜ਼ ਕੀਤੇ ਅਤੇ ਇਹਨਾਂ ਸਿੱਕਿਆਂ ਦਾ ਪਹਿਲਾ ਸੈਟ ਨਾਮਧਾਰੀ ਪੰਥ ਦੇ ਵਰਤਮਾਨ ਰਹਿਬਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਹਿਲ ਮਾਤਾ ਚੰਦ ਕੌਰ ਜੀ ਨੂੰ ਭੇਟ ਕੀਤਾ। ਇਹਨਾਂ ਸਿੱਕਿਆਂ ਨੂੰ ਤਿਆਰ ਕਰਵਾਉਣ ਤੋਂ ਰਿਲੀਜ਼ ਕਰਨ ਤਕ ਸੰਤ ਸੁਰਿੰਦਰ ਸਿੰਘ ਨਾਮਧਾਰੀ ਦੀ ਮਿਹਨਤ ਭਜ ਨੱਸ ਵੱਡਮੁਲੀ ਹੈ।

ਇਸ ਸਮੇਂ ਆਏ ਪਤਵੰਤੇ ਸੱਜਣਾਂ ਵਿਚੋਂ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਸ. ਤਰਲੋਚਨ ਸਿੰਘ ਨੇ ਨਾਮਧਾਰੀ ਲਹਿਰ ਦੇ ਸ਼ਾਨਾਮੱਤੇ ਇਤਿਹਾਸ ਬਾਰੇ ਭਰਪੂਰ ਜਾਣਕਾਰੀ ਦਿੱਤੀ ਅਤੇ ਕਿਹਾ ਕੂਕਾ ਮੂਵਮੈਂਟ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ੧੮੫੭ ਵਿਚ ਦੇਸ਼ ਦੀ ਆਜ਼ਾਦੀ ਲਈ ਅਹਿੰਸਾ, ਸੁਦੇਸ਼ੀ ਅਤੇ ਸਰਕਾਰ ਖਿਲਾਫ ਨਾ ਮਿਲਵਰਤਨ ਦਾ ਪ੍ਰੋਗਰਾਮ ਲੈ ਕੇ ਚੱਲੀ ਸੀ।

ਸ਼੍ਰੀ ਪੀ. ਚਿਦੰਬਰਮ ਨੇ ਕਿਹਾ ਕਿ ੧੯ਵੀਂ ਸਦੀ ਵਿਚ ਬਰਤਾਨਵੀ ਹਕੂਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਉਹਨਾਂ ਦੀ ਸਰਕਾਰ ਲਈ ਸਭ ਤੋਂ ਵੱਧ ਖਤਰਨਾਕ ਵਿਅਕਤੀ ਸਮਝਦੀ ਸੀ ਇਸੇ ਕਰਕੇ ਆਪ ਨੂੰ ਦੇਸ਼ ਨਿਕਾਲਾ ਦਿੱਤਾ ਗਿਆ। ਨਾਮਧਾਰੀ ਸਿੰਘਾਂ ਨੇ ਸ਼ਹੀਦੀਆਂ ਦੇ ਕੇ ਦੇਸ਼ ਦੀ ਆਜ਼ਾਦੀ ਦੀ ਲੜਾਈ ਲੜੀ। ਇਨਸਾਈਕਲੋਪੀਡੀਆ ਬ੍ਰਿਟੇਨਿਕਾ ਵਿਚ ਲਿਖਿਆ ਹੈ ਕਿ ਅੰਗਰੇਜ਼ੀ ਵਪਾਰ ਖਿਲਾਫ ਨਾਮਿਲਵਰਤਨ ਤੋਂ ਰਾਜਨੀਤਕ ਹਥਿਆਰ ਵਜੋਂ ਵਰਤਣ ਵਾਲਾ ਪਹਿਲਾ ਭਾਰਤੀ ਸੀ। ਦੇਸ਼ ਨੂੰ ਕੂਕਾ ਮੂਵਮੈਂਟ ਦੀਆਂ ਕੁਰਬਾਨੀਆਂ ਤੇ ਮਾਣ ਹੈ। ਐਸੀਆਂ ਕੁਰਬਾਨੀਆਂ ਕਰਕੇ ਹੀ ਭਾਰਤ ਆਜ਼ਾਦ ਹੋਇਆ।

ਅੱਜ ਦੇ ਇਸ ਯਾਦਗਾਰੀ ਸਮਾਗਮ ਵਿਚ ਪੰਜਾਬ ਦੇ ਬਹੁਤ ਸਾਰੇ ਪਾਰਲੀਮੈਂਟ ਦੇ ਮੈਂਬਰ, ਸਾਬਕਾ ਮੈਂਬਰ, ਕੂਕਾ ਸ਼ਹੀਦ ਯਾਦਗਾਰੀ ਟ੍ਰਸਟ ਦੇ ਮੈਂਬਰ, ਵਿਤ ਮੰਤਰਾਲੇ ਦੇ ਸੀਨੀਅਰ ਮੈਂਬਰ, ਸ੍ਰੀ ਸਤਿਗੁਰੂ ਜੀ ਦੇ ਪਰਵਾਰ ਦੇ ਮੈਂਬਰ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਹੋਏ।

ਪ੍ਰਤੀਕਿਰਿਆ

ਤੁਹਾਡੇ ਫੋਨ ਨੇ 'ਵਰਿਆਮ' ਦਾ ਇੰਤਜ਼ਾਰ ਬੇਸਬਰੀ ਨਾਲ ਕਰਨ ਲਈ ਮਜ਼ਬੂਰ ਕਰ ਦਿੱਤਾ। ਪਰ ਉਧਰ ਪਤਾ ਨਹੀਂ ਪਰਚਾ ਮੇਰਾ ਇਮਤਿਹਾਨ ਲੈਣ ਲਈ ਲੇਟ ਹੋ ਗਿਆ। ਖੈਰ ਕਿਸੇ ਮਿੱਤਰ ਦੀ ਮਿਹਰਬਾਨੀ ਨਾਲ ਵਰਿਆਮ ਦਾ ਪਰਚਾ ਉਧਾਰ ਲੈ ਕੇ ਪੜ੍ਹਿਆ। ਮਨ ਤਾਂ ਖੁਸ਼ ਹੋਣਾ ਹੀ ਸੀ। ਉਹ ਤਾਂ ਤੁਹਾਡੇ ਫੋਨ ਨੇ ਹੀ ਕਰ ਦਿੱਤਾ ਸੀ। ਬਾਕੀ ਤੁਸੀਂ ਮੈਨੂੰ ਜਾਂ ਮੇਰੀ ਲਿਖਤ ਨੂੰ ਜੋ ਮਾਣ ਬਖਸ਼ਿਆ ਹੈ ਉਸ ਲਈ ਆਪ ਜੀ ਦਾ ਅਤੀ ਧੰਨਵਾਦੀ ਹਾਂ। ਤੇ ਆਸ ਕਰਦਾ ਹੈ ਕਿ ਏਸੇ ਤਰਾਂ ਇਸ ਨਿਮਾਣੇ ਜਿਹੇ ਲੇਖਕ ਨੂੰ ਅਤੇ ਹੋਰ ਸਾਹਿਤਕ ਮਿੱਤਰਾਂ ਨੂੰ ਉਤਸ਼ਾਹਤ ਕਰਦੇ ਰਹੋਗੇ।

ਹੁਣ ਮੈਂ ਪਰਚੇ ਦੀ ਸਿਫਤ ਕਰਾਂ ਤਾਂ ਮੇਰੀ ਆਪਣੀ ਵੀ ਹੋਵੇਗੀ ਇਸ ਲਈ ਇਸ ਗੱਲ ਤੋਂ ਅਜੇ ਸੰਕੋਚ ਕਰ ਰਿਹਾ ਹਾਂ। ਵੈਸੇ ਪਰਚੇ ਦਾ ਮਿਆਰ ਦਿਨੋ ਦਿਨ ਨਿਖਰਦਾ ਜਾ ਰਿਹਾ ਹੈ। ਸ੍ਰੀ ਸਤਿਗੁਰੂ ਜੀ ਕ੍ਰਿਪਾ ਕਰਨ, ਏਸੇ ਤਰ੍ਹਾਂ ਹੀ ਵਰਿਆਮ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹੇ। ਆਪ ਜੀ ਦਾ ਦੁਬਾਰਾ ਧੰਨਵਾਦ ਕਰਦਾ ਹੋਇਆ ਇਹ ਲਾਈਨਾਂ ਲਿਖਣ ਤੋਂ ਆਪਣੇ ਆਪ ਨੂੰ ਕਿਵੇਂ ਰੋਕਾਂ।

ਬੰਦ ਅਕਲ ਦੇ ਜਿੰਦਰੇ-ਖੋਹਲ ਜਾਂਦਾ
ਜਦੋਂ ਜਦੋਂ ਵੀ ਆਵੇ ਪੈਗਾਮ ਤੇਰਾ।
ਵਾਹ ਜਗਦੀਸ਼ ਵਰਿਆਮ, ਵਰਿਆਮ ਮਰਦਾ,
ਚੜ੍ਹਦੀ ਕਲਾ ਵਿਚ ਰਹੇ ਵਰਿਆਮ ਤੇਰਾ।

—ਲਖਵਿੰਦਰ ਸਿੰਘ ਬਾਜਵਾ
ਜਗਜੀਤ ਨਗਰ (ਹਰੀਪੁਰਾ)
ਸਿਰਸਾ (ਹਰਿਆਣਾ)-੦੯੪੧੬੭੩੪੫੦੯

ਅਕਤੂਬਰ ਮਹੀਨੇ ਦਾ ਵਰਿਆਮ ਮਿਲਿਆ। ਸੰਪਾਦਕੀ ਪੜ੍ਹਨ ਤੇ ਪਤਾ ਲੱਗਾ ਕਿ ਨਵੰਬਰ ਮਹੀਨੇ ਵਿਚ ਦੋ ਜਨਮ ਦਿਹਾੜੇ ਆ ਰਹੇ ਹਨ। ਇਕ ਜਨਮ ਦਿਹਾੜਾ 'ਵਰਿਆਮ' ਮਹੀਨੇ ਵਾਰ ਦਾ ਤੇ ਦੂਜਾ ਪ੍ਰਕਾਸ਼ ਉਤਸਵ ਸਤਿਗੁਰੂ ਜਗਜੀਤ ਸਿੰਘ ਜੀ ਦਾ। ਵਰਿਆਮ ਦੇ ਪਾਠਕਾਂ ਅਤੇ ਨਾਮਧਾਰੀ ਸੰਗਤ ਨੂੰ ਬਹੁਤ ਬਹੁਤ ਮੁਬਾਰਕ!

ਜਗਦੀਸ਼ ਸਿੰਘ ਵਰਿਆਮ ਜੀ ਨੂੰ ਖਾਸ ਕਰਕੇ। ਕਿਉਂਕਿ 'ਵਰਿਆਮ' ਦਾ ਜੁਆਨੀ ਤੱਕ ਪਹੁੰਚਣਾ ਸੰਤ ਜੀ ਦੀ ਮਿਹਨਤ ਤੇ ਲਗਨ ਦਾ ਹੀ ਨਤੀਜਾ ਹੈ। ਪਿਛਲੇ ੩੭ ਸਾਲਾਂ ਤੋਂ ਉਹ ਨਿਰਵਿਘਨ ਪਰਚੇ ਨੂੰ ਸਮੇਂ ਸਿਰ ਪਾਠਕਾਂ ਤੱਕ ਪਹੁੰਚਦਾ ਕਰ ਰਹੇ ਹਨ। ਪਿਛਲੇ ਦੋ ਕੁ ਸਾਲਾਂ ਤੋਂ ਉਨ੍ਹਾਂ ਦੀ ਸਿਹਤ ਵੀ ਕੁਝ ਠੀਕ ਨਹੀਂ ਰਹਿੰਦੀ ਅਤੇ ਕੁਝ ਸਮੇਂ ਤੋਂ ਉਨ੍ਹਾਂ ਦੀ ਜੀਵਨ ਸਾਥਣ ਵੀ ਬਿਮਾਰੀ ਨਾਲ ਜੂਝ ਰਹੇ ਹਨ। ਫਿਰ ਵੀ ਵਰਿਆਮ ਜੀ ਵਰਿਆਮ ਨੂੰ ਸਿਦਕ ਦਿੱਲੀ ਨਾਲ ੨੮ ਤਾਰੀਖ ਨੂੰ ਡਾਕੇ ਪਾ ਹੀ ਦਿੰਦੇ ਹਨ। ਬੇਸ਼ਕ ਆਰਥਿਕ ਸੰਕਟ ਵੀ ਗੰਭੀਰ ਮਸਲਾ ਬਣਦਾ ਜਾ ਰਿਹਾ ਹੈ।

ਮੈਟਰ ਤਾਂ ਹਰ ਵਾਰ ਹੀ ਵਧੀਆ, ਪੜ੍ਹਣ ਤੇ ਵਿਚਾਰਨ ਵਾਲਾ ਹੁੰਦਾ ਹੈ। ਅਕਤੂਬਰ ਦੇ ਪਰਚੇ ਵਿਚ ਡਾ. ਹਰਸ਼ਿੰਦਰ ਕੌਰ ਵਲੋਂ ਬੋਲੀ ਦੇ ਮਰ ਜਾਣ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਹਨ।

ਸੱਚਮੁੱਚ ਹੀ ਘੱਟ ਗਿਣਤੀ ਦੀ ਵਸੋਂ ਦੀ ਜੁਵਾਨੀ ਨੂੰ ਢਾਅ ਲੱਗਦੀ ਜਾ ਰਹੀ ਹੈ। ਪੰਜਾਬੋਂ ਬਾਹਰ ਪੰਜਾਬੀ ਵੀ ਘੱਟ ਗਿਣਤੀ ਦੀ ਬੋਲੀ ਹੈ। ਹੁਣ ਤਾਂ ਮੈਨੂੰ ਡਰ ਹੈ ਕਿ ਪੰਜਾਬ ਵਿਚ ਜੋ ਅੰਗਰੇਜ਼ੀ ਸਕੂਲਾਂ ਦਾ ਹੜ੍ਹ ਆਇਆ ਹੈ, ਇਹ ਪੰਜਾਬੀ ਨੂੰ ਪੰਜਾਬ ਵਿਚ ਹੀ ਘੱਟ ਗਿਣਤੀਆਂ ਦੀ ਬੋਲੀ ਬਣਾ ਦੇਣਗੇ।

ਜ਼ੁਬਾਨ ਦਾ ਪਸਾਰ, ਲਿਖਣ ਤੇ ਪੜ੍ਹਣ ਨਾਲ ਹੀ ਹੁੰਦਾ ਹੈ। ਸਿਰਫ਼ ਕੋਈ ਜ਼ੁਬਾਨ ਬੋਲ ਲੈਣੀ ਮੇਰੇ ਹਿਸਾਬ ਨਾਲ ਕਿਸੇ ਰਿਕਾਰਡ ਵਿਚ ਨਹੀਂ ਆਉਂਦੀ। ਅੱਜ ਕੱਲ੍ਹ ਦੇ ਬਹੁਤੇ ਪੜ੍ਹੇ ਲਿਖੇ ਪੰਜਾਬੀ ਹੀ, ਪੰਜਾਬੀ ਲਿਖਣ-ਪੜ੍ਹਣ ਤੇ ਬੋਲਣ ਨੂੰ ਸਮੇਂ ਦੀ ਬਰਬਾਦੀ ਤੇ ਗਵਾਰਾਂ 'ਚ ਸ਼ਾਮਲ ਹੋਣਾ ਕਹਿੰਦੇ ਹਨ। ਅੰਗਰੇਜ਼ੀ ਸਕੂਲਾਂ ਵਿਚ ਪੰਜਾਬੀ ਬੋਲਣੀ ਮਨ੍ਹਾਂ ਹੈ। ਬੱਚਿਆਂ ਨੂੰ ਇਕ ਦੋ ਦੀ ਗਿਣਤੀ ਪੰਜਾਬੀ 'ਚ ਲਿਖਣੀ ਨਹੀਂ ਆਉਂਦੀ ਜਿਹੜੇ ਸੱਤਵੀਂ ਅੱਠਵੀਂ 'ਚ ਪੜ੍ਹਦੇ ਹਨ।

ਸਾਨੂੰ ਸਾਰਿਆਂ ਨੂੰ ਰਲ੍ਹ ਕੇ ਅੰਗਰੇਜ਼ੀਅਤ ਦਾ ਰੁਝਾਨ ਰੋਕਣਾ ਚਾਹੀਦਾ ਹੈ। ਤੇ ਹਰ ਕੋਸ਼ਿਸ਼ ਆਪਣੀ ਜ਼ੁਬਾਨ ਨੂੰ ਬਚਾਉਣ ਤੇ ਉਪਰ ਲਿਆਉਣ ਲਈ ਕਰਨੀ ਚਾਹੀਦੀ ਹੈ। ਇਸ ਕੰਮ ਲਈ ਪੰਜਾਬ ਸਰਕਾਰ ਨੂੰ ਵੀ ਸਖਤ ਕਦਮ ਚੁੱਕਣੇ ਚਾਹੀਦੇ ਹਨ।

—ਭੁਪਿੰਦਰ ਉਸਤਾਦ, ਗੋਬਿੰਦਗੜ੍ਹ, ਜਲੰਧਰ

ਆਪ ਜੀ ਦਾ ਵਰਿਆਮ ਦੱਸ ਦਿੰਦਾ ਹੈ ਕਿ ਨਵਾਂ ਮਹੀਨਾ ਚੜ੍ਹ ਗਿਆ ਹੈ। ਸਮੇਂ ਦੀ ਅਜਿਹੀ ਪਾਲਣਾ ਬਹੁਤ ਮੁਸ਼ਕਿਲ ਹੁੰਦੀ ਹੈ ਜੋ ਆਪ ਮੁੱਢ ਤੋਂ ਹੀ ਨਿਭਾ ਰਹੇ ਹੋ।

ਵਰਿਆਮ ਅਧਿਆਤਮਿਕਤਾ ਦਾ ਪੈਗ਼ਾਮ ਦੇਣ ਦੇ ਨਾਲ ਸਾਹਿਤਕ ਹਲਕਿਆਂ ਵਿਚ ਵੀ ਬਹੁਤ ਮਕਬੂਲ ਹੈ। ਇਹ ਆਪ ਦੀ ਸੰਪਾਦਨਾ ਦਾ ਕਮਾਲ ਹੈ।

—ਸਿਰੀ ਰਾਮ ਅਰਸ਼, ਚੰਡੀਗੜ੍ਹ

ਹਰ ਵਾਰੀ ਵਰਿਆਮ ਪੜ੍ਹਿਆ, ਸੁਆਦ-ਸੁਆਦ ਹੋ ਜਾਈਦਾ। ਸੰਧੂ ਜੀ ਦੇ ਹੱਡੀਂ ਹੰਢਾਏ ਅਨੁਭਵ, ਡਾ. ਹਰਸ਼ਿੰਦਰ ਕੌਰ ਦੇ ਬੀਬੀਆਂ ਤੇ ਹੋ ਰਹੀਆਂ ਵਧੀਕੀਆਂ ਦੀ ਕਲਮੀ ਤਸਵੀਰ ਅਤੇ ਵਿਰਕ ਹੋਰਾਂ ਰਾਹੀਂ ਪੇਸ਼ ਕੀਤਾ ਜਿਊਂਦਾ ਜਾਗਦਾ ਨਾਮਧਾਰੀ ਇਤਿਹਾਸ ਪਹਿਲ ਦੇ ਆਧਾਰ ਤੇ ਪੜ੍ਹ ਲਈਦਾ ਹੈ, ੨੮ ਅਕਤੂਬਰ ੨੦੧੨ ਦੇ ਅੰਕ ਵਿਚ

ਪਿਆਰਾ ਸਿੰਘ ਭੋਗਲ ਹੋਰਾਂ ਦਾ ਪ੍ਰਤੀਕਿਰਿਆ ਪਹਿਲਾਂ ਪੜ੍ਹੀ। ਇਹ ਤਾਂ ਉਸ ਵਡੇਰੀ ਲਿਖਤ ਦੀ ਭੂਮਿਕਾ ਲੱਗਦੀ ਹੈ, ਜਿਸ ਦੀ ਉਨ੍ਹਾਂ ਲੇਖਕਾਂ ਨੂੰ ਵੀ ਲੋੜ ਹੈ ਜਿਹੜੇ ਫਾਰਸੀ ਦੇ ਸੁਭਾਅ ਨੂੰ ਪੜ੍ਹੇ ਬਿਨਾਂ ਉਸ ਦੇ ਸ਼ਬਦ ਵਰਤ ਦਿੰਦੇ ਹਨ। ਕਿੰਨਾ ਚੰਗਾ ਹੋਏ ਜੇ ਪ੍ਰੋਫੈਸਰ ਭੋਗਲ ਇਕ ਵਧੀਆ ਲੇਖ ਰਾਹੀਂ ਸਾਨੂੰ ਉਨ੍ਹਾਂ ਗਲਤੀਆਂ ਬਾਰੇ ਸਮਝਾਉਣ ਜਿਹੜੀਆਂ ਅਸੀਂ ਜਾਣੇ-ਅਣਜਾਣੇ ਕਰ ਬੈਠਦੇ ਹਾਂ।

—ਪ੍ਰੋ. ਤਾਰਾ ਸਿੰਘ ਅਨਜਾਣ, ਦਿੱਲੀ

ਸਾਧੂਵਾਦ ਵਰਿਆਮ

੨੦ਵੀਂ ਸਦੀ ਦਾ ੮ਵਾਂ ਦਹਾਕਾ, ਜਦੋਂ ਤਥਾਕਥਤ ਨਾਮੀ ਗਿਰਾਮੀ ਪਰਚਿਆਂ ਦੀ ਆਕਸਮਿਕ ਮੌਤ ਦਾ ਮਾਤਮ ਮਨਾਇਆ ਜਾ ਰਿਹਾ ਸੀ, ਉਦੋਂ ਵੱਡੇ-ਵੱਡੇ ਸਮਾਚਾਰ ਸਮੂਹਾਂ ਅਤੇ ਪੂੰਜੀਪਤੀ ਪ੍ਰਕਾਸ਼ਕਾਂ ਦੇ ਵਿਚ, ਜਿਵੇਂ ਸਪਤਰਥੀ ਬਾਹੂਬਲੀਆਂ ਦੇ ਵਿਚ, ਬਾਲਕ ਅਭਿਮਨਯੂ ਵਾਂਗ, "ਵਰਿਆਮ" ਨੇ ਪ੍ਰਕਾਸ਼ਨ ਦਾ ਧਨੁਖ ਚੁੱਕ ਕੇ, ਪ੍ਰਕਾਸ਼ਨ ਦੀ ਸਹੁੰ ਚੁੱਕੀ।

ਜਦੋਂ ਸਵਾਰਥੀ ਅਤੇ ਸਿਆਸੀ ਗਠਜੋੜ ਨਾਲ, ਪੀਤ ਪੱਤਰਕਾਰਤਾ ਦੀ ਧੁੰਦ ਨਾਲ, ਵਾਯੂਮੰਡਲ ਧੁੰਦਲਾ ਜਿਹਾ ਹੋਇਆ ਸੀ, ਉਦੋਂ ਨਵੇਂ ਜੰਮੇ ਬਾਲ ਰੂਪ ਵਿਚ, ਪ੍ਰਕਾਸ਼ਨ ਦੇ ਆਕਾਸ਼ ਤੇ, ਸਾਫ ਸੁਥਰੀ ਅਤੇ ਸਵੱਛ ਛਵੀ ਵਾਲੇ, "ਵਰਿਆਮ" ਦਾ ਉਦੇ ਹੋਇਆ। ਇਸ ਮਾਰਗ ਦੇ ਕਈ ਮਹਾਰਥੀਆਂ ਨੇ ਕਿਆਸ ਲਾਇਆ, ਪੱਤਰਕਾਰਿਤਾ ਜਗਤ ਵਿਚ ਬਿਆਪਤ ਬੀਮਾਰੀਆਂ ਅਤੇ ਸੰਕ੍ਰਮਣ ਦੀ ਹਵਾ ਵਿਚ ਜੰਮਿਆਂ ਇਹ ਬੱਚਾ, ਸ਼ਾਇਦ ਬਹੁਤੇ ਸਵਾਸ ਨਹੀਂ ਹੰਢਾ ਪਾਏਗਾ। ਪਰ, ਸਤਿਗੁਰੂ ਜਗਜੀਤ ਸਿੰਘ ਜੀ ਦੇ ਵਰਦ ਹਸਤ, ਆਪਣੇ ਮਿਠਬੋਲੜੇ ਸੁਭਾਅ ਅਤੇ ਪਾਠਕਾਂ ਦੇ ਪਿਆਰ-ਸਤਿਕਾਰ ਸਦਕਾ, "ਵਰਿਆਮ" ਨੇ ੩੭ ਸਾਲ ਦੀ ਮੀਲ ਪੱਥਰ ਨੂੰ ਛੂਹ ਕੇ, ਪੂਰੇ ਹੌਸਲੇ ਅਤੇ ਉਤਸ਼ਾਹ ਨਾਲ, ਅਗਲੀ ਰੇਸ ਦਾ ਦਾਹਵਾ ਪੇਸ਼ ਕੀਤਾ ਹੈ। ਸਤਿਗੁਰੂ ਰਾਖਾ, "ਵਰਿਆਮ"! ਅੱਗੇ ਵੱਧੋ, ਅਸੀਂ ਤੁਹਾਡੇ ਨਾਲ ਹਾਂ।

—ਗੁਰਬਚਨ ਸਿੰਘ ਨਾਮਧਾਰੀ
ਚੰਡੀਗੜ੍ਹ, ੯੩੧੬੦-੫੧੦੧੫

ਅਕਤੂਬਰ ੨੦੧੨ ਦਾ 'ਵਰਿਆਮ' ਮਿਲ ਗਿਆ ਹੈ। ਨਿਰੰਤਰ ਪਰਚਾ ਭੇਜਣ ਲਈ ਧੰਨਵਾਦ! 'ਵਰਿਆਮ' ਦੇ ਅਠੱਤੀਵੇਂ ਵਰ੍ਹੇ ਵਿਚ ਦਾਖਲ ਹੋਣ ਤੇ ਬਹੁਤ ਬਹੁਤ ਵਧਾਈ। ਇਹ ਠੀਕ ਹੈ ਪਰਚੇ ਦੀ ਲਗਾਤਾਰਤਾ ਬਣਾਈ ਰੱਖਣ ਵਿਚ ਤੁਹਾਡੇ ਸਹਿਯੋਗੀਆਂ, ਪਿਆਰਿਆਂ, ਸੁਹਿਰਦ ਪਾਠਕਾਂ ਦਾ ਵੱਡਾ ਹੱਥ ਹੈ ਪਰ ਇਹ ਤੁਹਾਡੀ ਆਪਣੀ ਸਿਰੜ ਅਤੇ ਮਿਹਨਤ ਤੋਂ ਬਿਨਾਂ ਅਸੰਭਵ ਸੀ। ਨਾਮਧਾਰੀ ਮਿਸ਼ਨ ਦੇ ਪ੍ਰਸਾਰ ਅਤੇ ਵਿਕਾਸ ਦੇ ਨਾਲ ਨਾਲ ਇਸਨੂੰ ਮਿਆਰੀ ਸਾਹਿਤਕ ਰਚਨਾਵਾਂ ਨਾਲ ਭਰਪੂਰ ਕਰਨਾ ਵਰਿਆਮ ਦੀ ਇਕ ਵਿਲੱਖਣ ਪਹਿਚਾਣ ਹੈ।

ਅਮਰਜੀਤ ਸਿੰਘ ਸੰਧੂ, ਕੁਲਵੰਤ ਔਜਲਾ ਦੀਆਂ ਗ਼ਜ਼ਲਾਂ, ਨਵਰਾਹੀ ਘੁਗਿਆਣਵੀ ਦੀਆਂ ਰੁਬਾਈਆਂ ਇਸ ਅੰਕ ਦੀ ਪ੍ਰਾਪਤੀ ਹਨ। ਸਾਹਿਤਕ ਸਰਗਰਮੀਆਂ ਅਤੇ ਪੁਸਤਕ ਰੀਵਿਊ ਜਾਰੀ ਰਹਿਣੇ ਚਾਹੀਦੇ ਹਨ। ਇਸ ਨਾਲ ਸਾਹਿਤਕ ਲਹਿਰ ਨੂੰ ਹੁਲਾਰਾ ਮਿਲਦਾ ਹੈ। ਸੁਵਰਨ ਸਿੰਘ ਵਿਰਕ ਦਾ ਖੋਜ ਭਰਪੂਰ ਨਿਬੰਧ 'ਬਾਬਾ ਫਤੇਹ ਸਿੰਘ ਵਲਟੋਹਾ' ਕੂਕਾ ਲਹਿਰ ਦੇ ਨਾਇਕ ਦਾ ਸਹੀ ਚਿੱਤਰ ਪੇਸ਼ ਕਰਦਾ ਹੈ ਧੰਨਵਾਦ।

—ਤੇਜਵੰਤ ਮਾਨ (ਡਾ.), ਸੰਗਰੂਰ

ਵਰਿਆਮ ਠੀਕ ਵਕਤ ਸਿਰ ਪੁੱਜ ਰਿਹਾ ਹੈ ਇਸਦੀ ਚਾਲ ਤੇ ਅਸਟ੍ਰੇਲੀਆ ਦੇ ਮੌਸਮ ਦਾ ਕੋਈ ਅਸਰ ਨਹੀਂ ਹੋ ਰਿਹਾ ਤੇ ਨਾ ਹੀ ਤੁਹਾਡੀ ਕਮਜ਼ੋਰ ਸਿਹਤ ਇਸਦੀ ਕੋਈ ਪਰਵਾਹ ਹੀ ਕਰਦੀ ਹੈ, ਸਤਿਗੁਰੂ ਆਪ ਨੂੰ ਚੜ੍ਹਦੀਆਂ ਕਲਾ ਪ੍ਰਦਾਨ ਕਰੇ ਤੇ ਬਲਦੇਵ ਨੂੰ ਉਸ ਦੀ ਹੱਥ ਵਟਾਉ ਡਿਊਟੀ ਲਈ ਸਦਾ ਫਿਕਰਮੰਦ ਰਖੇ।

ਸਰਦੀਆਂ ਇਧਰ ਲੰਘਣ ਤੇ ਹੁਣ ਮੌਸਮ ਸਥਿਰ ਹੁੰਦਾ ਨਜ਼ਰ ਆ ਰਿਹਾ ਹੈ। ਪਿਛਲਾ ਵਿੰਟਰ ਦਾ ਆਖਰੀ ਮਹੀਨਾ ਸੀ ਜਿਸ ਦੇ ਲੰਘਦਿਆਂ ਲੰਘਦਿਆਂ ਵੀ ਬਰਫ਼ ਵਿਚ ਲਾਈ ਰੱਖਿਆ ਹੈ।

ਇਸਦੇ ਅਸਰ ਥੱਲੇ ਕਈ ਸਾਈਕਲਿੰਗ ਰੇਸਾਂ ਵੀ ਮਿਸ ਕਰਨੀਆਂ ਪਈਆਂ ਹਨ। ਸ਼ਮਸ਼ੀਰ ਵਲ ਧਿਆਨ ਤੇ ਰਹਿੰਦਾ ਹੈ ਪਰ ਫਿਰ ਵੀ ਅਜੇ ਆਪਣੀ ਚਾਲੇ ਨਹੀਂ ਪਿਆ। ਵਿਰਕ ਜੀ ਤੇ ਸਾਡੇ ਆਪਣੇ ਹਨ। ਉਨ੍ਹਾਂ ਦੀ ਅਸਥਾਨ ਤੇ ਆਪਣੀ ਹੈ ਪ੍ਰੰਤੂ ਡਾ. ਬੀਬੀ ਜੀ ਸਮੇਂ ਦੀ ਨਾੜ ਨੂੰ ਘੁੱਟ ਕੇ ਫੜਿਆ ਹੋਇਆ ਹੈ ਤੇ ਉਨ੍ਹਾਂ ਦੀ ਕਲਮ ਦੀ ਚੋਟ ਆਪਣੀ ਹੀ ਤੇ ਨਿਆਰੀ ਹੈ।

ਵਰਿਆਮ ਤੇ ਠੀਕ ਠਾਕ ਚਲ ਹੀ ਰਿਹਾ ਹੈ ਤੁਸੀਂ ਇਸ ਵਰਿਆਮ ਦਾ ਬੜੀ ਚੰਗੀ ਤਰ੍ਹਾਂ ਧਿਆਨ ਰੱਖਣਾ। ਮੈਨੂੰ ਨਹੀਂ ਪਤਾ ਮੈਂ ਕਿੱਥੇ ਲਈ ਪ੍ਰੇਰਤ ਕਰਾਂ ਪਰ ਤੁਹਾਡਾ ਹਰ ਰੋਜ਼ ਵਾਕਿੰਗ ਲਈ ਵਕਤ ਕੱਢਣਾ ਬੜਾ ਜ਼ਰੂਰੀ ਹੈ। ਜਾਨ ਨਾਲ ਹੀ ਜਹਾਨ ਹੈ ਇਸ ਦੀ ਲਪੇਟ ਵਿਚ ਸਭ ਕੁਝ ਆ ਜਾਂਦਾ ਹੈ। ਜੇ ਕਿਧਰੇ ਲਾਗੇ ਪਾਰਕ ਹੋਵੇ ਭਾਵੇਂ ਕਿਸੇ ਦੀ ਮਦਦ ਨਾਲ ਹੀ ਪਰ ਅੱਧਾ ਘੰਟੇ ਦੀ ਸੈਰ ਤਨ ਤੇ ਮਨ ਦੋਵਾਂ ਲਈ ਬੜੀ ਲਾਭਦਾਇਕ ਸਿੱਧ ਹੋ ਸਕਦੀ ਹੈ। ਇਹ ਮੋਟਰਾਂ ਕਾਰਾਂ ਦਾ ਯੁੱਗ ਸਾਨੂੰ ਨਕਾਰੇ ਕਰੀ ਜਾ ਰਿਹਾ ਹੈ।

ਮਾਸਟਰ ਜੀ ਆਪਣੀ ਕਮਾਈ ਲਈ ਵਧਾਈ ਦੇ ਪਾਤਰ ਹਨ ਸਤਿਗੁਰੂ ਉਨ੍ਹਾਂ ਨੂੰ ਚੜ੍ਹਦੀਆਂ ਕਲਾਂ ਪ੍ਰਦਾਨ ਕਰੇ।

ਕੋਰਟ ਕੇਸ ਦੀਆਂ ਅਜ਼ੀਜ਼ਾਂ ਗੁਰਲਾਲ ਤੇ ਕਿਰਪਾਲ ਨੇ ਸੰਭਾਲ ਲਿਆ ਹੈ ਮੇਰੀ ਤੰਦਰੁਸਤੀ ਲਈ ਟਰੇਨਿੰਗ ਲਈ ਛੁੱਟੀ ਮਿਲ ਗਈ ਹੈ। ਸਿਹਤ ਵਲੋਂ ਦੋਵੇਂ ਠੀਕ ਹਾਂ 'ਮੰਮੀ' ਲਈ ਗੁਰਲਾਲ ਨੇ ਅੱਜ ਹੀ ਨਵੀਂ ਟਰੇਡਮਿਲ ਲੈ ਆਂਦੀ ਹੈ ਤਾਂਕਿ ਉਸਦੀ ਵਾਕ ਵਿਚ ਵਿਗਾੜ ਨਾ ਪੈ ਸੱਕੇ।

ਅਗਲੇ ਸਾਲ ਦੇ ਮਿਲਣ ਤੱਕ ਤੁਹਾਡਾ,

—ਦਲਬੀਰ ਸਿੰਘ ਤਰਸ
ਸਿਡਨੀ (ਅਸਟ੍ਰੇਲੀਆ)

ਵਰਿਆਮ ਨੂੰ ਪਿਛਲੇ ਦਿਨੀਂ ਮਾਇਕ ਸਹਿਯੋਗ ਦੇਣ ਵਾਲੇ ਪ੍ਰੀਤਵਾਨ ਸਜਨਾਂ ਦੀ ਸੂਚੀ

- ਨੰਬਰਦਾਰ ਸੁਖਵੰਤ ਸਿੰਘ ਕੰਗ ਨਿਹਾਲਗੜ੍ਹ (ਕਪੂਰਥਲਾ) ੫੦੦-੦੦
- ਸ. ਬਲਦੇਵ ਸਿੰਘ ਬਾਜਵਾ ਮੁਹਬਲੀਪੁਰ (ਕਪੂਰਥਲਾ) ੫੦੦-੦੦
- ਪ੍ਰਿੰਸੀਪਲ ਕਰਤਾਰ ਸਿੰਘ ਕਾਲੜਾ ੨੨੪ ਪਾਂਡੂਸਰ ਨਾਭਾ-੧੪੭੨੦੧ ਸੁਪਤਨੀ ਸਰਦਾਰਨੀ ਸਤਵੰਤ ਕੌਰ ਕਾਲੜਾ ਦੀ ਪੰਜਵੀਂ ਬਰਸੀ ਤੇ ਯਾਦ ਕਰਦਿਆਂ ੫੦੦-੦੦
- ਬੀਬੀ ਗੁਰਬਚਨ ਕੌਰ ਸੁਪਤਨੀ ਸਵ. ਪ੍ਰੀਤਮ ਸਿੰਘ ਕਵੀ ਅਤੇ ਪਰਿਵਾਰ ਵਲੋਂ ਕਵੀ ਜੀ ਦੀ ਯਾਦ ਵਿਚ ੫੦੦-੦੦
- ਸੰਤ ਬਚਨ ਸਿੰਘ ਖਜ਼ਾਨਚੀ, ਪ੍ਰੀਤਨਗਰ ਸੋਢਲ ਰੋਡ ਜਲੰਧਰ ਘਰ ਸਮਾਗਮ ਸਮੇਂ ੨੦੦-੦੦
- ਸ. ਸਾਧੂ ਸਿੰਘ ਕਿਸਾਨ ਨਵੰਬਰ-ਦਸੰਬਰ ੨੦੧੨ ਲਈ ੧੦੦੦-੦੦
- ਸੰਤ ਕੁੰਦਨ ਸਿੰਘ ਜੰਮੂ ੧੦੦੦-੦੦
- ਸ. ਹਰਮਿੰਦਰ ਸਿੰਘ ਭੋਗਲ ਲਾਡੋਵਾਲੀ ਜਲੰਧਰ ੧੧੦੦-੦੦
- ਸ. ਜੋਗਾ ਸਿੰਘ ਪਿੰਡ ਜੌਹਲ ਜਲੰਧਰ ੫੦੦-੦੦
- ਸ. ਬੇਅੰਤ ਸਿੰਘ ਸੋਖਲ ਥਾਈਲੈਂਡ ੫੦੦-੦੦
- ਸ. ਮਨਮੋਹਨ ਸਿੰਘ ਨਾਮਧਾਰੀ ਏਜੰਸੀਜ਼ ਦਿੱਲੀ ੧੦੦੦-੦੦
- ਸ. ਕਰਮ ਸਿੰਘ ਜੀ ਜੰਮੂ ਦੀ ਸੰਗਤ ਵਲੋਂ ੫੦੦-੦੦
- ਸ. ਗੁਰਦੀਪ ਸਿੰਘ ਕਾਨੂੰਗੋ ੫੦੦-੦੦
- ਸ. ਸੁਖਦੇਵ ਸਿੰਘ ਮੁੰਬਈ ਲਾਈਫ਼ ਮੈਂਬਰ ੨੫੦-੦੦
- ਸ. ਹਰਭਜਨ ਸਿੰਘ ਰਾਜਾ ਕਵੀ ਵਲੋਂ ਪੋਤਰੀ ਦੇ ਜਨਮ ਦੀ ਖ਼ੁਸ਼ੀ ਵਿਚ ੧੦੦-੦੦
- ਸ. ਸੀਤਲ ਸਿੰਘ ਨਾਮਧਾਰੀ ਟੇਲਰ ਵਲੋਂ ਆਪਣੇ ਪਿਤਾ ਸ. ਅਜੈਬ ਸਿੰਘ ਦੇ ਚਲਾਣੇ ਤੇ ੫੦੦-੦੦
- ਪੂਰਨ ਸਿੰਘ ਨਿਰਾਲਾ ਕਵੀ ਵਲੋਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਜਨਮ-ਦਿਨ ਦੀ ਖ਼ੁਸ਼ੀ ਵਿਚ ਲੁਧਿਆਣਾ ੨੫੦-੦੦
- ਤੇਜਵੰਤ ਸਿੰਘ ਸੱਗੂ-ਰਜਵੰਤ ਕੌਰ ਨਵਾਂ ਮਕਾਨ ਬਨਾਉਣ ਦੀ ਖੁਸ਼ੀ ਵਿਚ ਦਿਲੀ ੧੦੦੦-੦੦
- ਜਤਦਿੰਰਪਾਲ ਸਿੰਘ ਭੂੰਗਾ ਰਜਨੀਸ਼ ਕੌਰ ਨਵਾਂ ਮਕਾਨ ਲੈਣ ਦੀ ਖ਼ੁਸ਼ੀ ਵਿਚ ੧੦੦੦-੦੦

ਇੰਗਲੈਂਡ

- ਅਜੀਤ ਸਿੰਘ ਸੱਗੂ-ਕਮਲਜੀਤ ਕੌਰ ਨਵਾਂ ਮਕਾਨ ਲੈਣ ਦੀ ਖ਼ੁਸ਼ੀ ਵਿਚ ੧੦੦੦-੦੦

ਇੰਗਲੈਂਡ ਤੋਂ ਵਰਿਆਮ ਨੂੰ ਸਹਿਯੋਗ

- ਮਾਤਾ ਕ੍ਰਿਪਾਲ ਕੌਰ ਭੱਟੀ ਨਮਿਤ ਪਾਠ ਦੇ ਭੋਗ ਸਮੇਂ ਪਰਿਵਾਰ ਵਲੋਂ ੨੫ ਪੌਂਡ
- ਸ. ਹਰਮਿੰਦਰ ਸਿੰਘ ਚਾਨਾ ਵਲੋਂ ਆਪਣੇ ਸਪੁੱਤਰ ਸੇਵਕ ਸਿੰਘ ਦੇ ਵੀਹਵੇਂ ਜਨਮ ਦਿਵਸ 'ਤੇ ੫ ਪੌਂਡ
- ਬੀਬੀ ਪ੍ਰਿਤਪਾਲ ਕੌਰ ਵਲੋਂ ਨਵੇਂ ਨਿਵਾਸ ਅਸਥਾਨ 'ਚ ਪ੍ਰਵੇਸ਼ ਸਮੇਂ ੫ ਪੌਂਡ
- ਸ. ਹਰਪਾਲ ਸਿੰਘ ਚਾਨਾ ਵਲੋਂ ਆਪਣੀ ਸਪੁੱਤਰੀ ਹਰਨਾਮ ਕੌਰ ਦੇ ਸੁਰਿੰਦਰ ਸਿੰਘ ਸਪੁੱਤਰ ਸ. ਤ੍ਰਿਲੋਚਨ ਸਿੰਘ ਬਿਥਰਾ ਨਾਲ ਅਨੰਦ ਕਾਰਜ ਸਮੇਂ ੨੫ ਪੌਂਡ
- ਸ. ਗੁਰਮੁਖ ਸਿੰਘ ਨਿਓਤੇ (ਆਇਰਲੈਂਡ) ਵਲੋਂ ਆਪਣੇ ਗ੍ਰਹਿ ਵਿਖੇ ਨਿਤਨੇਮ, ਵਰਨੀ ਚੰਡੀ ਦੀ ਵਾਰ ਸਮੇਂ ੧੦ ਯੂਰੋ
- ਨਰਿੰਦਰ ਕੌਰ ੧੧ ਪੌਂਡ
- ਸ. ਹਰਚਰਨ ਸਿੰਘ ਰੰਧਾਵਾ ੧੦ ਪੌਂਡ
- ਕੁਲਦੀਪ ਸਿੰਘ ਚਾਨਾ ੧੦ ਪੌਂਡ
- ਅਨਜਾਣ ਸੱਗੂ ੧੦ ਪੌਂਡ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ
ਪ੍ਰਕਾਸ਼ ਦਿਵਸ ਅਤੇ ਵਰਿਆਮ ਦੇ ੩੯ਵੇਂ ਸਾਲ ਵਿਚ
ਪ੍ਰਵੇਸ਼ ਅਵਸਰ ਦੀਆਂ ਲੱਖ-ਲੱਖ ਵਧਾਈਆਂ



ਮਾਸਟਰ ਅਮਰੀਕ ਸਿੰਘ ਦਾ ਸਨਮਾਨ

ਮਾਸਟਰ ਅਮਰੀਕ ਸਿੰਘ
ਸਾਧੂ ਸਿੰਘ ਕਿਸਾਨ



ਸ. ਸਾਧੂ ਸਿੰਘ ਕਿਸਾਨ

ਪ੍ਰਕਾਸ਼ ਪੁਰਬ ਦੀਆਂ ਹਾਰਦਿਕ ਵਧਾਈਆਂ



ਸਤਿਗੁਰੂ ਜੀ ਮਠਾੜੂ ਪਰਿਵਾਰ ਤੇ ਬਖਸ਼ਸ਼ਾਂ ਕਰਦੇ ਹੋਏ

Partap Engineers

AS ISO 9001 COMPANY

Bhagwan Chowk, Ludhiana - 144 003 (India)

Tel : 91-161-2533276, 2540209, Fax : 91-161-2533273

email : gspartap@glide.net.in

website : www.partapexports.com

ਸਤਿਗੁਰੂ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਸਮੂਹ ਗੁਰਸਿੱਖਾਂ ਨੂੰ ਲੱਖ-ਲੱਖ ਵਧਾਈ !



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਇਸ ਵਾਰ ਸ੍ਰੀ ਅਮ੍ਰਿਤਸਰ ਦੇ ਮਸ਼ਹੂਰ ਸ਼ਹੀਦੀ ਕਾਂਡ ਦੀ ਯਾਦ ਵਿਚ ਸਥਾਪਤ ਸ਼ਹੀਦ ਲਹਿਣਾ ਸਿੰਘ ਐਵਾਰਡ ਪ੍ਰਸਿੱਧ ਚਿੱਤਰਕਾਰ ਸ. ਮਹਿੰਦਰ ਸਿੰਘ ਦਿੱਲੀ ਨੂੰ ਜੱਪ ਪ੍ਰਯੋਗ ਮੇਲੇ ਸ੍ਰੀ ਭੈਣੀ ਸਾਹਿਬ ਵਿਖੇ ਦਿੰਦੇ ਹੋਏ ਸ਼ਹੀਦ ਲਹਿਣਾ ਸਿੰਘ ਦੇ ਵੰਸ਼ਜ ਸ. ਜੁਗਿੰਦਰ ਸਿੰਘ, ਸ. ਸੁਲੱਖਣ ਸਿੰਘ, ਸ. ਜਸਬੀਰ ਸਿੰਘ ਸਪੁੱਤਰ ਸ. ਦਲੀਪ ਸਿੰਘ ਪੰਨਵ, ਸ. ਹਰਵਿੰਦਰ ਸਿੰਘ ਹੰਸਪਾਲ, (ਠਾਕੁਰ) ਉਦੈ ਸਿੰਘ ਜੀ, ਬਲਦੇਵ ਸਿੰਘ ਕਾਕੂ ਆਦਿ।



ਠੇਕੇਦਾਰ ਸੁਲੱਖਣ ਸਿੰਘ



ਜਥੇਦਾਰ ਕੂਕਾ ਸਿੰਘ

ਜਨਤਾ ਕਲੋਨੀ ਨਵੀਂ ਦਿੱਲੀ 110027

"ਗਹਿਰ ਗੰਭੀਰਾ ਗੁਣੀ ਗਹੀਰਾ ਕੋਇ ਨ ਜਾਣੈ ਤੇਰਾ ਕੇਤਾ ਕੇਵਡ ਚੀਰਾ"

ਪਰਮ ਪੂਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਤੇ ਸਾਰੇ ਸੰਸਾਰ ਨੂੰ

ਲੱਖ-ਲੱਖ ਵਧਾਈ



ਸ੍ਰੀ ਸਤਿਗੁਰੂ ਜੀ ਸ. ਗੁਰਮੁਖ ਸ਼ਾਹ ਦੇ ਗ੍ਰਹਿ ਵਿਖੇ

ਨੀਲ ਕੰਠ ਰਾਈਸ ਮਿਲ

ਮਾਨਸਾ (94170-88845)

ਕੂਕਾ ਰਾਈਸ ਮਿਲ

ਮਾਨਸਾ (94175-58650)

ਆਰ .ਜੀ . ਇੰਡਸਟ੍ਰੀਜ਼

ਢਫੜੇ ਭਾਈਕੇ (ਮਾਨਸਾ) (94170-88845)



ਦਾਸ ਗੁਰਮੁਖ ਸਿੰਘ ਸ਼ਾਹ

ਮਾਨਸਾ (98761-83188)



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਵਤਾਰ ਪੁਰਬ ਤੇ ਸੰਗਤਾਂ ਨੂੰ

ਵਧਾਈ !

KINDER GARTEN High School

Affiliated to : Punjab School Education Board, Mohali (No. 8574)



ਦਲਜੀਤ ਸਿੰਘ ਸ਼ਾਹੀ (ਐਡਵੋਕੇਟ)
ਐਮ.ਏ. ਐਲ.ਐਲ.ਬੀ.
ਪ੍ਰਧਾਨ (ਬਾਰ ਐਸੋਸੀਏਸ਼ਨ ਸਮਰਾ

ਸਰਬਜੀਤ ਕੌਰ
ਐਮ. ਏ. ਬੀ. ਐਡ
ਪ੍ਰਿੰਸੀਪਲ

Khanna Road, Samrala 141114 (LDH.)
Contact : 01628-263401



ਪ੍ਰਕਾਸ਼ ਪੁਰਬ ਦੀਆਂ ਹਾਰਦਿਕ ਵਧਾਈਆਂ

Raj Auto Industries (India)



115



ਰਾਜ ਕੁਮਾਰ

ਰਵਿੰਦਰਪਾਲ ਸਿੰਘ

Manufacturers of Hub, Rim Plate, Tube Gulla & Jack.

50, Gulabi Bagh, Delhi-110007

Tel. 23695547 (Fact.), 27252898 (Res.) Fax : 7148027

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਜੀ ਦੇ ਪ੍ਰਕਾਸ਼ ਪੁਰਬ ਦੀਆਂ ਹਾਰਦਿਕ ਵਧਾਈਆਂ

PARTAP BODY BUILDERS





ਸੰਤ ਮਾਘਾ ਸਿੰਘ

Mfg & Repairing of :
All Kinds of Truck Bodies & Container

Garrage No.51, Gulabi Bagh Truck Market, New. Delhi-7

M : 09810998240



SANT BODY BUILDERS

Mfg & Repairing of :
All Kinds of Truck Bodies & Container



Plot No. - 115,116, Shiva Compound U.P. Border, Ghaziabad

Mob.: 98106-47460, 97188-80010

HARI PARTAP BODY BUILDERS

C.W-80 Sanjay Gandhi Transport Nagar, New-Delhi-42

Mobile : 93122-65 093122-65441

H.K. AUTO ENG. WORKS

Garage No. 46-47 Gulabi Bagh-4

Mobile : 99713-04993

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸੰਤ ਮਹਿੰਦਰ ਸਿੰਘ ਵਾਘਾ



ਸੇਵਾਦਾਰ ਸੰਤ ਮਹਿੰਦਰ ਸਿੰਘ, ਪਿੰਡ ਵਾਘਾ, ਜ਼ਿਲ੍ਹਾ ਸਿਆਲਕੋਟ ਤਹਿਸੀਲ ਪਸਰੂਰ (ਪਾਕਿਸਤਾਨ) ਪਿਤਾ ਭਾਈ ਭਗਤ ਸਿੰਘ ਅਤੇ ਮਾਤਾ ਬਾਲ ਕੌਰ ਦੇ ਸਪੁੱਤਰ ਹਨ। ਮਹਿੰਦਰ ਸਿੰਘ ਦਾ ਜਨਮ ੧੯੪੯ ਈ. ਨੂੰ ਪਿੰਡ ਆਮਪੁਰ ਜ਼ਿਲ੍ਹਾ ਕਪੂਰਥਲਾ ਵਿਚ ਹੋਇਆ ਸੀ। ਪਿਤਾ ਭਾਈ ਭਗਤ ਸਿੰਘ ਅਤੇ ਦਾਦਾ ਸੰਤ ਕਿਰਪਾ ਸਿੰਘ ਬੜੇ ਭਜਨੀਕ ਸਾਧੂ ਸਨ। ਵੱਡਾ ਭਰਾ ਸੰਤ ਬਲਵੰਤ ਸਿੰਘ ਵਾਘਾ ਸੋਧ ਮਰਿਯਾਦ ਦੇ ਧਾਰਨੀ ਗੁਰਸਿੱਖ ਸਨ।

ਦਿੱਲੀ ਆਉਣ ਤੇ ਝੰਡੇ ਵਾਲਾ ਇਲਾਕੇ ਵਿਚੋਂ ਉਠਾ ਕੇ ਸਰਕਾਰ ਨੇ ਇਹਨਾਂ ਨੂੰ ਰਘਬੀਰ ਨਗਰ ਦਿੱਲੀ ਵਿਚ ਵਸਾਇਆ। ਇਹ ਪਰਿਵਾਰ ਸਾਧ ਸੰਗਤ ਦੀ ਸੇਵਾ ਕਰਨ ਦਾ ਚਾਅ ਰੱਖਦਾ ਹੈ। ਸੰਤ ਮਹਿੰਦਰ ਸਿੰਘ ਬਿਹੰਗਮ ਸਾਧੂ ਹਨ। ੨੦ ਸਾਲ ਤੋਂ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ ਪ੍ਰਧਾਨ ਸੰਤ ਸਾਧਾ ਸਿੰਘ ਪਾਸ ਸੇਵਾ ਵਿਚ ਜੁੜੇ ਹੋਏ ਹਨ। ਕੋਈ ਸੇਵਾ ਹੋਵੇ, ਦਿੱਲੀ ਹੋਵੇ ਜਾਂ ਸ੍ਰੀ ਭੈਣੀ ਸਾਹਿਬ ਹੋਵੇ, ਲੰਗਰ ਦੀ ਹੋਵੇ ਜਾਂ ਬਾਹਰੋਂ ਸਮਾਨ ਲਿਆਉਣ ਦੀ ਸੇਵਾ, ਹਮੇਸ਼ਾ ਤੱਤਪਰ ਰਹਿੰਦੇ ਹਨ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਹਰ ਮੇਲੇ ਤੇ ਕਰਦੇ ਆ ਰਹੇ ਹਨ।

ਸੰਤ ਮਹਿੰਦਰ ਸਿੰਘ ਜੀ ਨੂੰ ਸੇਵਾ ਸਨਮਾਨ, ਗੁਰਦਵਾਰੇ ਵਲੋਂ ਕਈ ਵਾਰ ਦਿੱਤਾ ਗਿਆ ਹੈ।

—ਸਤਿਨਾਮ ਸਿੰਘ ਦਿੱਲੀ



ਉਸਤਾਦ ਵਿਲਾਈਤ ਖਾਂ ਸ੍ਰੀ ਸਤਿਗੁਰੂ ਜੀ ਉਸਤਾਦ. ਹਰਭਜਨ ਸਿੰਘ

ਯਾਦਗਾਰੀ ਪਲ


ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ੯੩ਵੇਂ ਪ੍ਰਕਾਸ਼ ਦਿਵਸ ਦੀਆਂ ਲੱਖ-ਲੱਖ ਵਧਾਈਆਂ

ਉਸਤਾਦ ਹਰਭਜਨ ਸਿੰਘ

ਦਿੱਲੀ, ਯੂ.ਕੇ


ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ੯੩ਵੇਂ ਪ੍ਰਕਾਸ਼ ਦਿਵਸ ਦੀਆਂ

ਲੱਖ-ਲੱਖ ਵਧਾਈਆਂ



ਉਸਤਾਦ ਜ਼ਾਕਰ ਹੁਸੈਨ ਉਸਤਾਦ ਗੁਰਦੇਵ ਸਿੰਘ ਨਾਮਧਾਰੀ

ਉਸਤਾਦ ਗੁਰਦੇਵ ਸਿੰਘ ਨਾਮਧਾਰੀ ਸਰੋਦ ਵਾਦਕ ਇੰਗਲੈਂਡ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਪ੍ਰਕਾਸ਼ ਦਿਵਸ ਦੀਆਂ

ਹਾਰਦਿਕ ਵਧਾਈਆਂ



ਸੰਤ ਬੀਰ ਸਿੰਘ ਭਮਰਾ

1930-1990



ਮਾਤਾ ਅਜੀਤ ਕੌਰ ਭਮਰਾ

1935-2012

ਭਮਰਾ ਪਰਵਾਰ, ਯੂ.ਕੇ.

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਦਿਵਸ ਦੀਆਂ ਵਧਾਈਆਂ





ਵੱਲੋਂ

ਜਸਵੰਤ ਸਿੰਘ - ਬਲਕਾਰ ਕੌਰ

ਧਨਵੰਤ ਸਿੰਘ

ਨਾਮਧਾਰੀ ਕਲੱਚ (ਇੰਡੀਆ), ਦਿੱਲੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਸੱਚੇ ਪਾਤਸ਼ਾਹ ਜੀ
ਦੇ ਪ੍ਰਕਾਸ਼ ਦਿਵਸ ਦੀਆਂ
ਹਾਰਦਿਕ ਵਧਾਈਆਂ





Spl. Invittee,
Suba Committee
Jr. Er. Association
Powercom (Pb.)
Ph. 94178-78521,
96461-16699

Vidyak Jatha, Dasuya
Er. Balwant Singh JE
Secy. Namdhari

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਸੱਚੇ ਪਾਤਸ਼ਾਹ ਜੀ
ਦੇ ਪ੍ਰਕਾਸ਼ ਦਿਵਸ ਦੀਆਂ
ਹਾਰਦਿਕ ਵਧਾਈਆਂ





ਸ. ਕੁਲਜਿੰਦਰ ਸਿੰਘ ਬਾਜਵਾ
(ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ)

ਪਿੰਡ ਤੇ ਡਾਕਖਾਨਾ ਬਸੀ ਪਠਾਣਾ,
(ਕਿਲਾ ਮੁਹੱਲਾ),
ਜ਼ਿਲ੍ਹਾ ਫਤਹਿਗੜ੍ਹ ਸਾਹਿਬਫੋਨ ਨੰ . ੯੮੧੫੭-੭੫੮੧੦

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਸੱਚੇ ਪਾਤਸ਼ਾਹ ਜੀ
ਦੇ ਪ੍ਰਕਾਸ਼ ਦਿਵਸ ਦੀਆਂ
ਹਾਰਦਿਕ ਵਧਾਈਆਂ





ਸੂਬਾ ਗੁਲਜ਼ਾਰ ਸਿੰਘ ਨਾਮਧਾਰੀ
ਅਤੇ ਪਰਿਵਾਰ

ਪਿੰਡ ਮਹਿਮੂਦਪੁਰ, ਡਾਕਖਾਨਾ ਹਰਦੋਖੁੰਦਪੁਰ,
ਤਹਿ. ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ,
੧੪੪੩੦੬, ਮੋ.੯੯੧੫੨-੦੨੧੨੧

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਸੱਚੇ ਪਾਤਸ਼ਾਹ ਜੀ
ਦੇ ਪ੍ਰਕਾਸ਼ ਦਿਵਸ ਦੀਆਂ
ਹਾਰਦਿਕ ਵਧਾਈਆਂ



ਸ. ਗੁਰਮੀਤ ਸਿੰਘ ਬਾਠ
ਹਵਾਲਦਾਰ ਪੰਜਾਬ ਪੁਲਿਸ ਅੰਮ੍ਰਿਤਸਰ
ਸਪੁੱਤਰ ਹਰਬੰਸ ਸਿੰਘ ਬਾਠ

ਪਿੰਡ ਡੱਲ (ਭਿਖੀਵਿੰਡ),
ਜ਼ਿਲ੍ਹਾ ਤਰਨਤਾਰਨ,
ਫੋਨ - ੯੮੧੪੦-੮੪੧੧੩

ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ਼ਰਧਾ ਸਤਿਕਾਰ ਭੇਟ ਕਰਦੇ ਹੋਏ ਪਿੰਡ ਸੰਤ ਨਗਰ (ਹਰਿਆਣਾ) ਦੇ ਨੰਬਰਦਾਰ ਹਰਪ੍ਰੀਤ ਸਿੰਘ, ਦਿੱਲੀ ਸਰਕਾਰ ਦੇ ਸੀਨੀਅਰ ਪ੍ਰਾਸੀਕਿਊਟਰ ਗੁਰਭੇਜ ਸਿੰਘ ਗੁਰਾਇਆ, ਬਾਬਾ ਪੂਰਨ ਸਿੰਘ ਵਿਰਕ, ਨੰਬਰਦਾਰ ਸਾਧੂ ਸਿੰਘ ਕਿਸਾਨ, ਸੇਵਕ ਕਰਤਾਰ ਸਿੰਘ, ਸ. ਬਲੀ ਸਿੰਘ ਗੁਰਾਇਆ, ਬੂਟਾ ਸਿੰਘ ਆਦਿ



ਸਰਦਾਰ ਸਿੰਘ ਨਾਮਧਾਰੀ ਦਾ ਸਨਮਾਨ



ਭਾਰਤੀ ਹਾਕੀ ਟੀਮ ਦੇ ਪ੍ਰਮੁੱਖ ਖਿਡਾਰੀ ਅਤੇ ਉਪ-ਕਪਤਾਨ ਸਰਦਾਰ ਸਿੰਘ ਨਾਮਧਾਰੀ ਰਾਸ਼ਟਰਪਤੀ ਸ੍ਰੀ ਪ੍ਰਣਬ ਮੁਖਰਜੀ ਪਾਸੋਂ ਅਰਜੁਨ ਐਵਾਰਡ ਪ੍ਰਾਪਤ ਕਰਦੇ ਹੋਏ।



ਸ. ਸਰਦਾਰ ਸਿੰਘ ਅਰਜੁਨ ਅਵਾਰਡੀ ਅਤੇ ਭਾਰਤੀ ਹਾਕੀ ਟੀਮ ਦੇ ਵਾਈਸ ਕਪਤਾਨ ਨਾਲ ਲੰਡਨ ਉਲਪਿੰਕਸ ਸਮੇਂ ਖੜੇ ਦਿਸ ਰਹੇ ਹਨ ਅਜੀਤ ਸਿੰਘ ਸੱਗੂ ਅਨਜਾਣ ਅਤੇ ਤੇਜਪਾਲ ਸਿੰਘ ਉਭੀ, ਉਲੰਪਿਕ ਫੈਮਿਲੀ ਅਸਿਟੈਂਟ ਵਾਲੰਟੀਅਰਜ਼ ਲੰਡਨ ਉਲੰਪਿਕਸ 2012 ਵਿਚ ਸੱਤਰ ਹਜ਼ਾਰ ਵਾਲੰਟੀਅਰਜ਼ ਵਿਚੋਂ ਕੁਝ ਕੁ ਪਗੜੀ ਧਾਰੀ ਸਿੰਘ ਵਿਚੋਂ ਉਪ੍ਰੋਕਤ ਦੋਵੇਂ ਸਜਨ ਪ੍ਰਮੁਖ ਸਨ।



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਗਏ ਯਾਦਗਾਰੀ ਸਿੱਕਿਆਂ ਦਾ ਸੈਟ ਕੂਕ ਲਹਿਰ ਦੀ ੧੫੦ਵੀਂ ਵਰ੍ਹੇਗੰਢ ਮੌਕੇ ਮਾਨਯੋਗ ਵਿਤ ਮੰਤਰੀ ਸ੍ਰੀ ਪੀ. ਚਿਤੰਬਰਮ ਨੇ ਸ੍ਰੀ ਮਾਤਾ ਚੰਦ ਕੌਰ ਜੀ ਨੂੰ ੫-੧੦-੨੦੧੨ ਨੂੰ ਨਵੀਂ ਦਿੱਲੀ ਵਿਖੇ ਵਿਸੇਸ਼ ਸਮਾਗਮ ਸਮੇਂ ਭੇਟ ਕੀਤੇ।



ਲੰਗਰ ਤਿਆਰ ਅਤੇ ਵਰਤਾਉਣ ਦੀ ਸੇਵਾ ਕਰਨ ਵਿੱਚ ਦਿੱਲੀ ਦੀ ਸੰਗਤ ਨੇ ਲਗਾਤਾਰ ਜੱਸ ਖੱਟਿਆ ਹੈ। ਤਸਵੀਰ ਵਿੱਚ ਨਾਮਧਾਰੀ ਸੰਗਤ ਦਿੱਲੀ ਦੇ ਪ੍ਰਧਾਨ ਸੰਤ ਸਾਧਾ ਸਿੰਘ ਜੀ ਆਪਣੇ ਸਹਿਯੋਗੀਆਂ ਨਾਲ।


ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਦਿਵਸ ਦੀਆਂ ਹਾਰਦਿਕ ਵਧਾਈਆਂ





ਸੰਤ ਹਰਦੇਵ ਸਿੰਘ ਆਪਣੇ ਪੁੱਤਰ ਡਾ. ਲਖਵੀਰ ਸਿੰਘ ਅਤੇ ਪਰਿਵਾਰ ਨਾਲ ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿੱਚ ਨਾਲ ਹਨ ਸ੍ਰੀ ਮਾਤਾ ਚੰਦ ਕੌਰ ਜੀ

ਡਾ. ਲਖਵੀਰ ਸਿੰਘ ਰਾਮਪੁਰਾ ਫੂਲ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਹਾਰਦਿਕ ਵਧਾਈਆਂ !
Namdhari Agencies
Authorised Distributers
Raddo Alloy Wheel, Roots Horn,
Micro Alloy Wheel, Duro Type, King Tyre
Balwant Singh
94641-95477
Balwinderjit Singh
95692-19049
SHOP NO. 167, NAMDHARI COMPLEX,
SEHDEV MARKET, JALANDHAR CITY
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ
ਪ੍ਰਕਾਸ਼ ਦਿਵਸ ਦੀਆਂ ਵਧਾਈਆਂ !
ਗੁਰਬਖਸ਼ ਸਿੰਘ ਮਰਾੜ੍ਹ
ਯੂ.ਕੇ.

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ੯੩ਵੇਂ ਪ੍ਰਕਾਸ਼ ਦਿਵਸ ਦੀਆਂ ਹਾਰਦਿਕ ਵਧਾਈਆਂ



ਯਾਦਗਾਰੀ ਪਲ :- ਬੀਬੀ ਜਸਪਾਲ ਕੌਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਸਨਮਾਨ ਪ੍ਰਾਪਤ ਕਰਦੇ ਹੋਏ।

Sardarni Jaspal Kaur Trust (Regd.)



(Rana) Tejwant Singh Saggu
Chairman



Gurbhej Singh Guraya
(General Secretary)

A-110, Janta Colony,
New Delhi-110027
E-mail : sardarnijaspalkaurtrust@gmail.com


Choose for your family the
best of both world's
Sunny Heights
Sunny Villas
One Bedroom
Super Area
734.36 Sqft
(Approx.)
Two Bedroom
Super Area
1237.52 Sqft
(Approx.)
Three Bedroom
Super Area
1550 Sqft
(Approx.)
FLAT AT SUNNY HEIGHTS & NRI RETREATS
Bajwa Developers Limited
For more details please contact
Corporate Office: SCO 17-18, Desu Majra, Sunny Enclave, Kharar, Sector 125, Mohali, 140 301 (Punjab)
Phone: 0160-5009525-26, 9914328235, 9914328327, 9914328827
Chandigarh Office: SCO 6 & 7, 2nd Floor, 8 C Phone: 0172-2713222, 9914328235
Email: js_bajwadevelopers@yahoo.com
PUNJAB GOVERNMENT APPROVED